ਰਾਣੀ ਖਾਂ ਦੇ ਜੀਜੇ

ਗੁਰਪ੍ਰੀਤ ਸਹਿਜ਼ੀ

ਊੜਾ ਪਬਲੀਕੇਸ਼ਨ
ਮੋਹਾਲੀ

ਰਾਣੀ ਖਾਂ ਦੇ ਜੀਜੇ

by

Gurpreet Sehji

Mob. 99142-54374

e-mail. sehjig@gmail.com

insta: insta.@gurpreet.sehji

ਪਹਿਲੀ ਵਾਰ : 2023

ਦੂਜੀ ਵਾਰ : 2024

ISBN:

ਮੁੱਲ: 250/-

Distributor

Insta: @Kitab_Expo_Canada

Mb. +1(647)-470-4630, 9877037245 (India)

Website: KitabExpoCanada.Com

Laser Type Setting:

Sandhya Singla

ਊੜਾ ਪਬਲੀਕੇਸ਼ਨ

ਮੋਹਾਲੀ (ਪੰਜਾਬ) - 140308

ਮੋਬ. 9814793108, +1(406) 861-1172

E-mail: publicationuda@gmail.com

Insta: @uda_publication

ਸਮਰਪਣ

ਉਸ ਆਸ਼ਕ ਨੂੰ
ਜੋ ਮਹਿਬੂਬ ਦੇ ਨਾ ਮਿਲਣ 'ਤੇ
ਆਤਮ-ਹੱਤਿਆ ਕਰਨ ਦੀ ਥਾਂ
ਕੌਮ ਦਾ ਕੋਈ ਦੁਸ਼ਮਣ ਮਾਰ ਕੇ
ਸ਼ਹਾਦਤ ਦੇਣ ਦੀ ਜੁਅਰਤ ਰੱਖਦਾ ਹੈ।
ਅਤੇ
ਅਮਿਰੋਜ਼ ਸਹਿਜੀ
ਮਨਦੀਪ ਬੈਨੀਪਾਲ
ਅਤੇ
ਅਰਜਨ ਢਿੱਲੋਂ ਦੇ ਗੀਤਾਂ
ਵਿੱਚ ਵਸਦੇ ਬੇਬੇ ਬਾਬਿਆਂ
ਦੇ ਨਾਂਉਂ

- ਗੁਰਪ੍ਰੀਤ ਸਹਿਜੀ

ਸਹਿਜੀ ਦੇ ਨਾਵਲ਼ :

1. ਸਰਕਲ
2. ਸੀਕਰੇਟ
3. ਕੁੱਤੇ-ਝਾਕ
4. ਬਲੌਂਗਾ
5. ਪਤੰਦਰ
6. ਗੜਸ
7. ਨਾਨਕ ਸ਼ਾਹੀ ਇੱਟ
8. ਪੰਜੀ ਦਾ ਭੌਣ
9. ਚੰਦ ਭਾਣ ਦਾ ਟੇਸ਼ਣ
10. ਗੁੱਜਰ
11. ਮਟਰਗਸ਼ਤੀ
12. ਬੁਰਜ-ਖਲੀਫ਼ਾ
13. ਰਾਣੀ ਖਾਂ ਦੇ ਜੀਜੇ
14. ਜੋ ਆਵੇ ਸੋ ਰਾਜ਼ੀ ਜਾਵੇ
15. ਜਿਗੋਲੋ
16. ਬੰਦਾ ਕਿ 9 ਤਰੀਕ

ਪ੍ਰਵੇਸ਼..!!

ਸਿਆਲ ਦੇ ਸ਼ੁਰੂਆਤੀ ਦਿਨਾਂ ਵਿੱਚ ਅਜੇ ਰੁੱਤ ਕਾਫ਼ੀ ਨਿੱਘੀ ਸੀ।

ਇੱਕ ਸ਼ਾਮ ਦੇ ਪੌਣੇ ਸੱਤ ਵਜੇ, ਬਾਬੇ ਮਿਲਖ਼ੀ ਦੇ ਘਰ ਕੰਬਲਾਂ ਦੀ ਬੁੱਕਲ ਮਾਰੀ, ਪੱਲੜ ਤੇ ਬੈਠੇ ਪਿੰਡ ਦੇ ਮੁੰਡੇ-ਕੁੜੀਆਂ ਟੀ.ਵੀ. ਵੇਖ ਰਹੇ ਸੀ। ਵਿਹੜੇ ਵਿੱਚ ਲੱਗਿਆ ਬਲਬ ਚਾਹੇ ਬੰਦ ਕਰਕੇ ਹਨੇਰਾ ਕੀਤਾ ਸੀ, ਪਰ ਟੀ.ਵੀ. ਦੇ ਤਿੱਖੇ ਚਾਨਣ ਵਿੱਚ ਵਿਹੜੇ ਵਿੱਚ ਪਏ, ਹੁਣੇ ਪੀਤੇ ਦੁੱਧ ਦੇ ਜੂਠੇ ਗਲਾਸ ਲਿਸ਼ਕੋਰ ਦਿੰਦੇ।

ਪਿੱਛੇ ਬੈਠਾ ਹੋਇਆ ਜੋਗੀ ਹੌਲ਼ੀ-ਹੌਲ਼ੀ ਖਿਸਕਦਾ ਹੋਇਆ ਅੱਗੇ ਆ ਕੇ ਰਾਣੀ ਕੋਲ਼ ਬਹਿ ਗਿਆ। ਦੋਵੇਂ ਜਵਾਨ ਸੀ, ਪਰ ਤਿਰਛੀ ਅੱਖ ਨਾਲ਼ ਧੌਣਾਂ ਸਿੱਧੀਆਂ ਕਰਕੇ ਵੇਖਣ ਲੱਗੇ, ਜਿਵੇਂ ਕੋਈ ਗੱਲ ਕਰਨ ਦੀ ਤਿਆਰੀ ਵਿੱਚ ਹੋਣ। ਜੋਗੀ ਨੇ ਲੱਤ ਲੰਮੀ ਕਰਕੇ ਰਾਣੀ ਦੇ ਪੱਟ ਤੇ ਪੈਰ ਨਾਲ਼ ਚੂੰਡੀ ਵੱਢੀ ਤਾਂ ਰਾਣੀ ਨੇ ਵੀ ਉਹਦੇ ਅੰਗੂਠੇ ਤੋਂ ਵਾਲ਼ ਖਿੱਚ ਦਿੱਤੇ।

ਜੋਗੀ ਨੇ ਪੀੜ ਨੂੰ ਦੰਦਾਂ ਵਿੱਚ ਘੁੱਟਦਿਆਂ, 'ਮਾਰਤੇ ਉਏ....'

'ਮੇਰੀ ਚੂੰਡੀ ਦੀ ਝਾਲ ਵੀ ਝੱਲਣ ਜੋਗਾ ਨਹੀਂ ਹੋਇਆ, ਆਵਦੀ ਮਾਂ ਨੂੰ ਕਹਿ ਕੋਈ ਦੋ ਮਣ ਘਿਉ ਚਾਰੇ ਤੈਨੂੰ, ਰੰਨ ਸਾਂਭਣੀ ਐਨੀ ਸੌਖ਼ੀ ਨਹੀਂ' ਰਾਣੀ ਨੇ ਆਪਣੀ ਕੁੜਤੀ ਦਾ ਟਿੱਚ ਬਟਨ ਕੜੱਕ ਕਰਕੇ ਜੜ ਦਿੱਤਾ।

'ਅੱਛਾ-!!'

'ਤੇ ਹੋਰ, ਬਾਪੂ ਨੇ ਕੱਲ ਗੰਡਾਸੀ ਲਿਆਂਦੀ ਐ, ਖਰੇ ਕੋਈ ਮੇਰੇ ਪਿੱਛੇ ਈ ਮੁੰਡਾ ਵੱਢਣਾ ਹੋਵੇ, ਵੱਢ ਕੇ ਮੇਰੇ ਲਈ ਅਚਾਰ ਪਾਉਣਾ ਹੋਵੇ, ਤੈਥੋਂ ਤਾਂ ਇੱਕ ਟੱਕ ਵੀ ਨਹੀਂ ਝੱਲਿਆ ਜਾਣਾ' ਰਾਣੀ ਨੇ ਉਹਦੇ ਹੱਥ ਵਿੱਚ ਪਾਈ ਛਾਪ ਨੂੰ ਖਿੱਚਣਾ ਸ਼ੁਰੂ ਕਰ ਦਿੱਤਾ, ਆਪਣੇ ਸ਼ਾਲ ਦਾ ਪੱਲਾ ਉੱਤੇ ਕਰਕੇ।

'ਐਨੇ ਪੋਲੇ ਪੈਰੀਂ ਮਰਨ ਆਲ਼ਾ ਮੈਂਵੀ ਨਹੀਂ, ਮਰਦਾ-ਮਰਦਾ ਵੀ ਦੋ ਨਿਆਣੇ ਤਾਂ ਤੇਰੀ ਝੋਲੀ ਖੇਡਣੇ ਪਾ ਈ ਜਾਊਂ!' ਉਂਗਲ ਵਿੱਚੋਂ ਥੱਲੇ ਨੂੰ ਸਰਕਦੀ ਛਾਪ ਰੋਕਣ ਲਈ ਮੁੱਠੀ ਘੁੱਟ ਲਈ, 'ਲੈ ਤੂੰ ਤਾਂ ਭਿਉਰਾਂ ਦੀ ਬੋਤੀ ਵਾਨੂੰ ਹੁਣੇ ਪੁੱਠੀ ਮੁੜਪੀ, ਜੇਰਾ ਰੱਖ, ਤੇਰੀ ਪੰਜਾਂ ਦੀ ਪਾਈ ਛਾਪ ਤਾਂ ਮੈਨੂੰ ਮਾਰ ਕੇ ਈ ਲਹੂ...'

ਰਾਣੀ ਨੇ ਸ਼ਾਲ ਨੂੰ ਮੂੰਹ 'ਤੇ ਬੋਚ ਕੇ ਕਰਿਆ, 'ਮੇਰੇ ਨਾਲ਼ ਗਾਟੀ ਪਾ ਕੇ ਅਜੇ ਵੀ ਜਿਉਨਾ ਤਾਂ ਫੇਰ ਤੇਰੇ ਚਿੱਤ ਵਿੱਚ ਮੈਲ਼ ਐ, ਨਿਰੋਆ ਨਹੀਂ'

'ਕਾਹਨੂੰ ਛੇੜਾ ਛੇੜਦੀ ਐਂ ਜੱਟੀਏ, ਉਧਰ ਝਾਕ...'

ਜੋਗੀ ਨੇ ਫਿਲਮ ਵਿੱਚ ਹੀਰੋ ਵੱਲੋਂ ਵੀਹ-ਪੱਚੀ ਬੰਦਿਆਂ ਨੂੰ ਕੁਟਾਪਾ ਚਾੜਦਿਆਂ ਵੇਖਣ ਲਈ ਇਸ਼ਾਰਾ ਕੀਤਾ।

'ਔਨੂੰ ਕੀ ਵੇਖਾਂ'

'ਮਿਠੁਨ ਐ... ਐਦੇ ਵਾਨੂੰ ਕੁੱਟ ਮੇਰੀ ਵੀ ਬਹੁਤ ਭੈੜੀ ਐ' ਉਹਨੇ ਆਪਣੇ ਖੱਬੇ ਡੌਲੇ ਨੂੰ ਫੁਲਾ ਕੇ ਥਾਪੀ ਦਿੱਤੀ।

ਸਭ ਤੋਂ ਅੱਗੇ ਬੈਠੇ ਜ਼ੋਰੇ ਨੂੰ ਵੇਖ ਕੇ ਉਹਨਾਂ ਦਾ ਹਾਸਾ ਨਿਕਲ ਗਿਆ, ਜੋ ਆਪ ਵੀ ਹਵਾ ਵਿੱਚ ਮੁੱਕੀਆਂ ਮਾਰ ਰਿਹਾ ਸੀ। ਇਉਂ ਕਰਦੇ ਦਾ ਸਾਫ਼ਾ ਸਿਰੋਂ ਲਹਿ ਕੇ ਗਲ ਵਿੱਚ ਆ ਗਿਆ ਸੀ।

'ਅੱਛਾ, ਫੇਰ ਮੇਰੇ ਪਿੱਛੇ ਜਾਨ ਤਲੀ ਤੇ ਰੱਖੀ ਫਿਰਦੈਂ...'

'ਨਹੀਂ, ਏਡੀ ਵੀ ਗੱਲ ਨਹੀਂ, ਮੰਨਿਆ ਸੋਹਣੀ ਲੱਗਦੀ ਐਂ, ਪਰ ਏਨੀ ਵੀ ਸੋਹਣੀ ਨਹੀਂ ਕੇ ਜਾਨ ਵਾਰੀ ਜਾਵੇ...!'

'ਜੇ ਏਡੀ ਗੱਲ ਨਹੀਂ ਸੀ, ਫੇਰ ਬੂਥਾ ਚਾਕੇ ਮੇਰੇ ਪਿੱਛੇ ਕਾਤੋਂ ਗੇੜੇ ਮਾਰ-ਮਾਰ ਕੇ ਮੋਤੀਆਂ ਆਲੀ ਜੁੱਤੀ ਤੁੜਾ-ਲੀ ਸੀ, ਮੈਂ ਉਨ੍ਹਾਂ ਮੋਤੀਆਂ ਨੂੰ ਧਾਗੇ 'ਚ ਪਰੋ ਕੇ ਗਲ਼ ਦੀ ਗਾਨੀ ਬਣਾਈ ਫਿਰਦੀ ਆਂ...' ਰਾਣੀ ਨੇ ਆਪਣੇ ਡੌਲੇ ਤੇ ਬੰਨੀ ਮੋਤੀਆਂ ਵਾਲ਼ੀ ਗਾਨੀ ਖਿੱਚ ਕੇ ਤੋੜੀ ਤੇ ਉਹਦੀ ਮੁੱਠੀ ਵਿੱਚ ਰੱਖ ਦਿੱਤੀ, 'ਆ ਲੈ ਸਾਂਭ...'

'ਵੱਡੇ ਮਾਹਰਾਜ ਦੀ ਸੌਂਹ, ਮੈਂ ਤਾਂ ਆਵਦੇ ਯਾਰ ਨਿੱਕੇ ਨਾਲ਼ ਆਉਂਦਾ ਹੁੰਦਾ ਸੀ, ਉਹ ਤੇਰੇ ਤੇ ਲੱਟੂ ਹੋਇਆ ਪਿਆ ਸੀ, ਪਰ ਰੱਬ ਨੂੰ ਪਤਾ ਨਹੀਂ ਕੀ ਸੁੱਝੀ ਤੂੰ ਮੇਰੇ ਨਾਲ਼ ਟਾਂਕਾ ਭੇੜ ਲਿਆ।'

ਜੋਗੀ ਨੇ ਅੱਜ ਪਤਾ ਨਹੀਂ ਕਿਹੜਾ ਜੇਰਾ ਕਰਕੇ ਆਪਣੇ ਦਿਲ ਵਿੱਚ ਦੱਬੀ ਇਹ ਰਾਜ਼ ਵਰਗੀ ਗੱਲ ਦੱਸ ਦਿੱਤੀ। ਹੁਣ ਉਹਦਾ ਦਿਲ ਪੂਰੇ ਜ਼ੋਰ ਨਾਲ਼ ਧੜਕ ਰਿਹਾ ਸੀ। ਜਿਵੇਂ ਹਿੱਕ ਵਿੱਚੋਂ ਬਾਹਰ ਨਿਕਲ ਕੇ ਡਿੱਗ ਪਵੇਗਾ।

ਰਾਣੀ...!!

ਰਾਣੀ ਜੀਹਦੀ ਉਮਰ ਕਰੀਬ ਚੌਵੀ ਕੁ ਸਾਲ ਸੀ। ਚਾਹੇ ਕੱਦ ਉਹਦਾ ਮਧਰਾ ਸੀ, ਪਰ ਤਿੱਖਾ ਨੱਕ, ਵਾਲਾਂ ਦੇ ਬਣਦੇ ਛੱਲੇ, ਅੱਖਾਂ ਵਿੱਚਲੀ ਆਮ ਬੰਦੇ ਨਾਲੋਂ ਜ਼ਿਆਦਾ ਚਮਕ, ਜਾਣੀ ਚਿਹਰੇ ਦਾ ਸਹੁੱਪਣ ਉਹਦੇ ਵਿੱਚ ਕੋਈ ਖੋਟ ਰਹਿਣ ਹੀ ਨਹੀਂ ਸੀ ਦਿੰਦਾ।

ਉਹਦੇ ਪਤਲੇ ਬੁੱਲ੍ਹ ਹਮੇਸ਼ਾਂ ਈ ਕਿਸੇ ਨਾ ਕਿਸੇ ਤਿੱਖੀ ਮੁਸਕਣੀ ਨਾਲ਼ ਬੰਦ ਹੁੰਦੇ।

ਸੋ ਹੁਣ...!!

ਰਾਣੀ ਉਹਦੇ ਵੱਲ ਪਿੱਠ ਕਰਕੇ ਟੀ.ਵੀ. ਵੇਖਣ ਲੱਗ ਪਈ।

'ਨੀ ਘਰੇ ਚੱਲੀਏ ਬਹੁਤ ਫ਼ਿਲਮ ਵੇਖ ਲੀ, ਬਾਕੀ ਦੀ ਮੈਂ ਆਪ ਦੱਸਦੂੰ ਅੰਦਰ ਬਹਿ ਕੀ ਹੋਣਾ... ਚੱਲੀਏ...' ਰਾਣੀ ਨੇ ਕੋਲ਼ ਬੈਠੀ ਦੀਪ ਨਿੰਮੋ ਨੂੰ, ਜੀਹਦੇ ਦੋ ਗੁੱਤਾਂ ਗੁੰਦ ਕੇ ਪਰਾਂਦੀ ਪਾਈ ਸੀ, ਬਾਹੋਂ ਫੜ ਕੇ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ।

'ਨਾ ਨਹੀਂ... ਮੈਂ ਤਾਂ ਏਨਾਂ ਦਾ ਵਿਆਹ ਹੁੰਦਾ ਵੇਖ ਕੇ ਜਾਊਂਗੀ' ਦੀਪ ਨੇ ਝਟਕੇ ਨਾਲ਼ ਬਾਂਹ ਛੁਡਾ ਲਈ ਤੇ ਟੀ. ਵੀ. ਵਿੱਚ ਅੱਖਾਂ ਗੱਡ ਲਈਆਂ।

'ਵਿਆਹ ਨਾ ਕਿਤੇ ਜਾਗੋ ਕੱਢ ਕੇ ਜਾਏਂਗੀ...'

'ਕਾਤੋਂ, ਮੈਂ ਤਾਂ ਐਂਵੇਂ ਚੋੜ ਕਰਦਾ ਸੀ, ਤੂੰ ਪੰਸੇਰੀ ਪੱਕੇ ਦਾ ਮੂੰਹ ਬਣਾ ਕੇ ਬਹਿਗੀਂ ਐਂ' ਜੋਗੀ ਨੇ ਫਿਰ ਕੰਬਲ ਦਾ ਪੱਲਾ ਲੰਮਾ ਕਰਕੇ ਉਹਦਾ ਹੱਥ ਘੁੱਟ ਕੇ ਫੜ ਲਿਆ, 'ਤੇਰੇ ਬਿਨਾ ਨਹੀਂ ਸੌਰਨਾ ਮੇਰਾ, ਜਿੱਥੇ ਮਰਜ਼ੀ ਵਿਆਹੀ ਜਾਵੀਂ, ਭਾਵੇਂ ਮੇਰੀ ਹੋਵੇਂ ਜਾਂ ਨਾ, ਪਰ ਜੱਟ ਸੜਾ ਰਹੂ, ਤੇਰੀ ਚੁੰਨੀ ਚੁੱਬਣ ਆ ਜਿਆ ਕਰੂੰ ਸਾਊਰੇ ਤੇਰੇ...?

ਰਾਣੀ ਆਪਣਾ ਹੱਥ ਛੁਡਾਉਣ ਲੱਗ ਪਈ, ਚਾਹੇ ਅੰਦਰੋਂ ਉਹਦਾ ਗੁੱਸਾ ਢੈਲ਼ਾ ਪੈ ਗਿਆ ਸੀ।

ਹੱਥ ਛੁਡਾਉਣ ਦੀ ਦੋਵਾਂ ਵਿੱਚ ਜ਼ੋਰ ਅਜ਼ਮਾਈ ਹੋ ਗਈ...!!

ਇੰਨੇ ਈ ਬਾਬਾ ਮਿਲਖ਼ੀ ਹਰਖ ਨਾਲ਼ ਦੰਦੀਆਂ ਪੀਂਹਦਾ ਹੋਇਆਂ ਗਾਲ਼ਾਂ ਕੱਢਣ ਲੱਗ ਪਿਆ। ਉਹਦੀ ਚਿੱਟੀ ਉਲਝੀ ਦਾੜ੍ਹੀ ਅੱਖਾਂ ਦੇ ਕੋਇਆਂ ਵੱਲ ਚੜ੍ਹਦੀ ਜਾਣ ਲੱਗੀ। ਚਾਚੀ ਨੇ ਬੈਟਰੀ ਦੇ ਚਾਨਣ ਨਾਲ਼ ਬਰਾਂਡੇ ਵਿੱਚ ਲੱਗੇ ਬਲਬ ਦੀ ਸਵਿੱਚ ਛੱਡ ਦਿੱਤੀ। ਸਾਰਾ ਵਿਹੜਾ ਪੀਲੇ ਜਰਦ ਚਾਨਣ ਨਾਲ਼ ਭਰ ਗਿਆ।

ਜ਼ਿਦ ਨਾਲ਼ ਟੀ.ਵੀ. ਵੇਖਣ ਆਏ ਨਿੱਕੇ ਜਵਾਕ, ਜੋ ਕਦੋਂ ਦੇ ਸੌਂ ਚੁੱਕੇ ਸੀ, ਅਬੱੜਵਾਹੇ ਉਠ ਕੇ ਆਸੇ-ਪਾਸੇ ਝਾਕਣ ਲੱਗ ਪਏ। ਛੇਤੀ ਸਮਝਣ ਦੀ ਕੋਸ਼ਿਸ਼ ਕਰਨ ਲੱਗੇ, ਗੱਲ ਕੀ ਹੋਈ ਹੈ।

ਟੀ.ਵੀ. ਬੰਦ ਕਰ ਦਿੱਤਾ!!

'ਕੀ ਗੱਲ ਹੋ ਗਈ...!! ਕਾਤੋਂ ਡਾਟ ਪਾਈ ਜਾਨੈਂ...!' ਚਾਚੀ ਉਹਦੇ ਅੱਗੇ ਢਾਕ 'ਤੇ ਹੱਥ ਰੱਖ ਕੇ ਖੜ੍ਹ ਗਈ, 'ਬੋਲਦਾ ਨ੍ਹੀਂ'

'ਹਜੇ ਕੁੱਛ ਹੋਇਆ ਹੀ ਨਹੀਂ, ਹਜੇ ਵੀ ਕਸਰ ਰਹਿ-ਗੀ, ਉਹਵੀ ਕੱਢਲੋ, ਮਰਜੋ ਸ਼ਰਮ ਨਾਲ਼, ਕੀ ਲੱਛਣ ਫੜਿਆ ਏਨ੍ਹਾਂ ਨੇ'

ਬਾਬੇ ਦੀਆਂ ਗਾਲ਼ਾਂ ਸੁਣ ਕੇ ਜੋਗੀ ਨੇ ਫਟ ਦਿਣੇ ਹੱਥ ਛੱਡ ਦਿੱਤਾ।

ਰਾਣੀ ਵੀ ਸ਼ਾਲ ਦੀ ਬੁੱਕਲ ਮਾਰ ਕੇ ਪਾਸੇ ਨੂੰ ਬਹਿ ਗਈ।

'ਲੈ ਆਪਾਂ ਫੜ੍ਹੇ ਗਏ...!!'

'ਸਾਰੇ ਮੁਲਕ ਨੂੰ ਮੇਰੇ ਵੇਂਹਦਿਆਂ-ਵੇਂਹਦਿਆਂ ਕੰਜਰ ਬਣਾ ਕੇ ਰੱਖ ਦੇਣਾ,

ਆਹ ਵੀ ਧੀਆਂ-ਭੈਣਾਂ ਵਿੱਚ ਗੱਲ ਦੱਸਣ ਆਲ਼ੀ ਹੁੰਦੀ ਐ' ਬਾਪੂ ਨੇ ਮੁੱਛਾਂ ਨੂੰ ਪਲੋਸ ਕੇ ਉਤਾਂਹ ਕੀਤਾ, 'ਮੈਂ ਤਾਂ ਆਹ ਕੁੜੀ ਨੂੰ ਸਿਆਣੀ ਮੰਨਦਾ ਸਾਂ, ਏਹਨੇ ਤਾਂ ਪਿਉ ਦੀ ਪੱਗ 'ਚ ਸਵਾਹ ਪਾ-ਤੀ ਐ'

ਰਾਣੀ ਤੇ ਜੋਗੀ ਨੇ ਇੱਥੋਂ ਜਾਣ ਲਈ ਪੈਰਾਂ ਵਿੱਚ ਚੱਪਲਾਂ ਪਾ ਲਈਆਂ ਸੀ।

'ਗੱਲ ਵੀ ਦੱਸ...!'

'ਆਹ ਕਾਡਮ ਆਲ਼ੀ ਮਸ਼ਹੂਰੀ ਵੀ ਕੋਈ ਦੱਸਣ ਆਲ਼ੀ ਹੁੰਦੀ ਐ, ਜੇ ਐਦੂੰ ਬਾਦ ਆਹ ਤੀਵੀਂ ਆਪਣੇ ਟੀ.ਵੀ. 'ਚ ਮੈਂ ਵੇਖ ਲਈ ਨਾ, ਫੇਰ ਮੈਥੋਂ ਨਾ ਭਲਾ ਵਿਚਾਰੋ, ਮੈਂ ਆਹ ਭੰਨ ਦੇਣਾ ਡੱਬਾ ਜਿਹਾ... ਅਬਲੀ ਤਾਂ ਮੈਨੂੰ ਹੁਣੀ ਫੜਾ ਖਾਂ ਡਾਂਗ...'

ਬਾਬਾ ਮਿਲਖ਼ੀ ਬੁਰਾ ਭਲਾ ਕਹਿੰਦਾ ਹੋਇਆ ਬੈਠਕ ਵਿੱਚ ਪਏ ਬਿਸਤਰੇ ਨੂੰ ਵਿਛਾ ਕੇ ਸੌਣ ਦੀ ਤਿਆਰੀ ਕਰਨ ਲੱਗ ਪਿਆ।

ਰਾਣੀ ਤੇ ਜੋਗੀ ਦਾ ਡਰ ਮੁੱਕ ਗਿਆ...!!

ਪਰ ਆਪਣੇ ਘਰਾਂ ਵੱਲ ਆਉਂਦੇ ਮੁੰਡੇ-ਕੁੜੀਆਂ ਨੂੰ ਬਾਬੇ ਦੀਆਂ ਗਾਲ਼ਾਂ ਟਿਕੀ ਰਾਤ ਵਿੱਚ ਸਾਫ਼ ਸੁਣਾਈ ਦਿੰਦੀਆਂ ਰਹੀਆਂ। ਧੁੰਦ ਕਾਫ਼ੀ ਥੱਲੇ ਉਤਰ ਚੁੱਕੀ ਸੀ। ਪਰ ਚੰਦ ਦੇ ਚਾਨਣ ਵਿੱਚ ਗਲ਼ੀਆਂ ਦਾ ਕੱਕਾ ਰੇਤਾ ਸ਼ੀਸ਼ੇ ਵਾਂਙ ਲਿਸ਼ਕਣ ਲੱਗ ਪਿਆ।

———

ਚੜ੍ਹਤ ਸਿੰਘ ਰੇਪੀਵਾਲ਼ਾ

ਘਰਾਂ ਦੇ ਕੰਮ-ਧੰਦੇ ਮੁਕਾ ਕੇ ਪਿੰਡ ਦੇ ਬੰਦੇ ਪਿੱਪਲ਼ ਥੱਲੇ ਬਣੇ ਕੱਚੀ ਇੱਟ ਦੇ ਥੜ੍ਹੇ 'ਤੇ ਬੈਠੇ ਹੋਏ, ਜੋਗੀ ਤੋਂ ਅਖ਼ਬਾਰ ਦੀਆਂ ਸੁਰਖ਼ੀਆਂ ਸੁਣ ਰਹੇ ਸੀ। ਅਖ਼ਬਾਰ ਪੜ੍ਹਦੇ ਜੋਗੀ ਦੀ ਨਿਗਾਹ ਮਿੱਟੀ-ਪੋਚਾ ਫੇਰ ਕੇ ਬਣਾਏ ਮੋਰ 'ਤੇ ਟਿਕੀ ਹੋਈ ਸੀ। ਇਹ ਮੋਰ ਇਸ ਸੰਗਰਾਂਦ ਨੂੰ ਰਾਣੀ ਨੇ ਆਪ ਬਣਾਇਆ ਸੀ।

ਕਿੰਨੇ ਘਰਾਂ ਵਿੱਚ ਇਸ ਪਿੱਪਲ ਦੀ ਰੱਬ ਵਾਂਙੂ ਮਾਨਤਾ ਸੀ।

'ਹੁਣ ਜੱਟਾਂ ਨੇ ਵੀ ਧਰਨੇ ਲਗਾ ਕੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਵੀ ਹਰ ਖੇਤਰ ਵਿੱਚ ਰਾਖਵਾਂ ਕੋਟਾ ਦਿੱਤਾ ਜਾਵੇ, ਜਿਵੇਂ ਹੋਰ ਪੱਛੜੀਆਂ ਜਾਤਾਂ ਨੂੰ ਖ਼ਾਸ ਮੌਕੇ ਦਿੱਤੇ ਜਾਂਦੇ ਨੇ, ਉਵੇਂ ਸਾਨੂੰ ਵੀ ਵਿਸ਼ੇਸ਼ ਅਧਿਕਾਰ ਦਿੱਤੇ ਜਾਣ...'

ਜੋਗੀ ਨੇ ਇਹ ਸੁਰਖ਼ੀ ਪੜ੍ਹ ਕੇ ਅਖ਼ਬਾਰ ਨੂੰ ਬੰਦ ਕਰ ਦਿੱਤਾ ਤੇ ਕੋਲ਼ ਬੈਠੇ ਬਾਬਿਆਂ ਵੱਲ ਕਿਸੇ ਨੀਝ ਨਾਲ਼ ਝਾਕਣ ਲੱਗ ਪਿਆ।

'ਕਲਜੁੱਗ ਐ...'

'ਕਾਹਦਾ ਕਲਜੁੱਗ ਐ ਬਾਈ ਸ਼ੇਰੇ, ਊਂ ਤਾਂ ਜੱਟ ਆਪਣੇ ਘਰੇ ਆਏ ਸਾਡੇ ਅਰਗੇ ਬੰਦਿਆਂ ਨੂੰ ਭਾਂਡੇ ਨੂੰ ਹੱਥ ਨੀ ਲਾਉਣ ਦਿੰਦੇ, ਬਈ ਇਹ ਭਿੱਟਿਆ ਜਾਊ, ਹੁਣ ਭੁੱਖੇ ਮਰਦੇ ਆਂਹਦੇ ਆਂ, ਸਾਨੂੰ ਵੀ ਏਨਾਂ ਸੱਗ ਰਲਾਓ... ਹੁਣ ਜੱਟਪੁਣਾ ਕਿੱਥੇ ਭੱਠ ਚ ਜਾਂਦੇ... ਭੁੱਖ ਵੀ ਨਾ ਬੰਦੇ ਨੂੰ ਈਨ ਮਨਾ ਕੇ ਜਦੋਂ ਸਾਲਾ ਬਣਾਉਂਦੀ ਐ ਨਾ ਫੇਰ ਐਂ ਈ ਹੁੰਦਾ...' ਜੋਗੀ ਨੇ ਸ਼ੇਰੇ ਨੂੰ ਐਨ ਪੂਰੀ ਚੋਭਵੀਂ ਗੱਲ ਆਖੀ ਤੇ ਵੇਖਿਆ, ਏਥੇ ਬੈਠੇ ਜ਼ਿਮੀਦਾਰਾਂ ਤੇ ਕੀ ਅਸਰ ਹੋਇਆ।

'ਜੱਟ ਵੀ ਮੁੰਡਿਆ ਫਸਲਾਂ ਨਾਲ਼ ਈ ਹੁੰਦੇ ਐ, ਜੇ ਖੇਤ ਚੰਗੀ ਕਣਕ ਐ ਤਾਂ ਅਣਖ ਐ....' ਸ਼ੇਰੇ ਨੇ ਦਲੀਲ ਦਿੰਦਿਆਂ ਸਾਰਿਆਂ ਦੇ ਮੂੰਹਾਂ ਵੱਲ ਵੇਖਿਆ, 'ਕਿ ਨਹੀਂ, ਝੂਠ ਐ...?'

'ਜੱਟ ਹੁੰਦੇ ਕਿ ਨਹੀਂ, ਸੱਚ ਪੁੱਛੇ ਤਾਂ ਜੱਟ-ਜੁੱਟ ਕੋਈ ਨਹੀਂ ਹੁੰਦਾ, ਜੀਹਦੇ ਕੋਲ਼ ਚਾਰ ਛਿੱਲੜ ਬੋਝੇ ਵਿੱਚ ਹੈ-ਗੇ, ਬੈਂਕ ਵਿੱਚ ਹੈ ਤਾਂ ਉਹੀ ਜੱਟ ਐ, ਪੈਸੇ ਦੀਆਂ ਦੋ ਜਾਤਾਂ, ਇੱਕ ਅਮੀਰੀ, ਦੂਜੀ ਗ਼ਰੀਬੀ...'

'ਚਾਚਾ ਫੇਰ ਜਿਹੜੇ ਵਿਚਾਲੇ ਜਿਹੇ ਰਹਿਗੇ ਉਹ ਕਿਹੜੇ ਖ਼ਾਤੇ ਪਾਵੇਂਗਾ...'

'ਉਹੀ ਤਾਂ ਜੱਟ ਐ, ਨਾ ਰੱਜੇ ਨਾ ਭੁੱਖੇ...' ਫਿਰ ਬਚਨ ਨੇ ਤਰੀਕੇ ਨਾਲ਼ ਸਹਿੰਦੀ ਰੋਭ ਕਸ ਦਿੱਤੀ, 'ਜਦੋਂ ਤੇਰੀ ਬੇਬੇ ਦੇ ਤੂੰ ਹੋਣ ਆਲ਼ਾ ਸੀ ਨਾ, ਮੈਂ ਈ ਆਵਦੇ ਘੜੂੰਕੇ 'ਤੇ ਲੱਦ ਕੇ ਲਗਾਇਆ ਸੈਂਗਾ, ਅਜੇ ਵੀ ਤੇਲ ਦੇ ਰਪਈਏ ਸੱਡੇ ਵੰਨੀ ਖੜ੍ਹੇ ਐ ਐਸ ਜੱਟ ਦੇ'

'ਆਪਾਂ ਤਾਂ ਨਿੱਤ ਕਮਾ ਕੇ ਖਾਣ ਆਲ਼ੇ ਬੰਦੇ ਐਂ, ਆਪਣਾ ਤਾਂ ਰਲ ਮਿਲ ਕੇ ਈ ਤੋਰਾ ਤੁਰੂ-ਗਾ...'

ਜੋਗੀ ਦੇ ਹੱਥ ਵਿੱਚ ਫੜ੍ਹੇ ਅਖ਼ਬਾਰ ਵਿੱਚੋਂ ਇੱਕ ਇਸ਼ਤਿਹਾਰ ਨਿਕਲ ਕੇ ਥੱਲੇ ਡਿੱਗ ਪਿਆ ਤੇ ਹਵਾ ਨਾਲ਼ ਗਲੀ ਦੇ ਰੇਤੇ ਨਾਲ਼ ਖਹਿੰਦਾ ਹੋਇਆ, ਚੜ੍ਹਤ ਸਿੰਘ ਦੇ ਪੈਰਾਂ ਨਾਲ਼ ਜਾ ਲੱਗਿਆ। ਉਹਨੇ ਇਹਨੂੰ ਚੱਕਿਆ ਤੇ ਵੇਖਣ ਲੱਗਿਆ।

ਪੂਰੀ ਨਿਰਖ ਨਾਲ ਵੇਂਹਦਿਆਂ ਲਿਆ ਕੇ ਜੋਗੀ ਨੂੰ ਫੜਾਇਆ, 'ਆਹ ਪੜ੍ਹ-ਖਾਂ ਕੀ ਆਂਹਦਾ ਏਹ, ਕਿ ਐਵੇਂ ਟੁੱਕ 'ਤੇ ਡੇਲਾ ਈ ਐ...!!

ਜੋਗੀ ਨੇ ਇਸ਼ਤਿਹਾਰ ਥੋਲ ਕੇ ਪੜ੍ਹਿਆ, 'ਆਪਣੇ ਸ਼ਹਿਰ ਆਲ਼ੇ ਬੈਂਕ ਵਿੱਚ ਬੰਦੇ ਦੀ ਲੋੜ ਐ, ਜਿਹੜਾ ਰਾਖੀ ਕਰ-ਲੇ, ਹਥਿਆਰ ਹੋਣਾ ਚਾਹੀਦਾ ਕੋਲ਼...।'

ਚੜ੍ਹਤ ਸਿੰਘ ਉੱਥੇ ਇੱਕ ਪਲ ਵੀ ਨਹੀਂ ਖੜ੍ਹਿਆ ਤੇ ਘਰ ਆ ਕੇ ਨਹਾਉਣ ਲੱਗ ਪਿਆ। ਨਹਾ ਕੇ ਆਪਣੇ ਨਾਲ਼ ਪੋਣੇ ਵਿੱਚ ਰਾਣੀ ਤੋਂ ਦੋ ਰੋਟੀਆਂ ਬੰਨ੍ਹਵਾ ਕੇ ਗੀਝੇ ਵਿੱਚ ਪਾ ਲਈਆਂ। ਸਾਰੀ ਪੱਗ ਉਹਨੇ ਐਂਵੇ ਹੀ ਬੰਨੀ, ਜੁੱਤੀ ਭਾਲਦਿਆਂ, ਪਰ ਆਖ਼ਰੀ ਲੜ, ਆਪਣੀ ਪੱਕ ਚੁੱਕੀ ਆਦਤ ਅਨੁਸਾਰ ਸ਼ੀਸ਼ੇ ਵਿੱਚ ਵੇਖ ਕੇ ਹੀ ਲਾਇਆ।

ਚੜ੍ਹਤ ਸਿੰਘ ਨੇ ਜਾਂਦਿਆਂ ਆਪਣੇ ਘਰ ਵੱਲ ਚੰਗੀ ਤਰ੍ਹਾਂ ਵੇਖਿਆ, ਪਰ ਰਾਣੀ ਦੀਆਂ ਸੁੰਨੀਆਂ ਬਾਹਾਂ ਵੇਖ ਕੇ, ਦਿਲ ਭਰ ਲਿਆ, ਪਹਿਲੀ ਤਨਖ਼ਾਹ 'ਤੇ ਇਹਨੂੰ ਚੂੜੀਆਂ ਈ ਲਿਆ ਕੇ ਦੇਣੀਆਂ। ਇਹੀ ਤਾਂ ਉਮਰ ਹੁੰਦੀ ਸੱਜਣ-ਫੱਬਣ ਦੀ, ਓਵੀ ਏਸ ਘਰ ਵਿੱਚ ਕੰਧਾਂ ਦੇ ਲਿਓੜਾਂ ਵਾਂਙ ਕਿਰ ਜਾਊ।

ਸਬਾਤ ਵਿੱਚ ਵੜ ਕੇ ਕੰਧ ਦੇ ਆਲ਼ੇ ਵਿੱਚ ਪਿਆ ਦਾਤਰ ਚੱਕ ਕੇ ਚਾਦਰੇ ਦੇ ਨੇਫ਼ੇ ਵਿੱਚ ਟੁੰਗ ਲਿਆ।

ਕੰਧ ਨਾਲ਼ ਖੜ੍ਹੇ ਸਾਇਕਲ ਦੇ ਟਾਇਰਾਂ ਨੂੰ ਅਗੂੰਠੇ ਨਾਲ਼ ਦੱਬ ਕੇ ਹਵਾ ਚੈੱਕ ਕੀਤੀ ਤੇ ਉਹਦੇ ਉਪਰ ਬੈਠ ਕੇ, ਦੋਵੇਂ ਹੱਥ ਜੋੜ , ਅੱਖਾਂ ਬੰਦ ਕਰਕੇ ਲੰਮੀ ਅਰਦਾਸ ਕੀਤੀ। ਟੱਲੀ ਮਾਰ ਕੇ ਪੈਡਲ ਮਾਰਦਾ ਗਲ਼ੀਆਂ ਵਿੱਚ ਟਾਇਰ ਦੀ ਦੋਸਾਂਗੀ ਲਕੀਰ ਵਾਹੁੰਦਾ ਸ਼ਹਿਰ ਵੱਲ ਨੂੰ ਚੱਲ ਪਿਆ।

ਚਾਹੇ ਅਜੇ ਓਨੀ ਠੰਡ ਸੀ ਨਹੀਂ, ਪਰ ਸਾਇਕਲ 'ਤੇ ਸਵਾਰ ਹੋਇਆਂ ਲੱਗਦੀ।

ਜ਼ੋਰ ਲੱਗਣ ਕਰਕੇ ਗੋਡਿਆਂ ਵਿੱਚੋਂ ਕੜਾਕੇ ਨਿਕਲ਼ੇ।

ਪਿਛਲੇ ਮਹੀਨੇ ਜਦੋਂ ਉਹ ਸ਼ਹਿਰ ਵਿੱਚ ਆਇਆ ਸੀ ਤਾਂ ਕੰਧਾਂ 'ਤੇ ਦਾਤੀ ਤੇ ਕਾਮਰੇਡੀ ਝੰਡਿਆਂ ਦੀਆਂ ਨਿਸ਼ਾਨ ਨਹੀਂ ਸੀ ਉਕਰੇ ਹੋਏ। ਉਹਦੇ ਕੋਲ਼ ਦੀ ਰੋਡਵੇਜ਼ ਬੱਸ ਲੰਘੀ, ਜੀਹਦੇ ਪਿੱਛਲੇ ਪਾਸੇ 'ਹਮ ਦੋ ਹਮਾਰੇ ਦੋ' ਦਾ ਇਸ਼ਤਿਹਾਰ ਲੱਗਿਆ ਸੀ। ਮੀਆਂ-ਬੀਵੀ ਜੱਫੀ ਪਾ ਕੇ ਬੈਠੇ ਸੀ। ਕੁੜੀ ਨੇ ਆਪਣੇ ਬਾਪ ਨੂੰ ਜੱਫੀ ਪਾਈ ਸੀ ਤੇ ਮੁੰਡੇ ਨੇ ਆਪਣੀ ਮਾਂ ਨੂੰ। ਉਹਦੇ ਅੰਦਰ ਪੁੱਤ ਵਾਲ਼ੀ ਕਸੀਸ ਉੱਠੀ। ਭਾਵੇਂ ਰਾਣੀ ਦੇ ਜੰਮੇ ਦਾ ਚਾਅ ਕੀਤਾ, ਪਰ ਮੁੰਡਾ ਨਾ ਹੋਣ ਦਾ ਦੁੱਖ ਵੀ ਆਪਣੇ ਆਪ ਤੋਂ ਲੁਕਾਅ ਨਹੀਂ ਸਕਿਆ।

ਫਿਰ ਗੇਜੇ ਵੱਲ ਵੇਖ ਕੇ ਦਿਲ ਨੂੰ ਤਸੱਲੀ ਦਿੱਤੀ, ਉਹਦੇ ਤਾਂ ਵਿਚਾਰੇ ਦੇ ਧੀ ਵੀ ਕਰਮਾਂ ਵਿੱਚ ਨਹੀਂ ਸੀ ਲਿਖੀ... ਉਹਦੇ ਨਾਲ਼ੋਂ ਤਾਂ ਰੱਬ ਨੇ ਪੈਰਾਂ ਸਿਰ ਹੀ ਸੁੱਟਿਆ...!

ਇਨ੍ਹਾਂ ਜਕਾਂ-ਤਕਾਂ ਵਿੱਚ ਚੜ੍ਹਤ ਸਿੰਘ ਨੇ ਪੈਡਲ ਮਾਰਨੇ ਬੰਦ ਕੀਤੇ ਤੇ ਮੱਡਗਾਰਡ ਨੂੰ ਪੈਰ ਨਾਲ਼ ਦੱਬ ਕੇ ਬਰੇਕ ਲਾਉਂਦਿਆਂ ਸਾਈਕਲ ਨੂੰ ਰੋਕ ਲਿਆ। ਉਹਨੇ ਸੜਕ ਤੋਂ ਕਰੀਬ ਢਾਈ ਫੁੱਟ ਨੀਵੇਂ ਬੈਂਕ ਵੱਲ ਨੀਝ ਨਾਲ਼ ਵੇਖਿਆ। ਜੀਹਦੇ ਮੱਥੇ 'ਤੇ ਨੀਲ਼ੇ ਰੰਗ ਨਾਲ਼ ਲਿਖੇ 'ਪੰਜਾਬ ਐਂਡ ਸਿੰਧ ਬੈਂਕ' ਦੇ ਨਾਉਂ ਦੀਆਂ ਪਰਤਾਂ ਉੱਕਰੀਆਂ ਸੀ।

ਸਾਈਕਲ ਨੂੰ ਬੈਂਕ ਦੀ ਕੰਧ ਨਾਲ਼ ਟੇਢਾ ਖਲ੍ਹਾਰ ਦਿੱਤਾ ਤੇ ਗੋਡੇ ਤੱਕ ਚਾੜ੍ਹੇ ਪਜਾਮੇ ਨੂੰ ਥੱਲੇ ਕਰਦਾ ਅੰਦਰ ਚਲਾ ਗਿਆ। ਉਹਨੂੰ ਪੌੜੀਆਂ ਉਤਰਦਿਆਂ, ਆਮ ਲੋਕਾਂ ਨਾਲ਼ੋਂ ਵੀ ਜ਼ਿਆਦਾ ਝੁਕਿਆ ਵੇਖ ਕੇ, ਬੈਂਕ ਵਿੱਚ ਕੈਸ਼ੀਅਰ ਦਾ ਕੰਮ ਕਰਦੇ ਰੂਪ ਸਿੰਘ ਦਾ ਹਾਸਾ ਨਿਕਲ਼ ਗਿਆ। ਕਿਉਂਕਿ ਕੱਦ ਦਾ ਮਧਰਾ ਹੋਣ ਕਰਕੇ ਉਹ ਤਾਂ ਪੱਬਾਂ ਭਾਰ ਛਾਤੀ ਤਾਣ ਕੇ ਵੀ ਅੰਦਰ-ਬਾਹਰ ਆ ਸਕਦਾ ਸੀ।

ਚੜ੍ਹਤ ਸਿੰਘ ਨੇ ਅੱਗੇ ਆ ਕੇ ਰੂਪ ਸਿੰਘ ਨੂੰ ਦੱਸਣਾ ਸ਼ੁਰੂ ਕਰ ਦਿੱਤਾ, 'ਮੈਂ ਚੜ੍ਹਤ ਸਿੰਘ ਆਂ ਜੀ, ਮੇਰੀ ਵਰੇਸ ਪੰਜਾਹਾਂ ਵਰ੍ਹਿਆਂ ਦੀ ਦਾਵੀ ਨੂੰ ਹੱਥ ਲਾਉਂਦੀ ਐ ਜੀ... ਮੈਂ ਏਥੇ ਗਾਰਡ ਦੀ ਭਰਤੀ ਲਈ ਆਇਆਂ'

'ਅੰਦਰ ਜਾ ਕੇ ਮਿਲੋ ਜੀ' ਰੂਪ ਸਿੰਘ ਨੇ ਥੁੱਕ ਲਾ ਕੇ ਨੋਟਾਂ ਦੀ ਗਿਣਤੀ ਕਰਦਿਆਂ ਕਿਹਾ, 'ਪੂਰੇ ਐ...' ਗਾਹਕ ਦੀ ਕੈਸ਼-ਬੁੱਕ ਫੜ੍ਹ ਕੇ ਦੋ-ਤਿੰਨ ਮੋਹਰਾਂ ਛਾਪ ਕੇ ਸਾਈਨ ਕਰ ਦਿੱਤੇ।

'ਮੈਂ ਪੰਜ ਜਮਾਤਾਂ ਪੜ੍ਹਿਆਂ, ਮੇਰੇ ਤੇ ਕੋਈ ਵੀ ਦੁਰਵਿਹਾਰ, ਚੋਰੀ-ਚੱਪੇ ਦਾ ਕੇਸ ਨਹੀਂ' ਚੜ੍ਹਤ ਸਿੰਘ ਨੇ ਜਿੰਨਾ ਚਿਰ ਆਪਣੀ ਰਹਿੰਦੀ ਗੱਲ ਪੂਰੀ ਨਹੀਂ ਕੀਤੀ, ਓਨਾ ਚਿਰ ਉੱਥੇ ਖੜ੍ਹਾ ਰਿਹਾ।

ਆਪਣੀ ਗੱਲ ਪੂਰੀ ਕਰਕੇ ਸ਼ੀਸ਼ੇ ਦੇ ਬਣੇ ਕੈਬਿਨ ਵਿੱਚੋਂ, ਉਹਨੇ ਮੈਨੇਜਰ ਰਣਵਿਜੇ ਸਿੰਘ ਨੂੰ ਪਤਲੀ ਜਿਹੀ ਕੁੜੀ ਨਾਲ਼ ਹੱਸ-ਹੱਸ ਗੱਲਾਂ ਕਰਦੇ ਵੇਖਿਆ, ਜੋ ਇੱਥੇ ਬੈਂਕ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਪਾਣੀ ਪਿਆਉਣ ਦਾ ਕੰਮ ਕਰਦੀ ਸੀ। ਉਹਦੀ ਕੁੱੜਤੀ ਵਿੱਚੋਂ ਦੀ ਕਾਲ਼ੇ ਰੰਗ ਦਾ ਬਲਾਊਜ਼ ਸਾਫ਼ ਵਿਖਾਈ ਦਿੰਦਾ

ਪਿਆ ਸੀ। ਲਾਇਨ ਵਿੱਚ ਲੱਗ ਕੇ ਆਪਣੀ ਵਾਰੀ ਦੀ ਉਡੀਕ ਕਰਦੇ ਗਾਹਕਾਂ ਦੀ ਉਹਦੇ 'ਤੇ ਨਜ਼ਰ ਗੱਡੀ ਹੋਈ ਸੀ।

ਚੜ੍ਹਤ ਸਿੰਘ ਨੇ ਕੱਚ ਦੇ ਬੂਹੇ ਵਿੱਚੋਂ ਦੀ ਰਣਵਿਜੇ ਨਾਲ਼ ਨਜ਼ਰ ਮਿਲਾ ਕੇ, ਧੌਣ ਗੁਟਕਾ 'ਸਾਸਰੀ ਕਾਲ' ਬੁਲਾਈ ਤੇ ਇਸ਼ਾਰੇ ਨਾਲ਼ ਹੀ ਅੰਦਰ ਆਉਣ ਦੀ ਇਜ਼ਾਜਤ ਲੈ ਲਈ। ਰਣਵਿਜੇ ਦੇ ਚਿਹਰੇ 'ਤੇ ਫ਼ੋਕੀ ਮੁਸਕਾਨ ਸੀ, ਪਰ ਚੜ੍ਹਤ ਸਿੰਘ ਅੱਗੇ ਨਾਲ਼ੋਂ ਵੀ ਗੰਭੀਰ ਹੋ ਗਿਆ। ਏਸ ਗੰਭੀਰਤਾ ਕਰਕੇ ਉਹਦੇ ਅੰਗਾਂ-ਪੈਰਾਂ ਵਿੱਚ ਅਕੜੇਵਾਂ ਚੜ੍ਹ ਗਿਆ।

ਚੜ੍ਹਤ ਸਿੰਘ ਨੇ ਜਦ ਕੈਬਿਨ ਵਿੱਚ ਪੈਰ ਰੱਖਿਆ ਤਾਂ ਚੱਲਦੇ ਪੱਖੇ ਦੀ ਠੰਢਕ ਨਾਲ਼ ਕਾਂਬਾਂ ਛਿੜ ਗਿਆ। ਹੈਰਾਨੀ ਹੋਈ ਇਸ ਰੁੱਤ ਵਿੱਚ ਏਨ੍ਹਾਂ ਕਿਹੜੇ ਛੁਹਾਰੇ ਖਾਧੇ ਹਨ ਕਿ ਪੱਖਾ ਛੱਡੀ ਬੈਠੇ ਨੇ।

'ਜੀ...'

'ਜੀ ਮੈਂ ਏਸ ਬੈਂਕ ਵਿੱਚ ਗਾਰਡ ਦੀ ਭਰਤੀ ਲਈ ਆਇਆਂ, ਸੋਡੇ ਅਕਵਾਰ ਨੇ ਦੱਸ ਪਾਈ ਸੀ' ਉਹਨੇ ਜੇਬ ਵਿੱਚੋਂ ਇਸ਼ਤਿਹਾਰ ਕੱਢ ਕੇ ਵਿਖਾ ਦਿੱਤਾ। ਰਣਵਿਜੇ ਮੱਥੇ ਤਿਊੜੀ ਪਾ ਕੇ 'ਹੂੰ' ਨੂੰ ਏਨਾ ਲਮਕਾ ਕੇ ਬੋਲਿਆ, ਕਿ ਸਰਸਰੀ ਨਜ਼ਰ ਨਾਲ਼ ਉਹਨੂੰ ਸਿਰੋਂ ਲੈ ਕੇ ਪੈਰਾਂ ਤੀਕ ਝਾਕ ਗਿਆ। ਜਦ ਪੈਰਾਂ ਵੱਲ ਵੇਖਿਆ ਤਾਂ ਚੜ੍ਹਤ ਸਿੰਘ ਨੇ ਟੁੱਟੀ ਜੁੱਤੀ ਵਿੱਚੋਂ ਬਾਹਰ ਨਿਕਲ਼ੇ ਅੰਗੂਠੇ ਨੂੰ ਘੁੱਟ ਕੇ ਪਿਛਾਂਹ ਕਰ ਲਿਆ। ਪੈਰਾਂ ਦਾ ਰੰਗ ਉਹਦੀ ਭੂਰੀ ਜੁੱਤੀ ਨਾਲ਼ ਮੇਲ ਖਾਂਦਾ ਸੀ। ਪਤਾ ਨਹੀਂ ਲੱਗਿਆ, ਜੁੱਤੀ ਟੁੱਟੀ ਹੈ ਜਾਂ ਨਹੀਂ।

ਰਣਵਿਜੇ ਨੇ ਆਪਣੀ ਅਕਲ ਨਾਲ਼ ਪਰਖਿਆ ਕਿ ਇਹ ਮੱਧਰੇ ਕੱਦ ਦਾ ਚਾਲੀ ਸਾਲਾਂ ਦਾ ਬੰਦਾ ਬੈਂਕ ਵਿੱਚ ਕਿਸੇ ਨੂੰ ਬਤਮੀਜ਼ੀ ਕਰਦੇ ਹੋਏ ਨੂੰ, ਧੱਕਾ ਮਾਰ ਕੇ, ਜਾਂ ਕਿਸੇ ਵੀ ਹੀਲ-ਹੁੱਜਤ ਨਾਲ਼ ਬਾਹਰ ਕੱਢ ਸਕਦਾ ਹੈ ਕਿ ਨਹੀਂ। ਉਹਦੀ ਖੋਦੀ ਦਾੜੀ ਠੋਢੀ ਕੋਲ਼ੋਂ ਚਿੱਟੀ ਸੀ ਤੇ ਪੁੜ-ਪੜੀਆਂ ਕੋਲ਼ੋਂ ਸਿਰ ਵੀ ਬੱਗਾ ਸੀ।

'ਹਥਿਆਰ ਹੈ ਤੇਰੇ ਕੋਲ਼...!!'

'ਹਾਂ ਜੀ... ਹੈ...!!' ਉਹਨੇ ਚਾਦਰੇ ਦੇ ਡੱਬ ਵਿੱਚ ਡੇਢ ਫੁੱਟਾ ਦਾਤਰ ਕੱਢ ਕੇ ਵਿਖਾਇਆ, 'ਏਹ ਹੈ...!' ਤੁਸੀਂ ਝੋਰਾ ਨਾ ਕਰੋ ਜੀ ਮੈਂ ਏਨੂੰ ਸਾਣ 'ਤੇ ਲਵਾ ਕੇ ਤਿੱਖਾ ਕਰਾ ਲਊਂਗਾ ਜੀ, ਵੇਖਣ ਚ ਮਾੜਾ ਲੱਗਦਾ ਊਂ ਲੋਹਾ ਏਹਦਾ ਬਹੁਤ ਨਰੋਆ, ਏਹਦੇ ਨਾਲ਼ ਮੈਂ ਬੱਤੀ ਬੱਕਰੇ ਵੱਢੇ ਐ... ਇੱਕੀ ਕਿੱਲੇ ਕਮਾਦ ਦੇ... ਕਿੰਨੇ ਵਰ੍ਹੇ ਹੋ-ਗੇ ਸਾਡੇ ਪਿੰਡਾਂ ਵੰਨੀ ਕਿਹੇ ਨੇ ਹੁਣ ਕਮਾਦ ਨੀ ਲਾਇਆ, ਤਾਈਂ ਏਹ ਨੂੰ ਜੰਗਾਲ ਪੈ ਗਈ ਐ... ਲਾਉਣ ਵੀ ਕੇੜ੍ਹੇ ਜ਼ੇਰੇ ਨਾਲ਼, ਹਲੇ ਤੀਕ ਮਿੱਲਾਂ ਨੇ ਪੈਸੇ ਨੀ ਦਿੱਤੇ...'

'ਦਲੇਰ ਐ ਫੇਰ ਤਾਂ'

'ਦਲੇਰ ਆਖਿਆ ਜੀ ਕੀ ਆਖਿਆ, ਸਾਡੇ ਜੱਟਾਂ ਆਲ਼ੇ ਗੁਰੂਘਰ ਦੇ ਨਿਸ਼ਾਨ ਸਾਬ 'ਤੇ ਵੀ ਮੈਂ ਈ ਚੋਲਾ ਚੜ੍ਹਾਉਨਾ ਹੁੰਨਾਂ... ਲਾਕੇ 'ਚ ਕਿਹੇ ਦੀ ਹਿੰਮਤ ਨੀ ਪੈਂਦੀ ਥੱਲੇ ਵੇਖਣ ਦੀ... ਮੈਂ ਉੱਥੋਂ ਅੰਬਰ 'ਤੇ ਖੜ੍ਹ ਕੇ ਥੱਲੇ ਪਈਆਂ ਚੀਜ਼ਾਂ ਬੁਝ ਲੈਨਾ...'

ਰਣਵਿਜੇ ਨੂੰ ਉਹਦੀ ਏਸ ਨਦਾਨੀ ਅਤੇ ਬੇਵਕੂਫੀ 'ਤੇ ਹਰਖ ਵੀ ਆਇਆ, ਪਰ ਫਿਰ ਸੋਚਿਆ, ਜਦ ਤੱਕ ਕੋਈ ਢੰਗ ਦਾ ਬੰਦਾ ਨਹੀਂ ਮਿਲ ਜਾਂਦਾ, ਉਦੋਂ ਤੱਕ ਇਸ ਬੁੜ੍ਹੇ ਜੱਟ ਨਾਲ਼ ਹੀ ਡੰਗ ਸਾਰਨਾ ਪੈਣਾ।

'ਇਹਦੇ ਨਾਲ਼ ਨਹੀਂ ਬੰਦੂਕ ਨਾਲ਼ ਨੌਕਰੀ ਵਜਾਉਣੀ ਐਂ, ਏਨੂੰ ਪਾਸੇ ਈ ਰੱਖ... ਬੰਦੂਕ ਅਸੀਂ ਦਿੰਨੇ ਆਂ, ਉਹ ਪਈ ਐ, ਮੈਡਮ ਜੀ ਏਹਨੂੰ ਰਿਕਾਰਡ ਰੂਮ ਚੋਂ ਅਸਲਾ ਚਕਾ ਦਿਉ...!!'

'ਤੂੰ ਚੱਲ... ਮੈਂ ਜ਼ਰੂਰੀ ਗੱਲ ਕਰ ਕੇ ਆਈ' ਜਦੋਂ ਉਹ ਕੈਬਿਨ ਵਿੱਚੋਂ ਬਾਹਰ ਚਲਾ ਗਿਆ ਤਾਂ ਮੈਡਮ ਨੇ ਸਵਾਲ ਕੀਤਾ, 'ਸਰ ਇਉਂ ਤਾਂ ਆਪਾਂ ਜਣੇ-ਖਣੇ ਨੂੰ ਰੱਖ ਨਹੀਂ ਸਕਦੇ... ਏਹ ਤਾਂ ਕੋਈ ਵੀ ਸ਼ਰਤ ਪੂਰੀ ਨਹੀਂ ਕਰਦਾ...'

'ਪਿਛਲੇ ਗਾਰਡ ਨੂੰ ਮਰਿਆਂ ਵੀਹ ਦਿਨ ਹੋ-ਗੇ ਐ..., ਉਹਦੀ ਥਾਂ 'ਤੇ ਭਰਤੀ ਹੋਣ ਲਈ ਅਜੇ ਕੋਈ ਵੀ ਅਰਜ਼ੀ ਨਹੀਂ ਆਈ ਜੋ ਹੈ ਸੋ ਆਹੀ ਐਂ' ਮੈਨੇਜਰ ਨੇ ਸ਼ੀਸ਼ੇ ਵਿੱਚ ਦੀ ਉਹਦੇ ਵੱਲ ਵੇਖਦਿਆਂ ਮੁਸਕਾਨ ਸਾਂਝੀ ਕੀਤੀ ਤੇ ਬੋਲਿਆ, 'ਏਥੇ ਕਿਹੜਾ ਚਤੋੜ ਦਾ ਕਿਲ੍ਹਾ ਜਿੱਤਣਾ... ਬੰਦੂਕ ਹੱਥ 'ਚ ਫੜ੍ਹ ਕੇ ਬੈਂਕ ਅੱਗੇ ਈ ਬੈਠਣਾ... ਇਹ ਬੈਠਾ ਰਹੂ... ਚਾਹ ਪਾਣੀ ਵੀ ਫੜਾਦਿਆ ਕਰੂ... ਤੁਸੀਂ ਟੈਨਸ਼ਨ ਨਾ ਲਵੋ...'

ਪਰ ਕਨੂੰਨ ਵੀ ਤਾਂ...

'ਏਥੇ ਕੇੜ੍ਹਾ ਸਾਰਾ ਕੁੱਝ ਕਾਨੂੰਨੀ ਤੌਰ 'ਤੇ ਸਹੀ ਹੁੰਦਾ... ਜੋ ਸਹੀ ਹੁੰਦਾ ਉਹ ਲੋਕਾਂ ਲਈ ਸਹੀ ਨਹੀਂ ਹੁੰਦਾ... ਪਰਸੋਂ ਦੇਖਿਆ, ਕਿਵੇਂ ਉਹ ਮੁੰਡਾ ਗਲ਼ ਪੱਟਣ ਤੀਕ ਆਉਂਦਾ ਸੀ, ਜੇ ਬੇਜ਼ਤੀ ਕਰ ਜਾਂਦਾ ਫੇਰ...'

ਹੁਣ ਮੈਡਮ ਕੋਲ਼ ਮੈਨੇਜਰ ਦੀ ਇਸ ਗੱਲ ਦਾ ਕੋਈ ਵੀ ਜਵਾਬ ਨਹੀਂ ਸੀ।

ਚੜ੍ਹਤ ਸਿੰਘ ਤੋਂ ਮੈਡਮ ਨੇ ਕੁਝ ਕਾਗਜ਼ਾਂ ਤੇ ਅਗੂੰਠੇ ਲਾਉਣ ਲਈ ਪੈਡ ਅੱਗੇ ਕੀਤੀ ਤਾਂ ਉਹਨੇ ਆਪਣੀ ਕੀਤੀ ਪੜ੍ਹਾਈ ਬਾਰੇ ਦੱਸਿਆ, 'ਪੂਰੀਆਂ ਪੰਜ ਜਮਾਤਾਂ ਪੜ੍ਹਿਆਂ ਜੀ ਮੈਂ'

ਚੜ੍ਹਤ ਸਿੰਘ ਨੇ ਚੱਚਾ ਲਿਖ ਕੇ ਤੇ ਨਾਲ਼ ਹੀ ਤੇਤੀ ਲਿਖ ਕੇ ਆਪਣਾ ਨਾਮ ਲਿਖ ਦਿੱਤਾ।

ਫਿਰ ਉਹਨੇ ਆਲ਼ੇ ਵਿੱਚ ਪਈ ਦੋਨਾਲੀ ਨੂੰ ਪੈਰਾਂ ਵਿੱਚੋਂ ਜੁੱਤੀ ਲਾਹ ਕੇ ਨਮਸਕਾਰ ਕੀਤੀ ਤੇ ਚੁੱਕ ਲਿਆ। ਇਹਤੇ ਜੰਮੀ ਧੂੜ ਨੂੰ ਪੱਗ ਦੇ ਲੜ ਨਾਲ਼ ਸਾਫ਼ ਕੀਤਾ ਤੇ ਰੌਂਦਾ ਆਲ਼ਾ ਪਟਾ ਚੱਕ ਕੇ ਮੋਢੇ ਪਾ ਕੇ ਬਾਹਰ ਪਈ ਲੱਕੜ ਦੀ ਕੁਰਸੀ

'ਤੇ ਜੰਮ ਕੇ ਬੈਠ ਗਿਆ। ਬੰਦੂਕ ਨੂੰ ਜਦ ਨੀਵਾਂ ਕਰਿਆ ਤਾਂ ਇਹਦੇ ਵਿੱਚੋਂ ਦੋ-ਤਿੰਨ ਮੱਕੜੀਆਂ ਜਾਲ਼ਾ ਛੱਡ ਕੇ ਦੌੜ ਗਈਆਂ। ਕਿੰਨਾ ਚਿਰ ਉਹ ਬੰਦੂਕ ਦੀਆਂ ਨਾਲ਼ਾਂ ਵਿੱਚ ਫੂਕਾਂ ਮਾਰੀ ਗਿਆ।

ਬੰਦੂਕ ਵਿੱਚ ਫੂਕ ਮਾਰਨ ਕਰਕੇ ਵੱਜਦੀ ਸੀਟੀ ਸੁਣ ਕੇ ਸਾਰਿਆਂ ਦੀ ਧੌਣ ਪਿੱਛੇ ਵੱਲ ਮੁੜ ਕੇ ਝਾਕੀ, ਪਰ ਉਹ ਕੌਲ਼ੇ ਨਾਲ਼ ਬੈਠਾ ਸੀ, ਸੋ ਕਿਸੇ ਦੀ ਨਜ਼ਰ ਨਹੀਂ ਪਈ।

ਬੰਦੂਕ ਨੂੰ ਸਾਫ਼ ਕਰਕੇ, ਮੋਢੇ ਵਿੱਚ ਪਾਏ ਰੌਂਦਾਂ ਨੂੰ ਪਟੇ ਵਿੱਚੋਂ ਕੱਢ ਕੇ ਕੰਬਲ ਦੇ ਲੜ ਨਾਲ਼ ਪੂੰਝਿਆ ਤਾਂ ਇਹਨਾਂ ਵਿੱਚੋਂ ਕਾਫ਼ੀ ਰੈਣੇ ਨਿਕਲ਼ ਕੇ ਉਹਦੀ ਝੋਲੀ ਵਿੱਚ ਡਿੱਗ ਪਏ। ਰੈਣਿਆਂ ਨੂੰ ਚੱਕ ਕੇ ਫਿਰ ਰੌਂਦਾਂ ਵਿੱਚ ਪਾਉਣ ਲੱਗ ਪਿਆ। ਉਹਨੇ ਜਦ ਬੈਂਕ ਦੇ ਖੁੱਲ੍ਹੇ ਕੈਂਚੀ ਗੇਟ ਵਿੱਚ ਦੀ, ਜੋ ਸੰਗਲ ਨਾਲ਼ ਏਨਾ ਭੀੜਾ ਕਰਕੇ ਬੰਨ੍ਹਿਆ ਸੀ ਕਿ ਇੱਕੋ ਵੇਲ਼ੇ ਇੱਕ ਬੰਦਾ ਹੀ ਟੇਢਾ ਹੋ ਲੰਘਦਾ, ਬੈਂਕ ਦੇ ਕਾਊਂਟਰ 'ਤੇ ਇੱਕ ਗਾਹਕ ਨੂੰ ਚੇਪੀ ਨਾਲ਼ ਨੋਟ ਜੋੜਦਿਆਂ ਵੇਖਿਆ। ਚੇਪੀ ਲਾਉਣ ਬਾਅਦ ਨੋਟ ਨੂੰ ਠੋਲਾ ਮਾਰ ਕੇ ਪਰਖ਼ਦਿਆਂ, 'ਲੈ ਬੀ ਹੁਣ ਚੱਲੂ, ਹੁਣ ਤਾਂ ਏਹ ਹਿੱਕ ਪਾੜ ਕੇ ਵੀ ਅੰਗਲੈਂਡ ਆਲ਼ੀ ਰਾਣੀ ਕੋਲ਼ ਦੂਣੇ ਭਾਅ ਚੱਲੂ'

ਚੜ੍ਹਤ ਸਿੰਘ ਬੰਦੂਕ ਨੂੰ ਮੋਢੇ 'ਤੇ ਲਟਕਾਈ, ਹੱਥ ਵਿੱਚ ਰੌਂਦ ਫੜ੍ਹ ਕੇ ਅੰਦਰ ਆ ਗਿਆ। ਕਾਊਂਟਰ ਤੇ ਪਈ ਚੇਪੀ ਆਲ਼ੀ ਫਿਰਕੀ ਤੋਂ ਕਾਫ਼ੀ ਚੇਪੀ ਉਂਗਲ ਤੇ ਵਲੇਟ ਕੇ ਓਹਨੇ ਪੈਰੀਂ ਬਾਹਰ ਆ ਕੇ ਕੁਰਸੀ ਤੇ ਬਹਿ ਗਿਆ। ਉਂਗਲ ਤੋਂ ਚੇਪੀ ਉਤਾਰ ਕੇ ਖ਼ਸਤਾ ਰੌਂਦਾਂ ਤੇ ਲਾਉਣ ਲੱਗ ਪਿਆ, ਜਿੱਥੋਂ ਉਨ੍ਹਾਂ ਦਾ ਬਰੂਦ ਬਾਹਰ ਨਿਕਲ਼ਣ ਦਾ ਡਰ ਬਣਿਆ ਸੀ। ਚਾਰੇ ਰੌਂਦਾਂ 'ਤੇ ਚੇਪੀ ਲਾਉਂਦਿਆਂ, ਜਦ ਆਖ਼ਰੀ ਵਟ ਲਾਹਿਆ ਤਾਂ ਉਂਗਲ ਦੇ ਵਾਲ਼ ਵੀ ਪੱਟੇ ਗਏ।

ਪੀੜ ਨਾਲ਼ ਅੱਖਾਂ ਵਿੱਚੋਂ ਪਾਣੀ ਸਿੰਮ ਕੇ ਦਾੜ੍ਹੀ ਵਿੱਚ ਹੀ ਗੁਆਚ ਗਿਆ।

ਬੰਦੂਕ ਵਿੱਚ ਰੌਂਦ ਪਾ ਕੇ ਤਿਆਰੀ ਵੱਟ ਕੇ ਬਹਿ ਗਿਆ, ਜਿਵੇਂ ਹੁਣੇ ਹੀ ਬੈਂਕ ਨੂੰ ਲੁੱਟਣ ਲਈ ਲੁਟੇਰੇ ਆਉਣੇ ਹੋਣ। ਉਹਦੇ ਅੰਦਰ ਖ਼ਿਆਲ ਆਉਣ ਲੱਗੇ, ਜੇ ਲੁਟੇਰਾ ਆ ਵੀ ਗਿਆ ਤਾਂ ਉਸ ਕੰਧ ਪਿੱਛੇ ਲੁਕ ਕੇ ਪੂਰਾ ਮੁਕਾਬਲਾ ਕਰ ਸਕਦਾ। ਉਹ ਬਣੇ ਹੋਏ ਕੋਨੇ ਵਿੱਚ ਜਾ ਕੇ ਨਿਸ਼ਾਨਾ ਸਿੰਨਣ ਲੱਗਿਆ ਤਾਂ ਇੱਥੇ ਲੋਕਾਂ ਦੇ ਪਿਸ਼ਾਬ ਕਰਕੇ ਕਾਫ਼ੀ ਹਵਾੜ ਬਣ ਕੇ ਸਿਰ ਨੂੰ ਚੜ੍ਹਣ ਲੱਗੀ।

ਇਸ ਥਾਂ ਨੂੰ ਮੋਰਚਾ ਬਣਾਉਣ ਦਾ ਖ਼ਿਆਲ ਦਿਲੋਂ ਕੱਢ ਦਿੱਤਾ।

ਕੋਈ ਹੋਰ ਥਾਂ ਲੱਭਣ ਦੀ ਕੋਸ਼ਿਸ਼ ਕੀਤੀ, ਤਾਂ ਉਹਨੂੰ ਸਾਹਮਣੇ ਇੱਕ ਕਿੱਕਰ ਵਿਖਾਈ ਦਿੱਤੀ। ਜਿਹਦੇ ਪੈਰਾਂ ਵਿੱਚ ਇੱਕ ਚੱਕੀਰਾਹਾ ਕੀੜੇ ਖਾ ਰਿਹਾ ਸੀ। ਕਿੱਕਰ ਏਨੀ ਨਰੋਈ ਨਹੀਂ ਸੀ ਕਿ ਜੋ ਉਹਨੂੰ ਆਪਣੇ ਪਿੱਛੇ ਲੁਕਾ ਸਕਦੀ।

ਇਉਂ ਆਪਣੇ ਲਈ ਮੋਰਚਾ ਬਣਾਉਣ ਲਈ ਥਾਂ ਲੱਭਦਾ ਹੋਇਆ ਸ਼ਾਮ ਤੱਕ

ਕੁਰਸੀ 'ਤੇ ਬੈਠਾ ਰਿਹਾ। ਰੌਂਦਾਂ ਵਾਲ਼ਾ ਪਟਾ ਮੋਢੇ ਪਾਉਣ ਕਰਕੇ ਉਹ ਆਕੜ ਕੇ ਬੈਠਾ ਰਿਹਾ। ਜਿਸ ਵਜਾ ਕਰਕੇ ਉਹਦੇ ਮੌਰ ਵੀ ਦੁੱਖਣ ਲੱਗ ਪਏ।

'ਕੱਲ੍ਹ ਆਇਆ ਜੇ ਹੁਣ ਬੈਂਕ ਬੰਦ ਐ ਉਏ...'

ਰਣਵਿਜੇ ਦੇ ਇਸ ਹੁਕਮ ਨਾਲ਼ ਹੀ ਸਾਰਿਆਂ ਨੇ ਕੰਪਿਊਟਰ ਬੰਦ ਕਰ ਦਿੱਤੇ ਤੇ ਆਪੋ-ਆਪਣੇ ਰੋਟੀ ਆਲ਼ੇ ਡੱਬੇ ਚੱਕ ਕੇ ਬਾਹਰ ਜਾਣ ਦੀ ਤਿਆਰੀ ਕਰਨ ਲੱਗ ਪਏ।

ਚੜ੍ਹਤ ਸਿੰਘ ਨੇ ਬੰਦੂਕ ਨੂੰ ਫਿਰ ਆਲ਼ੇ ਵਿੱਚ ਰੱਖਿਆ ਤੇ ਪੈਰ ਜੋੜ ਕੇ, ਸਿਰ ਨਿਵਾ ਕੇ ਮੱਥਾ ਟੇਕ ਕੇ ਅਰਦਾਸ ਕੀਤੀ। ਬੰਦੂਕ ਵਿੱਚੋਂ ਰੌਂਦ ਕੱਢ ਕੇ ਪੱਟੇ ਵਿੱਚ ਪਾ ਦਿੱਤੇ।

ਸਾਰੇ ਮੁਲਾਜ਼ਮ ਜਦ ਆਪੋ-ਆਪਣੇ ਮੋਟਰਸਾਈਕਲਾਂ ਦੀਆਂ ਕਿੱਕਾਂ ਮਾਰ ਕੇ ਜਾ ਰਹੇ ਸੀ ਤਾਂ ਚੜ੍ਹਤ ਸਿੰਘ ਪਜਾਮੇ ਦੇ ਪਹੁੰਚੇ ਨੂੰ ਗੋਡੇ ਤੱਕ ਚਾੜ੍ਹ ਕੇ, ਸਾਈਕਲ ਦੇ ਹੈਂਡਲ ਨੂੰ ਮੱਥਾ ਟੇਕਦਾ ਪਿਆ ਸੀ।

□ □ □

ਚਾਹੇ ਚੜ੍ਹਤ ਸਿੰਘ ਨੇ ਘਰ ਜਾ ਕੇ ਕੁਝ ਵੀ ਨਹੀਂ ਕਰਨਾ ਹੁੰਦਾ, ਪਤਾ ਨਹੀਂ ਫਿਰ ਵੀ ਕਿਉਂ, ਉਹਦੇ ਅੰਦਰ ਕਾਹਲ ਸੀ ਕਿ ਉਹਦਾ ਸਮਾਂ ਖ਼ਰਾਬ ਹੋ ਜਾਊਗਾ।

ਜਿਵੇਂ-ਜਿਵੇਂ ਉਹ ਪਿੰਡ ਵੱਲ ਵਧ ਰਿਹਾ ਸੀ, ਤਿਵੇਂ-ਤਿਵੇਂ ਗਲ਼ੀ ਵਿੱਚ ਖੇਡਦੇ ਜਵਾਕਾਂ ਦੀ ਅਵਾਜ਼ ਉਹਦੇ ਕੰਨਾਂ ਵਿੱਚ ਪੈਣ ਲੱਗੀ। ਉਹਨੇ ਸਾਈਕਲ ਦੀ ਰਫ਼ਤਾਰ ਫਿਰਨੀ 'ਤੇ ਆ ਕੇ ਏਨੀ ਹੌਲ਼ੀ ਕਰ ਲਈ ਕਿ ਜੇਕਰ ਕਿਸੇ ਸ਼ੈਅ ਨਾਲ਼ ਟਕਰਾ ਹੋਣ ਲੱਗਿਆ ਤਾਂ ਛਾਲ ਮਾਰ ਕੇ ਕਾਠੀ ਤੋਂ ਭੁੰਜੇ ਉਤਰ ਜਾਵੇ।

ਭੇਡਾਂ ਦੇ ਵੱਗ ਵਿੱਚੋਂ ਭੱਜੇ ਆਉਂਦੇ ਸ਼ੇਰੇ ਨੂੰ ਵੇਖਣ ਲਈ ਉਹਨੇ ਸਾਈਕਲ ਨੂੰ ਰੋਕ ਲਿਆ। ਉਹਦੇ ਅਸਾਨੀ ਨਾਲ਼ ਲੰਘਣ ਲਈ ਸਾਈਕਲ ਘੜੀਸ ਵੱਖੀ ਨਾਲ਼ ਲਾ ਲਿਆ।

'ਓਏ... ਓਨ੍ਹਾਂ ਨਾਲ਼ ਰਲ਼ ਗਿਐਂ...!!' ਸ਼ੇਰਾ ਉਹਦੇ ਵੱਲ ਪੂਰੇ ਹਰਖ਼ ਨਾਲ਼ ਵੇਖਣ ਲੱਗ ਪਿਆ। ਉਹਦੇ ਵੱਲ ਇੰਨੇ ਜ਼ੋਰ ਨਾਲ਼ ਉਂਗਲ ਤਾਣੀ ਕਿ ਕੜਿੱਲ ਪੈ ਗਈ। ਜਦ ਚੜ੍ਹਤ ਸਿੰਘ ਨੇ ਅੱਖ ਝਪਕੀ ਤਾਂ ਪੋਟਾ ਪਲਕ ਨੂੰ ਛੂਹ ਗਿਆ। ਫਿਰ ਉਹਨੇ ਖੱਬੀ ਅੱਖ ਨਹੀਂ ਝਪਕੀ, ਸੱਜੀ ਅੱਖ ਹੀ ਹਿਲਾਈ। ਉਂਗਲ ਵੱਲ ਵੇਖਦਿਆਂ ਦੋਵੇਂ ਆਨੇ ਨੱਕ ਦੀ ਜੜ ਵਿੱਚ ਆ ਲੱਗੇ।

'ਮੈਂ... ਮੈਂ... ਵਿੱਚੇ ਤੈਨੂੰ ਵੇਖੂੰਗਾ....' ਸ਼ੇਰਾ ਇਹਤੋਂ ਅੱਗੇ ਕੁਝ ਬੋਲਦਾ, ਉਹਨੂੰ ਗਲ਼ੀ ਵਿੱਚ, ਭੇਡਾਂ ਦੇ ਵੱਗ ਓਤਦੀ ਕਿਸੇ ਦੇ ਆਉਣ ਦਾ ਡਰ ਸੀ। ਉਹਦੇ ਵੇਖਦੇ-ਵੇਖਦੇ ਹੀ ਸ਼ੇਰਾ ਸਾਹਮਣੇ ਘਰ ਦੀ ਨੀਵੀਂ ਕੰਧ ਲੰਘ ਕੇ, ਵੱਡੇ ਸਾਰੇ ਟੋਕਰੇ ਥੱਲੇ ਵੜ ਕੇ ਬਹਿ ਗਿਆ, ਜੀਹਦੇ ਵਿੱਚ ਕੁੱਕੜ ਤਾੜੇ ਜਾਂਦੇ ਸੀ।

ਜਦ ਭੇਡਾਂ ਦੀ ਉਡਾਈ ਧੂੜ ਥੱਲੇ ਬੈਠੀ ਤਾਂ ਉਹਨੂੰ ਦੋ ਸਿਪਾਹੀ, ਹੱਥਾਂ ਵਿੱਚ ਬੈਂਤ ਫੜ੍ਹ ਕੇ ਭੱਜੇ ਆਉਂਦੇ ਵਿਖਾਈ ਦਿੱਤੇ। ਜਿਨਾ ਦਾ ਸਾਹ ਚੜ੍ਹਿਆ ਸੀ।

'ਸਾਲਾ ਖੱਚ ਕਿਸੇ ਥਾਂ ਦਾ ਕਿਧਰ ਲੋਪ ਹੋ ਗਿਆ' ਉਹਦੇ ਪਿੱਛੇ ਹੀ ਬੈਂਕ ਦਾ ਵਕੀਲ ਆ ਗਿਆ ਜੋ ਆਪਣੇ ਹੱਥ ਵਿੱਚ ਦੋ-ਚਾਰ ਫਾਇਲਾਂ ਚੱਕੀ ਫਿਰਦਾ ਸੀ, 'ਬੈਸ ਅਸੀਂ ਤੈਨੂੰ ਕੁਸ਼ ਨੀ ਆਂਹਦੇ, ਐਤੇ 'ਗੂਠਾ ਲਾ ਕੇ ਸਾਡੀ ਜਾਨ ਸੌਖੀ ਕਰ'

ਸਿਪਾਹੀ ਅੱਗੇ ਗਏ ਤਾਂ ਉਨ੍ਹਾਂ ਦੇ ਇੱਕ ਰੋੜੀ ਵੱਜੀ ਮੱਥੇ ਵਿੱਚ ਆ ਕੇ। ਰੋੜੀ ਚੱਕੀ ਤਾਂ ਇਹਦੇ ਉੱਤੇ ਦੋ ਨੋਟ ਲੱਗੇ ਸੀ। ਇਹਨਾਂ ਨੋਟਾਂ ਦੇ ਵਲ ਕੱਢ ਕੇ ਜੇਬਾਂ ਵਿੱਚ ਪਾਉਂਦੇ, 'ਉਹ ਨੀ ਥਿਔਂਦਾ ਹੁਣ, ਆਪਾਂ ਪੰਦਰਾਂ ਕੁ ਦਿਨਾਂ ਨੂੰ, ਜਾਂ ਫੇਰ ਆਉਂਦੇ ਸਨਿੱਚਰ ਨੂੰ ਲੁਕ-ਛਿਪ ਕੇ ਛਾਪਾ ਮਾਰਾਂ-ਗੇ...ਜੀ...'

'ਹਾਂ ਜੀ ਆਪਾਂ ਚੱਲੀਏ...' ਪਤਲੇ ਜਿਹੇ ਸਿਪਾਹੀ ਨੇ ਇਸ ਲਹਿਜ਼ੇ ਨਾਲ਼ ਆਖਿਆ ਕਿ ਸ਼ੇਰਾ ਅਗਲੇ ਚਾਰ ਦਿਨਾਂ ਤੀਕ ਬੇਫ਼ਿਕਰਾ ਹੋ ਜਾਵੇ।

□ □ □

ਬਾਬੇ ਮਿਲਖ਼ੀ ਦੇ ਘਰੋਂ ਜੋਗੀ ਕੁਰਸੀਆਂ ਸਿਰ ਤੇ ਚੱਕ ਕੇ ਲੈ ਆਇਆ। ਤੇ ਰਾਣੀ ਦੇ ਘਰ ਖੁੱਲੇ ਵਿਹੜੇ ਵਿੱਚ ਲਿਆ ਰੱਖੀਆਂ। ਪਿੱਛੇ ਹੀ ਉਹਦੀ ਮਾਂ ਆਪਣੇ ਹੱਥ ਵਿੱਚ ਸਿਰਹਾਣੇ ਫੜ੍ਹ ਕੇ ਲਈ ਆਉਂਦੀ ਹੈ ਤਾਂ ਏਨਾਂ ਕੁਰਸੀਆਂ ਤੇ ਜਚਾ ਕੇ ਰੱਖਦਿਆਂ, 'ਵੇ ਜੋਗੀਆ, ਤੂੰ ਹੱਟੀ ਤੋਂ ਭੁਜੀਆ ਤੇ ਬਿਸਕੁੱਟ ਲੈ ਕੇ ਆ, ਚੰਗੀ ਤਰ੍ਹਾਂ ਨਿਰਖ਼-ਲੀ, ਕਿਤੇ ਕੀੜੀਆਂ ਦੇ ਟੁੱਕ ਨਾ ਮਾਰੇ ਹੋਣ....।'

'ਨਹੀਂ, ਕੋਈ ਲੋੜ ਨਹੀਂ, ਉਹ ਤਾਂ ਪਰਸੋਂ ਲੈ ਆਇਆ ਸੀ ਬਰਫ਼ੀ' ਚੜ੍ਹਤ ਸਿੰਘ ਨੇ ਅੰਗੀਠੀ ਤੇ ਮੂਧੇ ਪਏ ਕੂੰਡੇ ਵਿੱਚੋਂ ਬਰਫ਼ੀ ਦੇ ਚਾਰ ਪੰਜ ਟੁਕੜੇ ਕੱਢ ਕੇ ਵਿਖਾਏ, 'ਆ ਨੇ'

'ਐਨਾ ਖ਼ਰਚਾ ਕਾਤੋਂ ਕਰਨਾ ਸੀਗਾ...'

'ਖ਼ਰਚ ਕਾਹਦਾ...ਬੈਂਕ ਦੇ ਮੈਨੇਜਰ ਦਾ ਜਰਮ ਦਿਨ ਸੀਗਾ, ਉਹਨੇ ਸਾਰਿਆਂ ਨੂੰ ਪਾਲਟੀ ਕੀਤੀ ਸੀ, ਵੱਡੇ ਸਾਰੇ ਲਿਫ਼ਾਫ਼ੇ ਵਿੱਚ ਖਾਣ ਚੀਜ਼ਾਂ ਲਿਆ ਕੇ ਧਰ ਦਿੱਤੀਆਂ, ਉਹ 'ਚੋਂ ਜੋ ਬਚ ਗਿਆ, ਮੇਰੇ ਹਿੱਸੇ ਦਾ ਮੈਂ ਘਰੇ ਲੈ ਆਇਆ, ਬਈ ਕਿਸੇ ਆਏ ਗਏ ਦੀ ਇੱਜ਼ਤ-ਮਾਣ ਹੋਜੂ...!' ਉਹਨੇ ਬੜੀ ਔਖ ਨਾਲ਼ ਆਪਣਾ ਮਨ ਇਹ ਬਰਫ਼ੀ ਖਾਣ ਤੋਂ ਰੋਕਿਆ ਸੀ। ਦਿਲ ਵਿੱਚ ਆਉਂਦਾ, ਭੋਰਾ ਸਵਾਦ ਵੇਖ ਹੀ ਲਵੇ। ਪਰ ਹਰੇਕ ਵਾਰੀ ਇਹ ਬਰਫ਼ੀ ਦਾ ਟੁੱਕੜਾ ਬੁੱਲਾਂ 'ਤੇ ਆ ਕੇ ਰੁੱਕ ਜਾਂਦਾ, ਜਦੋਂ ਸਿੰਦਰ ਨੇ ਆ ਕੇ ਦੱਸਿਆ, 'ਬਾਈ ਪਰਸੋਂ ਆਪਣੀ ਗੁੱਡੀ ਨੂੰ ਵੇਖਣ ਲਈ ਮੁੰਡੇ ਆਲ਼ੇ ਫੇਰਾ ਪਾਉਣਗੇ...'

ਸੋ ਉਹਨੇ ਆਪਣਾ ਮਨ ਮਾਰ ਲਿਆ।

ਤੇ ਹੁਣ ਰਾਣੀ ਦੀ ਵੇਖਾ-ਵਖਾਈ ਲਈ ਤਿਆਰੀ ਹੋ ਰਹੀ ਸੀ।

'ਮੁੰਡਿਆ ਐਥੇ ਪਾਣੀ ਦਾ ਛਿੜਕਾ ਕਰਦੇ ... ਧੂੜ ਮਿੱਟ ਨਾ ਉੱਡੂ...'

ਜਿੰਦਰ ਇਸ ਘਰ ਵਿੱਚ ਸਭ ਤੋਂ ਮੋਹਰੀ ਹੋ ਕੇ ਕੰਮ ਧੰਦੇ ਕਰਾਉਂਦੀ ਪਈ ਸੀ, ਕਿ ਇਹ ਘਰ ਪੂਰਾ ਰੱਜਿਆ-ਪੁੱਜਿਆ ਲੱਗੇ। ਦੋ ਮੱਝਾਂ ਖੋਲ੍ਹ ਕੇ ਇਧਰ ਲਿਆ ਕੇ ਬੰਨ੍ਹ ਦਿੱਤੀਆਂ ਸੀ। ਉਨ੍ਹਾਂ ਅੱਗੇ ਟੋਕਰਿਆਂ ਵਿੱਚ ਹਰਾ-ਚਾਰਾ ਪਾ ਕੇ ਰੱਖ ਦਿੱਤਾ ਗਿਆ।

ਜੋਗੀ ਪਾਣੀ ਛਿੜਕਦਾ ਹੋਇਆ, ਅੰਦਰ ਮੰਜੇ 'ਤੇ ਚੜ੍ਹ ਕੇ ਕੰਧ 'ਤੇ ਲੱਗੀ ਬਾਬੇ ਨਾਨਕ ਦੀ ਤਸਵੀਰ ਨੂੰ ਸਾਫ਼ ਕਰਦੀ ਰਾਣੀ ਵੱਲ ਰੋਣ-ਹਾਕਾ ਹੋਇਆ ਵੇਖਦਾ ਪਿਆ ਸੀ। ਅਖ਼ੀਰ ਅੱਗਾ ਪਿੱਛਾ ਵੇਖ ਕੇ ਉਹ ਅੰਦਰ ਜਾ ਕੇ ਰਾਣੀ ਕੋਲ਼ ਹਰਖ਼ ਨਾਲ਼ ਬੋਲਿਆ, 'ਦੰਦ ਕੱਢੀ ਜਾਨੀ ਐਂ, ਬੜਾ ਚਾਅ ਮੈਨੂੰ ਧੋਖਾ ਦੇ ਕੇ ਕਿਸੇ ਹੋਰ ਨਾਲ਼ ਲਾਵਾਂ ਲੈਣ ਲਈ... ਅੱਧੀ ਰਾਤੀਂ ਸ਼ਹਿਰੋਂ ਪਤਾਸੇ ਲਿਆ-ਲਿਆ ਕੇ ਖਵਾਉਂਦਾ ਮੈਂ ਮਰ ਗਿਆ... ਖਿੱਲਾਂ ਜਿੰਨੀ ਕਦਰ ਨੀ ਪਾਈ ਤੈਂ... '

'ਤੇਰੀ ਬੇਬੇ ਆਂਹਦੀ ਸੀ ਕਿ ਜੇ ਉਨ੍ਹਾਂ ਨੂੰ ਮੈਂ ਪਸਿੰਦ ਆਗੀ ਤਾਂ ਉਹ ਮੈਨੂੰ ਨਵਾਂ ਸੂਟ ਤੇ ਉਂਗਲ ਨੂੰ ਮੁੰਦਰੀ ਪਾ ਕੇ ਜਾਣਗੇ...' ਰਾਣੀ ਨੇ ਉਹਦੇ ਅੰਦਰ ਨੂੰ ਖੰਗਾਲ ਦਿੱਤਾ, 'ਨਾਲ਼ੇ ਮੈਨੂੰ ਐਂ ਆਨੇ ਕੱਢ ਕੇ ਵੇਖਣ ਦੀ ਲੋੜ ਨੀ, ਛਾਪ ਤਾਂ ਤੇਰੀ ਮਾਂ ਨੂੰ ਵੀ ਪੈਣੀ ਐਂ, ਜੇੜ੍ਹੀ ਬਚੋਲਣ ਬਣੀ ਫਿਰਦੀ ਐ'

'ਆਹ ਸ਼ਕਲ ਵਿਗਾੜ ਲੈ ਫੇਰ ਨੀ ਉਹ ਤੈਨੂੰ ਪਸੰਦ ਕਰਦੇ, ਮੂੰਹ ਤੇ ਤਵੇ ਦੀ ਕਾਲਸ ਕਰੀਮ ਵਾਨੂੰ ਮਲ-ਲੈ...' ਉਹਨੇ ਆਪਣੇ ਅਗੂਠੇ ਦੇ ਸਿਰੇ ਨੂੰ ਕਾਲਸ ਲੱਗੀ ਵਿਖਾਈ ਤੇ ਇਸ਼ਾਰੇ ਨਾਲ਼ ਮੂੰਹ ਅੱਗੇ ਕਰਨ ਲਈ ਆਖਿਆ।

'ਮੈਂ ਤਾਂ ਸੋਚਿਆ ਸੀ, ਕਿਤੇ ਨਜ਼ਰ ਲੱਗਣ ਤੋਂ ਟਿੱਕਾ ਲਾਉਣ ਲਈ ਹਾਬੜਿਆ ਫਿਰਦੈਂ" ਰਾਣੀ ਨੇ ਸਾਫ਼ ਮਨਾ ਕਰਦਿਆਂ, 'ਏਹ ਨੀ ਲਾਉਂਦੀ ਮੈਂ, ਚਾਰ ਦਿਨ ਹੋਗੇ ਪਾਂਡੋ ਮਿੱਟੀ ਮੂੰਹ ਤੇ ਮਲ਼ਦੀ ਨੂੰ, ਹੁਣ ਕਿਤੇ ਜਾ ਕੇ ਫ਼ਰਕ ਪਿਆ....'

'ਜੇੜ੍ਹੇ ਵਾਹਣ ਦੀ ਪਾਂਡੋ ਮਿੱਟੀ ਲਾਈ ਐ ਨਾ ਓਸ ਵਾਹਣ ਦੀਆਂ ਫਸਲਾਂ ਫੂਕਦੂੰ...'

'ਆਵਦੀ ਮਾਂ ਨੂੰ ਪੁੱਛਲੀਂ, ਉਹਨੇ ਲਿਆ ਕੇ ਦਿੱਤੀ ਐ...'

'ਮੇਰੀ ਮਾਂ ਦੀ ਦਿੱਤਾ.... ਤੂੰ ਏਨੀ ਪਹਿਣ-ਪੱਚਰ ਕੇ ਨਾ ਜਾਵੀਂ...' ਜੋਗੀ ਗਾਲ਼ ਕੱਢਦਾ ਕੱਢਦਾ ਰੁੱਕ ਗਿਆ। ਰਾਣੀ ਨੇ ਨਹੁੰਆਂ ਨਾਲ਼ ਆਪਣੇ ਸਿਰ ਦੇ ਵਾਲ਼ ਥੋੜੇ ਜਿਹੇ ਖਿਲਾਰ ਲਏ। ਉਹਦੇ ਅੰਗੂਠੇ ਨੂੰ ਲੱਗੀ ਕਾਲਸ ਅੱਖਾਂ ਦੇ ਕੋਇਆਂ ਥੱਲੇ ਲਾ ਲਈ।

'ਹੁਣ ਵੇਖ...'

'ਹਾਏ ਰੱਬਾ ਮੇਰੇ ਮਾੜੇ ਕਰਮ, ਤੂੰ ਤਾਂ ਅਜੇ ਵੀ ਸੋਹਣੀ ਲੱਗੀ ਜਾਨੀ ਐਂ, ਥੋੜੀ ਜਿਹੀ ਥੂਥੀ ਵਿੰਗੀ ਕਰ-ਲੀਂ, ਆਹ ਅੱਖ ਮੀਚ ਕੇ ਟੀਰ ਕੱਢੀ-ਲੀਂ, ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਹੀਲੇ ਜਚੇਂ ਨਾ...'

ਪੂਰੀ ਤਿਆਰੀ ਕਰਕੇ ਵਿਹੜੇ ਵਿੱਚ ਬੈਠੇ ਹੋਏ ਮੁੰਡੇ ਵਾਲ਼ਿਆਂ ਦੀ ਉਡੀਕ ਕਰਨ ਲੱਗ ਪਏ। ਛੇਤੀ ਹੀ ਦੋ ਸਕੂਟਰ ਉਹਨਾਂ ਦੇ ਬੂਹੇ ਅੱਗੇ ਆ ਰੁਕੇ। ਸਕੂਟਰਾਂ ਨੂੰ ਰੋੜ ਕੇ ਇੱਕ ਪਾਸੇ ਲਾ ਦਿੱਤਾ, ਪਰ ਮੁੰਡੇ ਨੇ ਸਕੂਟਰ ਖਿੱਚ ਕੇ ਅੰਦਰ ਕਰ ਲਿਆ ਸੀ, ਕਿਤੇ ਕੋਈ ਅਵਾਰਾ ਪਸ਼ੂ ਇਹਦੇ ਨਾਲ਼ ਖਹਿ ਨਾ ਜਾਵੇ। ਕਿਤੇ ਕੋਈ ਇੱਲਤੀ ਨਿਆਣਾ ਝਰੀਟ ਨਾ ਮਾਰ ਦੇਵੇ...।

'ਸਾਸਰੀ ਕਾਲ ਜੀ'

ਸਾਰੇ ਇੱਕ ਦੂਜੇ ਨਾਲ਼ ਹੱਥ ਮਿਲਾ ਕੇ ਗਲ਼ ਲੱਗ ਕੇ ਕੁਰਸੀਆਂ 'ਤੇ ਆ ਕੇ ਬਹਿ ਗਏ। ਮੁੰਡੇ ਦੀ ਨਿਗਾਹ ਘਰ ਵਿੱਚ ਚੋਰ-ਝਾਤ ਨਾਲ਼ ਕੁੜੀ ਨੂੰ ਲੱਭਦੀ ਫਿਰਦੀ ਸੀ। ਬੈਠਕ ਦੀ ਬਾਰੀ ਪਿੱਛੇ ਸ਼ਿਸਤ ਬਣ ਕੇ ਵਿਰਲ ਵਿੱਚੋਂ ਦੀ ਬਾਹਰ ਵੇਖਦੀ ਰਾਣੀ ਦਾ ਹਰਾ ਦੁਪੱਟਾ ਮੁੰਡੇ ਨੂੰ ਵਿਖਾਈ ਦਿੱਤਾ, ਜੋ ਉਹਦੇ ਹੱਥ ਵਿੱਚ ਫੜ੍ਹੇ ਰੁਮਾਲ ਨਾਲ਼ ਮੇਲ ਖਾਂਦਾ ਪਿਆ ਸੀ।

'ਲੱਗਦਾ ਸੰਜੋਗ ਤਾਂ ਹੋਣ-ਗੇ, ਰੰਗ ਮਿਲਣ ਲੱਗ-ਪੇ ਐ' ਇਹ ਚਾਅ ਉਹਦੇ ਅੰਦਰ ਲੁੱਡੀ ਪਾ ਗਿਆ।

ਮੁੰਡੇ ਦੇ ਚਿਹਰੇ ਦੀ ਮੁਸਕਾਨ ਵੇਖ ਕੇ ਜੋਗੀ ਦੇ ਅੰਦਰ ਲਾਵਾ ਫੁੱਟ ਗਿਆ ਸੀ।

'ਰਾਣੀ ਪੁੱਤ, ਪਾਣੀ ਲਿਆਓ...'

ਰਾਣੀ ਸਟੀਲ ਦੀ ਥਾਲੀ ਵਿੱਚ, ਜੀਹਨੂੰ ਰੰਗ ਕਰਕੇ ਵਿੱਚ ਮੋਰਾਂ ਦੀਆਂ ਤਸਵੀਰਾਂ ਵਾਹੀਆਂ ਸੀ, ਪਾਣੀ ਦੇ ਚਾਰ-ਪੰਜ ਗਲਾਸ ਰੱਖ ਕੇ ਲੈ ਆਈ। ਜੋਗੀ ਪਾਣੀ ਦਾ ਜੱਗ ਭਰ ਕੇ ਨਾਲ਼ ਹੀ ਆ ਗਿਆ। ਥਾਲੀ ਵਿੱਚੋਂ ਪਾਣੀ ਦੇ ਗਲਾਸ ਚੱਕਦਿਆਂ ਸਾਰਿਆਂ ਨੇ ਕੁੜੀ ਵਿੱਚੋਂ ਕੋਈ ਖੋਟ ਲੱਭਣ ਦੀ ਜਾਚ ਨਾਲ਼ ਨਿਗਾਹ ਮਾਰੀ।

'ਆਹ ਮੁੰਡਾ...' ਮੁੰਡੇ ਦੇ ਪਿਉ ਨੇ ਪੁੱਛਿਆ।

'ਏਹ...' ਸਿੰਦਰ ਨੇ ਥੋੜ੍ਹਾ ਜਿਹਾ ਚੁੰਨੀ ਨਾਲ਼ ਮੱਥਾ ਪੂੰਝਦਿਆਂ, 'ਏਹਦਾ ਭਰਾ ਈ ਐ, ਮੇਰਾ ਕਾਕਾ ਜੀ, ਦੋਮੇਂ ਕੱਠੇ ਪੜ੍ਹਦੇ ਰਹੇ ਐ, ਦੋਆਂ 'ਚ ਬਾਹਲਾ ਮੋਹ ਐ, ਇੱਕੋ ਕਾਇਦੇ ਤੋਂ ਪੜ੍ਹਦੇ ਰਹੇ ਐ...!'

ਮੁੰਡੇ ਨੇ ਮੁੱਛ ਨੂੰ ਵਾਟ ਚਾੜ੍ਹ ਕੇ ਜੀਜੇ ਹੋਣ ਵਾਲ਼ਾ ਜੋਗੀ 'ਤੇ ਰੋਅਬ ਮਾਰਿਆ।

ਮੁੰਡੇ ਦਾ ਮਾਮਾ ਤਰਲੋਚਨ ਸਿੰਘ, ਜਿਸਨੇ ਉੰਨ ਨਾਲ਼ ਘਰ ਵਿੱਚ ਬੁਣੀ ਜੈਕਟ ਪਾਈ ਸੀ, ਪਾਣੀ ਦਾ ਖ਼ਾਲੀ ਗਲਾਸ ਮੇਜ਼ ਤੇ ਰੱਖਣ ਲਈ ਅੱਗੇ ਝੁਕਿਆ ਤਾਂ ਕੁਰਸੀ ਦੀਆਂ ਚਾਰੇ ਚੂਲਾਂ ਜਰਕ ਪਈਆਂ। ਕੁਰਸੀ ਦੀਆਂ ਅਗਲੀਆਂ ਦੋਵੇਂ ਲੱਤਾਂ 'ਤੇ ਭਾਰ ਪੈਣ ਕਰਕੇ ਉਹ ਮਿੱਟੀ ਵਿੱਚ ਦੋ ਉਂਗਲਾਂ ਤੀਕ ਧਸ ਗਈਆਂ। ਇਹ ਵੇਖਦਿਆਂ ਚੜ੍ਹਤ ਸਿੰਘ ਦੇ ਸਾਹ ਖਿੱਚੇ ਗਏ। ਉਹਦੀ ਛਾਤੀ ਹੋਰ ਪਿਚਕ ਗਈ।

ਚੜ੍ਹਤ ਸਿੰਘ ਦੇ ਚਿਹਰੇ 'ਤੇ ਕੁਰਸੀ ਦੇ ਟੁੱਟ ਜਾਣ ਦਾ ਡਰ ਉਭਰ ਗਿਆ,

ਜੋ ਰਾਣੀ ਦੇ ਰਿਸ਼ਤੇ ਨੂੰ ਨਾਂਹ ਹੋਣ ਤੋਂ ਵੀ ਵੱਡਾ ਸੀ। ਉਹਨੇ ਪੂਰੀ ਚਿੰਤਾ ਨਾਲ਼ ਕਿਹਾ, 'ਭਾਈ ਸਾਬ ਤੁਸੀਂ ਕਿਰਪਾ ਕਰਕੇ, ਆਹ ਕੁਰਸੀ ਕਿਤੇ ਤਿੜਕ ਨਾ ਜਾਵੇ, ਅਸੀਂ ਆਹ ਆਪਣੇ ਗਲ਼ੀ ਦੇ ਗਵਾਂਢੀ ਮਿਲਖ਼ੀ ਦੇ ਘਰੋਂ ਮੰਗ ਕੇ ਲਿਆਂਦੀ ਐ, ਆਪ ਤਾਂ ਮਿਲਖ਼ੀ ਬਾਬਾ ਚੰਗਾ, ਪਰ ਉਹਦੀ ਬਿਨਾ ਦੰਦਾਂ ਵਾਲ਼ੀ ਵਹੁਟੀ ਜਿਉਣਾ ਹਰਾਮ ਕਰ ਦਿੰਦੀ ਐ...'

ਮਾਮੇ ਨੇ ਕੋਲ਼ ਬੈਠੇ ਸਾਰੇ ਬੰਦਿਆਂ ਦੇ ਮੂੰਹਾਂ ਵੱਲ ਵੇਖਿਆ ਤੇ ਫਿਰ ਗੋਡਿਆਂ 'ਤੇ ਹੱਥ ਰੱਖ ਕੇ ਉਠ ਪਿਆ। ਪਰ ਕੁਰਸੀ ਉਹਦੇ ਨਾਲ਼ ਅੱਧਾ ਫੁੱਟ ਉੱਪਰ ਚੁੱਕੀ ਗਈ ਸੀ ਤੇ ਫਿਰ ਪਟੱਕ ਦਿਨੇ ਥੱਲੇ ਡਿੱਗ ਪਈ।

'ਜੀ... ਕੋਈ ਗੱਲ ਨਹੀਂ'

'ਉਹ ਤਾਂ ਏਨੀ ਕੌੜੀ ਤੀਵੀਂ ਐ, ਜੇੜ੍ਹੀ ਵੀ ਚੀਜ਼ ਨੂੰ ਹੱਥ ਲਾਵੇ ਉਹਦਾ ਰੇਟ ਦੱਸ ਦਿੰਦੀ ਐ, ਕੁਰਸੀ ਨੂੰ ਹੱਥ ਲਾਇਆ ਤਾਂ ਬੋਲੀ, ਪੰਦਰਾਂ ਸੌ ਕਾ ਜੋੜਾ ਐ... ਅਜੇ ਮੇਰੀ ਤਾਂ ਤਨਖਾਹ ਵੀ ਨਹੀਂ ਮਿਲੀ, ਸੋ ਦੋ ਮਹੀਨੇ ਤੋਂ ਸਰਫ਼ੇ ਨਾਲ਼ ਗੁਜ਼ਾਰਾ ਕਰ ਰਹੇ ਆਂ, ਜੇ ਕੁਰਸੀ ਟੁੱਟ-ਗੀ ਤਾਂ ਹੋ ਸਕਦਾ ਸਾਨੂੰ ਚੌਧਰੀ ਦੀ ਹਵੇਲੀ ਬੁਲਾ ਕੇ ਪੰਚੈਤ ਕਰ ਦੇਵੇ...'

ਏਹ ਗੱਲ ਬਿਆਨ ਕਰਦੇ ਤੀਕ ਮਾਮਾ ਸਾਰਿਆਂ ਉੱਤੇ ਦੀ ਚੱਕਰ ਕੱਟ ਕੇ ਚੜ੍ਹਤ ਸਿੰਘ ਨਾਲ਼ ਮੰਜੇ 'ਤੇ ਆ ਬੈਠਾ।

'ਇਹ ਗੱਲਾਂ ਤਾਂ ਸਾਰੀ ਉਮਰ ਹੁੰਦੀਆਂ ਈ ਰਹਿਣੀਆਂ, ਹੁਣ ਸਾਕ ਬਾਰੇ ਗੱਲ ਵੀ ਕਰ ਲਈਏ...' ਸਿੰਦਰ ਨੇ ਚੁੰਨੀ ਨੂੰ ਕੰਨਾਂ ਵਿੱਚ ਅੜੁੰਗਦਿਆਂ ਆਪਣੇ ਪਿੱਤਲ ਦੇ ਕਾਂਟੇ ਚਮਕਾਏ, 'ਹਾਂ ਜੀ, ਫੇਰ ਕਿਵੇਂ ਲੱਗਿਆ ਘਰ ਬਾਰ...'

'ਸਭ ਠੀਕ ਐ ਜੀ, ਨਾਲ਼ੇ ਤੁਸੀਂ ਕੇੜ੍ਹਾ ਸਾਡੇ ਨਾਲ਼ ਕੋਈ ਵੈਰ ਕੱਢਣਾ, ਆਹ ਮੁੰਡੇ ਨੂੰ ਪੁੱਛ-ਲੋ ਜੀ, ਸਾਡੀ ਮਰਜ਼ੀ ਤਾਂ ਇਹਦੇ ਨਾਲ਼ ਈ ਐ...ਹਾਂ ਬਈ'

ਸਿੰਦਰ ਨੇ ਫੇਰ ਮੁੰਡੇ ਨੂੰ ਪੁੱਛਿਆ, 'ਹਾਂ ਬਈ ਕਾਕਾ ਜੇ ਤੇਰੇ ਦਿਲ 'ਚ ਕੋਈ ਗੱਲ ਹੈ ਤਾਂ ਦੱਸ...'

ਮੁੰਡੇ ਨੇ ਜਦ ਨੀਵੀਂ ਪਾ ਕੇ, ਤਿਰਛਾ ਜਿਹਾ ਰਾਣੀ ਵੱਲ ਵੇਖਿਆ ਤੇ ਫਿਰ ਕੋਲ਼ ਖੜ੍ਹੇ ਜੋਗੀ ਵੱਲ ਝਾਕਿਆ ਤਾਂ ਸ਼ਰਮਾ ਗਿਆ, ਬਸ ਮੁਸਕਾ ਹੀ ਸਕਿਆ। ਉਹਦੀ ਵੀ ਇਹ ਪਹਿਲੀ ਵੇਖਾ-ਵਖਾਈ ਸੀ। ਸਿੰਦਰ ਨੇ ਸਾਰੀ ਗੱਲ ਸਮਝਦਿਆਂ ਕਿਹਾ, 'ਰਾਣੀ ਜਾ ਪੁੱਤ ਤੂੰ ਆਪਣੇ ਵੀਰੇ ਨਾਲ਼ ਚਾਹ ਬਣਾ ਕੇ ਲੈ ਆ....'

ਜੋਗੀ ਨੇ ਖ਼ਾਲੀ ਗਲਾਸ ਚੱਕ ਕੇ ਜੱਗ ਵਿੱਚ ਪਾਏ ਤੇ ਚੌਂਤਰੇ ਵੱਲ ਜਾਂਦੀ ਰਾਣੀ ਦੇ ਪਿੱਛੇ ਤੁਰ ਪਿਆ। ਚਾਹ ਰਾਣੀ ਨੇ ਪਹਿਲਾਂ ਹੀ ਬਣਾ ਕੇ ਰੱਖੀ ਸੀ। ਜਿਸਨੂੰ ਛੇਤੀ ਹੀ ਚੀਨੀ ਦੇ ਕੱਪਾਂ ਵਿੱਚ ਪਾ ਕੇ ਲੈ ਆਈ। ਨਾਲ਼ ਹੀ ਬਰਫ਼ੀ ਦੇ ਟੁਕੜੇ ਵੀ, ਜਿਹਨਾਂ ਨੂੰ ਉਹਦੇ ਬਾਪ ਨੇ ਖ਼ਾਸ ਇਸ ਦਿਨ ਲਈ ਬਚਾ ਕੇ ਰੱਖਿਆ ਸੀ।

'ਇਹ ਸਾਲੇ ਲੰਡੂ ਜਿਹੇ ਬੰਦੇ ਨਾਲ਼ ਤੂੰ ਕਿਵੇਂ ਲਾਵਾਂ ਲੈ ਸਕਦੀ ਐਂ'

'ਜੋਗੀ ਮੂੰਹ ਸੰਭਾਲ ਕੇ ਗੱਲ ਕਰ, ਹੋ ਸਕਦਾ ਮੇਰਾ ਇਹਦੇ ਨਾਲ਼ ਸਾਕ ਪੱਕਾ ਹੋ ਜਾਵੇ, ਸੋ ਮੈਂ ਆਪਣੇ ਘਰਵਾਲ਼ੇ ਬਾਰੇ ਇਸ ਤਰ੍ਹਾਂ ਕੋਈ ਵੀ ਗੱਲ ਨਹੀਂ ਸੁਣ ਸਕਦੀ.... ਸਮਝਿਆ' ਇਹ ਗੱਲ ਕਹਿੰਦਿਆਂ ਰਾਣੀ ਨੇ ਕਾਹਲੀ ਨਾਲ਼ ਕਦਮ ਭਰੇ ਤੇ ਆ ਕੇ ਸਾਰਿਆਂ ਵਿੱਚ ਚਾਹ ਵਰਤਾ ਦਿੱਤੀ।

'ਨੌਕਰੀ ਤਾਂ ਇਹਨੂੰ ਪੱਕੀ ਮਿਲ ਗਈ ਸੀ, ਅਜੇ ਜੌਆਇਨ ਕਰਨਾ ਹੀ ਬਾਕੀ ਸੀ, ਕਿ ਸਰਕਾਰ ਨੇ ਜੱਟਾਂ ਨੂੰ ਦਿੱਤਾ ਖਾਸ ਕੋਟਾ ਖੋਹ ਲਿਆ, ਪੂਰਾ ਸਾਲ ਸਾਨੂੰ ਲਮਕਾਈ ਰੱਖਿਆ ਏਨ੍ਹਾਂ ਨੇ' ਮੁੰਡੇ ਨੇ ਆਪਣੀ ਕੀਤੀ ਸਾਰੀ ਮਿਹਨਤ 'ਤੇ ਪਾਣੀ ਫਿਰਦਾ ਮਹਿਸੂਸ ਕੀਤਾ।

'ਸਰਕਾਰ ਵੀ ਨਾ ਏਸ ਜੁਝਾਰੂ ਕੌਮ ਦੇ ਮਾਣ-ਸਨਮਾਨ ਨਾਲ਼ ਖਿਲਵਾੜ ਕਰਦੀ ਪਈ ਐ, ਜਦੋਂ ਫਸਲਾਂ ਮਰ ਜਾਂਦੀਆਂ ਨੇ ਤਾਂ ਬਸ ਮੁਆਵਜ਼ੇ ਦੇ ਨਾਮ 'ਤੇ ਭੀਖ ਦਿੰਦੀਆਂ' ਮਾਮੇ ਨੇ ਵੀ ਆਪਣੀ ਹੁਣੇ ਹੋਈ ਚੜ੍ਹਤ ਸਿੰਘ ਤੋਂ ਨਖੇਧੀ ਦਾ ਸਾਰਾ ਹਰਖ ਸਰਕਾਰ ਤੇ ਕੱਢਣਾ ਸ਼ੁਰੂ ਕਰ ਦਿੱਤਾ।

'ਕਦੇ ਕਦੇ ਤਾਂ ਜਦ ਪਿਛਲੇ ਵੀਹ ਵਰਿਆਂ 'ਤੇ ਨਿਗਾਹ ਮਾਰਦੇ ਆਂ ਤਾਂ ਲੱਗਦੈ ਸਾਡੇ ਜਾਟ ਭਾਈਚਾਰੇ ਨੂੰ ਵੀ ਰਾਜਨੀਤੀ ਬਣਾ ਕੇ ਗ਼ਰੀਬੀ ਲਕੀਰ 'ਤੇ ਸੁੱਟਿਆ ਜਾ ਰਿਹਾ, ਅਜ਼ਾਦੀ 'ਚ ਸਾਡੇ ਲੋਕਾਂ ਨੇ ਸਭ ਤੋਂ ਵੱਧ ਯੋਗਦਾਨ ਪਾਇਆ... ਓਨੇ ਸ਼ਹੀਦ ਤਾਂ ਸਾਰੇ ਮੁਲਕ 'ਚ ਨਹੀਂ ਹੋਣੇ ਜਿੰਨੇ ਸਾਡੇ ਪੰਜਾਬ ਤੇ ਹਰਿਆਣੇ ਵਿੱਚ ਨੇ' ਮੁੰਡੇ ਦੀਆਂ ਅੱਖਾਂ ਵਿੱਚ ਰੋਸਾ ਕਾਫ਼ੀ ਚਰਮ ਸੀਮਾ 'ਤੇ ਆ ਗਿਆ ਸੀ।

ਉਹਦੇ ਟੁੱਟੇ ਸੁਪਨੇ ਅੱਖਾਂ ਵਿੱਚ ਰੜਕ ਰਹੇ ਸੀ।

ਜੋਗੀ ਨੇ ਵੀ ਆਪਣੀ ਸਮਝ ਨਾਲ਼ ਹੁੰਗਾਰਾ ਭਰਿਆ, 'ਫੇਰ ਤਾਂ ਰਾਖਵਾਂ ਕੋਟਾ ਵੀ ਸ਼ਹੀਦਾਂ ਦੇ ਅਧਾਰ ਤੇ ਹੀ ਹੋਣਾ ਚਾਹੀਦਾ, ਜੇੜ੍ਹੀ ਕੌਮ ਦੇ ਵੱਧ ਸ਼ਹੀਦ ਨੇ ਉਹਨਾਂ ਨੂੰ ਜ਼ਿਆਦਾ ਸਹੂਲਤ ਮਿਲਣੀ ਚਾਹੀਦੀ ਐ.... ਕਿਉਂਕਿ ਅਜ਼ਾਦੀ ਵੀ ਤਾਂ ਉਨ੍ਹਾਂ ਦੇ ਪੁਰਖ਼ਿਆਂ ਕਰਕੇ ਹੀ ਮਾਣੀ ਜਾ ਰਹੀ ਐ....'

'ਹਾਂ ਮੁੰਡਿਆ ਤੂੰ ਸਹੀ ਬੋਲਦੈਂ, ਅਜ਼ਾਦ ਅਸੀਂ ਕਰਾਇਆ ਮੁਲਕ ਆਪਣੇ ਘਰ ਉਜਾੜ ਕੇ ਤੇ ਅਨੰਦ ਕੋਈ ਮਾਣ-ਰਿਹਾ, ਸਾਡੀ ਕੀਤੀ ਕਮਾਈ ਸਾਰੇ ਲੋਕਾਂ ਵਿੱਚ ਬਰਾਬਰ ਵੰਡ-ਦਿਓ.... ਅਸੀਂ ਏਹੀ ਚਾਹੁੰਨੇ ਆਂ, ਪਰ ਇਹ ਵੰਡਣ ਵੇਲ਼ੇ ਦੂਜੀਆਂ ਕੌਮਾਂ ਨੂੰ ਗ਼ਰੀਬ ਤੇ ਪਛੜਿਆ ਵਰਗ ਦੱਸ ਦੱਸ ਕੇ ਸਾਨੂੰ ਲਿਤਾੜਿਆ ਜਾ ਰਿਹਾ... ਜਿਹੜਾ ਬੰਦਾ ਸਰਕਾਰ ਤੋਂ ਚੜ੍ਹੇ ਮਹੀਨੇ ਪੰਜਾਹ ਹਜ਼ਾਰ ਰੁਪਏ ਦੀ ਤਨਖਾਹ ਲੈਂਦਾ ਉਹ ਤਾਂ ਬਾਰਾਂ ਕਿੱਲਿਆਂ ਦੇ ਯੋਗ ਐ... ਉਹ ਤਾਂ ਨਹੀਂ ਪਛੜਿਆ ਹੋ ਸਕਦਾ...' ਮਾਮਾ ਤਰਲੋਚਨ ਵੀ ਹੁਣ ਬਿਫ਼ਰ ਪਿਆ ਸੀ, ਜਿਹੜਾ ਕਿਸਾਨ ਅਰਾਕਸ਼ਨ ਵਿੱਚ ਇੱਕ ਧਿਰ ਦਾ ਜਰਨਲ ਸਕੱਤਰ ਸੀ।

'ਫਿਰ ਹੁਣ ਕੀ ਕਰੀਏ....?'

'ਸਭ ਨੂੰ ਇੱਕਜੁੱਟ ਹੋ ਕੇ ਚੱਲਣਾ ਪਵੇਗਾ, ਇਹਦੇ ਲਈ ਪਿਛਲੇ ਮਹੀਨੇ ਨਫੇ ਸਿੰਘ ਨੇ ਮਹਾਂ ਪੰਚਾਇਤ ਬੁਲਾਈ ਸੀਗੀ... ਓਸ ਦਿਨ ਉੱਥੇ ਸਾਰਿਆਂ ਨੇ ਰਲ਼ ਕੇ ਫੈਸਲਾ ਕੀਤਾ ਕਿ ਗਿਆਰਾਂ ਤਰੀਕ ਨੂੰ ਦਿੱਲੀ ਦੇ ਜੰਤਰ-ਮੰਤਰ 'ਚ ਸਾਰੇ ਜਾਟ ਧਰਨਾ ਦੇਵਾਂਗੇ, ਸਾਰੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਬੁਲਾਵਾ ਭੇਜਿਆ ਗਿਆ...' ਮਾਮੇ ਨੇ ਬਟਨ ਖੋਲ਼ ਕੇ ਕੁੜਤੇ ਦੀਆਂ ਬਾਹਾਂ ਇਉਂ ਉਪਰ ਚਾੜ੍ਹ ਲਈਆਂ, ਜਿਵੇਂ ਹੁਣੇ ਹੀ ਦਿੱਲੀ ਵੱਲ ਕੂਚ ਕਰਨਾ ਹੋਵੇ।

'ਇੰਵ ਛੇਤੀ ਹੋਣਾ ਚਾਹੀਦਾ, ਉਹਨਾਂ ਨੂੰ ਵੀ ਤਾਂ ਪਤਾ ਲੱਗੇ ਕਿਸ ਕੌਮ ਨਾਲ਼ ਮੱਥਾ ਭੇੜਿਆ, ਜੇੜ੍ਹੀ ਕੌਮ ਹੋਰਾਂ ਲਈ ਕੁਰਬਾਨੀ ਦੇ ਸਕਦੀ ਐ ਤਾਂ ਆਪਣੇ ਵੈਰੀਆਂ ਨੂੰ ਕਿਵੇਂ ਬਖਸ਼ੇਗੀ...'

'ਕਿੰਨ੍ਹਾਂ ਨੂੰ ਪਤਾ ਲੱਗੂ-ਗਾ...?' ਜੋਗੀ ਨੇ ਫਿਰ ਗੱਲ ਪੁੱਛੀ।

'ਜਿਹੜੇ ਨੇਤਾ, ਮੰਤਰੀ ਸੰਸਦ ਵਿੱਚ ਬੈਠੇ ਨੇ ਸਾਡੀ ਬਰਾਦਰੀ ਦੇ, ਜਿੰਨ੍ਹਾਂ ਨੂੰ ਅਸੀਂ ਜਿੱਤਾ ਕੇ ਆਪਣੀ ਬੋਲੀ ਬੋਲਣ ਲਈ ਇਹ ਰਾਜਭਾਗ ਦਿੱਤੇ ਨੇ... ਪਰ ਨਹੀਂ ਉਵੀ ਅਖ਼ੀਰ ਓਨਾ ਨਾਲ਼ ਜਾ ਰਲ਼ੇ... ਪਰ ਪੋਲੇਂ ਪੈਰੀਂ ਨਹੀਂ ਬਹਿੰਦੇ... ਸੁਣਿਆ ਕਿ ਸਾਡੀ ਉਸ ਪੰਚਾਇਤ ਦੇ ਕਰਕੇ ਮੋਦੀ ਤੇ ਅਮਿਤ ਸ਼ਾਹ ਨੇ ਸਾਡੇ ਜਾਟ ਭਾਈਚਾਰੇ ਨਾਲ਼ ਮੁਲਾਕਾਤ ਕਰ ਲਈ ਐ...'

'ਸੁਣਿਆ ਹੀ ਨਹੀਂ, ਇਹ ਸੱਚ ਐ ਭਾਣਜੇ...' ਮਾਮੇ ਨੇ ਆਪਣੀ ਅਵਾਜ਼ ਨੂੰ ਥੋੜ੍ਹਾ ਭਾਰੀ ਕਰਕੇ ਰੋਅਬ ਵਿਖਾ ਦਿੱਤਾ ਤੇ ਸ਼ੇਖੀ ਵੀ ਮਾਰੀ।

ਉਹਨਾਂ ਦੀਆਂ ਉੱਚੀਆਂ ਅਵਾਜ਼ਾਂ ਸੁਣ ਕੇ ਗਵਾਂਢ ਵਿੱਚ ਬੈਠੇ ਲੋਕ, ਬਹਾਨੇ ਨਾਲ਼ ਕੰਧਾਂ ਉੱਤੋਂ ਦੀ ਇਧਰ ਵਿਹੜੇ ਵਿੱਚ ਝਾਕਣ ਲੱਗ ਪਏ। ਗਲ਼ੀ ਵਿੱਚ ਜਾਂਦਾ ਸ਼ੇਰਾ ਵੀ ਐਂਵੇ ਹੀ ਚੱਪਲ ਦੀ ਵੱਧਰ ਸਹੀ ਕਰਨ ਦੇ ਬਹਾਨੇ ਨਾਲ਼ ਇਹਨਾਂ ਦੀਆਂ ਗੱਲਾਂ ਸੁਣ ਗਿਆ ਤਾਂ ਉਹਦੇ ਅੰਦਰ ਕਿਤੇ ਨਾ ਕਿਤੇ ਕਰਾਰ ਵੀ ਆ ਰਿਹਾ ਸੀ।

ਪਰ ਸਿੰਦਰ ਆਪਣੇ ਕੀਤੇ ਉਸ ਸਵਾਲ 'ਤੇ ਬਹੁਤ ਖਿੱਝ ਚੁੱਕੀ ਸੀ, ਜਿਸਦਾ ਜਵਾਬ ਉਹ ਚੰਗੀ ਤਰ੍ਹਾਂ ਆਪ ਜਾਣਦੀ ਸੀ, 'ਕਾਕਾ ਜੀ ਤੁਸੀਂ ਕੀ ਕਰਦੇ ਹੋ...' ਉਹਨੂੰ ਪਤਾ ਸੀ ਕਿ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਅਜੇ ਬੇਰੁਜ਼ਗਾਰ ਹੈ।

ਬਸ ਇਸੇ ਸਵਾਲ ਦੇ ਜੁਆਬ ਵਿੱਚ ਮਾਮਾ-ਭਾਣਜਾ ਆਪਣੀ ਚਰਚਾ ਛੇੜ ਕੇ ਬੈਠ ਗਏ। ਰਿਸ਼ਤੇ ਦੀ ਗੱਲ ਭੁਲ-ਭੁਲਾ ਹੀ ਗਏ ਸੀ।

ਸਿੰਦਰ ਨੇ ਅਸਲ ਮੁੱਦੇ ਵੱਲ ਪਰਤਦਿਆਂ, 'ਹਾਂ ਜੀ, ਇਹ ਤਾਂ ਹੈ ਹੀ... ਅੱਛਾ ਮੈਂ ਪੁੱਛਦੀ ਸਾਂ ਕਿ ਜੋ ਵੀ ਕੋਈ ਮੰਗ ਹੈ ਉਹ ਦੱਸੋ, ਬਾਕੀ ਜੋ ਹਰ ਪਿਉ ਆਵਦੀ ਧੀ ਨੂੰ ਦਿੰਦਾ, ਉਹ ਤਾਂ ਭਾਈ ਦੇਣਾ ਹੀ ਹੈ....'

ਚੜ੍ਹਤ ਸਿੰਘ ਨੂੰ ਸੰਦੂਕ ਵਿੱਚ ਪਏ ਆਪਣੀ ਵਹੁਟੀ ਦੇ ਅਣਸੀਤੇ ਸੂਟਾਂ ਦਾ ਚੇਤਾ ਆ ਗਿਆ, ਜੋ ਉਹ ਦਾਜ ਵਿੱਚ ਦੇ ਸਕਦਾ ਸੀ। ਫਿਰ ਉਹਨੂੰ ਆਪਣੀ ਛਾਪ ਵੀ ਚੇਤੇ ਆਈ, ਜੋ ਮੰਗਣੀ ਵੇਲੇ ਉਹਦੇ ਸਹੁਰੇ ਨੇ ਪਾਈ ਸੀ।

'ਹਾਂ ਜੀ ਹਾਂ-ਏਸ ਘਰ ਵਿੱਚ ਜੋ ਵੀ ਹੈ ਉਹ ਸਾਰਾ ਮੇਰੀ ਧੀ ਦਾ ਈ ਐ....'

ਪਰ ਜਦ ਮੁੰਡੇ ਦੀ ਮਾਂ ਨੇ ਘਰ ਵਿੱਚ ਨਜ਼ਰ ਮਾਰੀ ਤਾਂ ਉਹਨੂੰ ਕੋਈ ਵੀ ਚੀਜ਼ ਨਵੇਂ ਰਿਵਾਜ਼ ਦੀ ਨਹੀਂ ਸੀ ਲੱਗੀ। ਉਹਨੇ ਚੁੰਨੀ ਨਾਲ ਆਪਣੇ ਬੁੱਲ੍ਹਾਂ ਦੀਆਂ ਝੀਥਾਂ ਵਿੱਚ ਆਏ ਥੁੱਕ ਨੂੰ ਸਾਫ਼ ਕਰਦਿਆਂ, 'ਸਾਡੇ ਘਰ ਵਿੱਚ ਤਾਂ ਸ਼ੁਕਰ ਐ, ਰੱਬ ਦਾ ਦਿੱਤਾ ਸਾਰਾ ਕੁਝ ਐ... ਕੋਈ ਥੁੜ ਨੀ, ਲੀੜੇ-ਲੱਤੇ ਦਾ ਕੋਈ ਲਾਲਚ ਨਹੀਂ...'

ਚੜ੍ਹਤ ਸਿੰਘ ਨੇ ਪੋਲੀ ਜਿਹੀ ਅਵਾਜ਼ ਨਾਲ ਪੁੱਛਿਆ, 'ਜੋ ਰੱਬ ਨੇ ਨਹੀਂ ਦਿੱਤਾ ਉਹ ਦੱਸੋ ਜੀ...'

ਇਹ ਸੁਣਦਿਆ ਹੀ ਮੁੰਡੇ ਦੇ ਚਿਹਰੇ 'ਤੇ ਮਾਂ ਪ੍ਰਤੀ ਹਰਖ ਨਾਲ ਭਰੇ ਚਿੰਨ੍ਹ ਸੀ। ਉਹਦੇ ਅੰਦਰ ਡਰ ਨੇ ਅਗੜਾਈ ਲਈ ਜੀਹਦੇ ਕਰਕੇ ਉਹ ਸ਼ਾਦੀ ਕਰਨ ਲਈ ਰਾਜ਼ੀ ਹੋਇਆ ਉਹ ਤਾਂ ਮਿਲ ਹੀ ਨਹੀਂ ਰਹੀ। ਉਹਨੇ ਪੈਰ ਨਾਲ ਆਪਣੀ ਮਾਂ ਨੂੰ ਠੋਕਰ ਕੇ ਆਪਣੀ ਗੱਲ ਸੁਣਨ ਲਈ ਕਿਹਾ, 'ਮਾਂ ਤੂੰ ਹੁਣ ਤੀਕ ਮੈਨੂੰ ਲਾਰੇ ਲਾਉਂਦੀ ਰਹੀ ਐਂ ਕਿ ਮੈਨੂੰ ਸਕੂਟਰ ਵਿਆਹ 'ਚ ਮਿਲੂ, ਹੁਣ ਨਹੀਂ ਲੈਣਾ, ਫੇਰ ਦੋ ਸਕੂਟਰ ਹੋ ਜਾਣਗੇ ਕੀ ਕਰਾਂਗੇ, ਮਾਂ ਮੈਂ ਤਾਂ ਵਿਆਹ ਹੀ ਸਕੂਟਰ ਲਈ ਕਰਾ ਰਿਹਾਂ.... ਕਿੰਨਾ ਕੁ ਚਿਰ ਲੋਕਾਂ ਤੋਂ ਮੰਗਦਾ ਰਹੂਗਾ... ਨਹੀਂ ਨਹੀਂ.... ਮੈਂ ਨਹੀਂ ਕਰਾਉਣਾ ਵਿਆਹ ਫੇਰ....।'

'ਆਪੇ ਕਰ-ਲੇ ਗੱਲ... ਕੱਲ੍ਹ ਨੂੰ ਕੁੜੀ ਮੇਰੇ ਨਾਲ਼ ਸ਼ਰੀਕਾ ਕਰੂੰਗੀ, ਮੈਂ ਮੂੰਹ ਅੱਡ ਕੇ ਸਕੂਟਰ ਮੰਗਿਆ....' ਮਾਂ ਨੇ ਬੁੱਲ੍ਹਾਂ ਨੂੰ ਚੁੰਨੀ ਨਾਲ਼ ਢੱਕ ਲਿਆ ਤੇ ਫੇਰ ਅਰਾਮ ਨਾਲ਼ ਸਿੱਧਾ ਮਾਮੇ ਦੀਆਂ ਅੱਖਾਂ ਵਿੱਚ ਵੇਖਣ ਲੱਗ ਪਈ।

'ਸੰਗੋ ਨਾ ਭਾਈ, ਜੋ ਚਿੱਤ 'ਚ ਐ ਬੋਲੋ... ਫੇਰ ਰਿਸ਼ਤੇ ਫਿੱਕੇ ਪੈ ਜਾਂਦੇ ਐ...'

ਸਿੰਦਰ ਨੇ ਫੇਰ ਉਹਨਾਂ ਦੇ ਦਿਲ ਵਿੱਚ ਲੁਕੀ ਗੱਲ ਬੁੱਝਣੀ ਚਾਹੀ, 'ਹਾਂ ਕਾਕਾ'

'ਕੁਝ ਨਹੀਂ ਜੀ... ਬੱਸ ਮੈਨੂੰ ਭਾਵੇਂ ਕੱਖ ਨਾ ਦਿਉ ਜੀ, ਪਰ ਮੈਂ ਤਾਂ ਸਕੂਟਰ ਲੈਣਾ ਨਵਾਂ ਲੁੱਕ...' ਮੁੰਡਾ ਏਨੀ ਗੱਲ ਆਖ ਕੇ, ਫੇਰ ਨੀਵੀਂ ਪਾ ਕੇ, ਉਹਨਾਂ ਵੱਲ ਅੱਖਾਂ ਚੱਕ ਕੇ ਵੇਖਣ ਲੱਗ ਪਿਆ, 'ਰੱਬ ਵੱਲੋਂ ਆਹੀ ਕਮੀ ਐ।'

'ਏਹ ਫ਼ਰਮੈਸ ਤਾਂ ਸਾਡੇ ਆਲ਼ੇ ਰੱਬ ਤੋਂ ਵੀ ਨਹੀਂ ਪੂਰੀ ਹੋਣੀ... ਕੋਈ ਹੋਰ ਚੀਜ਼... ਸਕੂਟਰੀ ਤੱਕ ਵੇਖ ਲੋ, ਉਹ ਮੈਂ ਲੇ ਦਿੰਨਾ ਜਾਂ ਕੋਈ ਪੁਰਾਣਾ ਸਕੂਟਰ ਲੈਲੋ...' ਚੜ੍ਹਤ ਸਿੰਘ ਨੇ ਕਿੰਨੇ ਚਿਰ ਬਾਅਦ ਚੁੱਪੀ ਤੋੜੀ।

'ਨਹੀਂ ਜੀ... ਅਸੀਂ ਸੋਚ ਕੇ ਦੱਸਦੇ ਹਾਂ... ਫੇਰ ਜੀ....!'

ਸਾਰੇ ਕੁਝ ਸਮਾਂ ਚੁੱਪ ਬੈਠੇ ਰਹੇ।

ਫਿਰ ਬਿਨਾ ਕੁਝ ਬੋਲੇ ਦੋਵੇਂ ਹੱਥ ਜੋੜ ਕੇ 'ਸਾਸਰੀ ਕਾਲ' ਬੁਲਾ ਕੇ ਬਾਹਰ ਵੱਲ ਨੂੰ ਚਲੇ ਗਏ।

ਉਹਨਾਂ ਦੇ ਸਕੂਟਰਾਂ ਦੀ ਖੜਕਵੀਂ ਅਵਾਜ਼ ਪਿੰਡ ਦੀ ਫਿਰਨੀ ਤੱਕ ਸੁਣਦੀ ਰਹੀ।

ਚੜ੍ਹਤ ਸਿੰਘ ਨੇ ਅਕਾਸ਼ ਵੱਲ ਝਾਕਦਿਆਂ, 'ਸੰਜੋਗ-ਵਿਜੋਗ ਸਭ ਤੇਰੇ ਹੱਥ ਐ ਦਾਤਿਆ, ਜੋ ਚਿੱਤ ਭਾਵੇ ਓਹੀ ਕਰੀਂ... ਜੋ ਤੈਨੂੰ ਠੀਕ ਲੱਗੇ ਓਹੀ ਕਰੀਂ... ਐਵੇਂ ਸਾਡੀ ਨਾ ਕੋਈ ਪੁੱਠੀ ਸਿੱਧੀ ਅਰਜੋਈ ਸੁਣਲੀਂ...'

ਉਹਦੀ ਨਜ਼ਰ ਅਕਾਸ਼ ਵੱਲੋਂ ਜਦ ਥੱਲੇ ਧਰਤੀ ਵੱਲ ਆਈ ਤਾਂ ਮੇਜ਼ ਤੇ ਬਰਫ਼ੀ ਦੇ ਟੁਕੜੇ ਪਏ ਵੇਖ ਕੇ, ਦਿਲ ਵਿੱਚ ਇਹਨਾਂ ਨੂੰ ਖਾਣ ਦੀ ਰੀਝ ਜਾਗ ਪਈ। ਮੂੰਹ ਵਿੱਚ ਕੋਈ ਮਿਠਾਸ ਘੁੱਲਣ ਲੱਗ ਪਈ।

ਉਹਦਾ ਹੱਥ ਜਦ ਪਲੇਟ ਵਿੱਚ ਪਈ ਬਰਫ਼ੀ ਵੱਲ ਗਿਆ ਤਾਂ ਸਿੰਦਰ ਨੇ ਕਿਹਾ, 'ਐਵੇਂ ਨਾ ਚਿੱਤ ਡੁਲਾਵੀਂ ਭਾਈ, ਇੱਕ ਮੁੰਡਾ ਹੋਰ ਹੈ ਮੇਰੀ ਨਿਗਾਹ ਹੇਠ, ਉਹਨੂੰ ਪਰਸੋਂ ਸਦਾਉਨੀ ਐਂ.... ਉਹਨਾਂ ਨਾਲ਼ ਸੋਡੀ ਰਾਣੀ ਦਾ ਜੋੜ ਪੱਕਾ ਬੈਠ ਜਾਊ....'

ਚੜ੍ਹਤ ਸਿੰਘ ਨੇ ਇਹ ਬਰਫ਼ੀ ਖਾਣ ਦਾ ਵਿਚਾਰ ਫਿਰ ਤਿਆਗ ਦਿੱਤਾ ਤੇ ਇਹਨਾਂ ਨੂੰ ਇੱਕਠਾ ਕਰਕੇ ਅੰਦਰ ਜਾ ਕੇ, ਝਲਾਣੀ ਵਿੱਚ ਧਰ ਦਿੱਤਾ।

□ □ □

ਜਦੋਂ ਚੜ੍ਹਤ ਸਿੰਘ ਆਪਣੇ ਸਾਇਕਲ ਦੇ ਹੈਂਡਲ ਨਾਲ਼ ਖੱਦਰ ਦੇ ਝੱਲੇ ਬੰਨ੍ਹ ਕੇ ਸ਼ਹਿਰ ਵੱਲ ਆਇਆ ਤਾਂ ਉਹਨੂੰ ਕੰਧਾਂ ਉੱਤੇ ਸੈਣੀ ਦੇ ਕਿੰਨੇ ਹੀ ਇਸ਼ਤਿਹਾਰ ਲੱਗੇ ਵਿਖਾਈ ਦਿੱਤੇ। ਜਿਨ੍ਹਾਂ 'ਤੇ ਕਾਲਖ ਮਲੀ ਹੋਈ ਸੀ। ਪਹਿਲਾਂ ਤਾਂ ਗੂੰਦ ਨਾਲ਼ ਕੰਧ 'ਤੇ ਸੈਣੀ ਦਾ ਪੋਸਟਰ ਲਾਇਆ ਜਾਂਦਾ, ਫਿਰ ਉਹਦੇ ਮੂੰਹ ਤੇ ਕਾਲਖ਼ ਜਾਂ ਗੋਹਾ ਮਲਿਆ ਜਾਂਦਾ।

ਇਹ ਹਰਕਤ ਵੇਖ ਕੇ ਚੜ੍ਹਤ ਸਿੰਘ ਨੂੰ ਥੋੜ੍ਹੀ ਹੈਰਾਨੀ ਵੀ ਹੋਈ।

ਉਹਨੇ ਸਾਇਕਲ ਰੋਕ ਲਿਆ ਤਾਂ ਇਕ ਅੱਧਖੜ ਉਮਰ ਦੇ ਬੰਦੇ ਨੇ ਉਹਦੇ ਬਿਨਾ ਪੁੱਛਿਆਂ ਹੀ ਦੱਸਿਆ, 'ਇਹ ਕਹਿੰਦਾ, ਜੱਟਾਂ ਨੂੰ ਕਿਸੇ ਵੀ ਹਾਲਤ ਵਿੱਚ ਆਰਕਸ਼ਨ ਨਹੀਂ ਮਿਲਣਾ ਚਾਹੀਦਾ, ਇਹ ਸਾਡੇ ਸੰਵਿਧਾਨ ਦੀ ਤੌਹੀਨ ਐ, ਜੇ ਏਨ੍ਹਾਂ ਨੂੰ ਪੱਛੜੇ ਵਰਗ ਦੀਆਂ ਸਹੂਲਤਾਂ ਚਾਹੀਦੀਆਂ ਨੇ ਤਾਂ ਆਪਣੀ ਪੈਲੀ ਸਾਡੇ ਨਾਉਂ ਕਰਾ ਦੇਣ, ਅਸੀਂ ਦੇਵਾਂਗਾ ਆਰਕਸ਼ਨ...'

ਚੜ੍ਹਤ ਸਿੰਘ ਉਹਦੇ ਚਿਹਰੇ ਵੱਲ ਵੇਖੀ ਗਿਆ ਫਿਰ ਉਹਦਾ ਧਿਆਨ ਸੈਣੀ ਦੇ ਲੱਗੇ ਪੋਸਟਰ ਵੱਲ ਗਿਆ। ਉਹਦੇ ਸੈਣੀ ਦੇ ਚਿਹਰੇ ਤੋਂ ਥੱਲੇ ਵੱਲ ਵਹਿੰਦੇ ਕਾਲ਼ੇ ਤੇਲ਼ ਨੂੰ ਕਾਗਜ਼ ਨਾਲ਼ ਇੱਕਠਾ ਕਰਕੇ, ਆਪਣੇ ਸਾਇਕਲ ਦੇ ਚੱਕੇ ਦੀ ਗਰਾਰੀ ਨਾਲ਼ ਲਾ ਲਿਆ। ਇਹ ਗਰਾਰੀ ਜੰਗਾਲ ਲੱਗਣ ਕਰਕੇ ਕੜਾਕੇ ਪਾਉਂਦੀ ਸੀ। ਕਦੇ-ਕਦੇ ਤਾਂ ਉਹਨੂੰ ਭੁਲੇਖਾ ਪੈ ਜਾਂਦਾ ਜਿਵੇਂ ਚੈਨ ਟੁੱਟ ਗਈ ਹੁੰਦੀ ਹੈ।

ਇੱਥੋਂ ਉਹਨੇ ਸਾਇਕਲ ਤੋਰ ਲਿਆ ਤਾਂ ਹੁਣ ਚੈਨ ਦਾ ਖੜਾਕ ਕਾਫ਼ੀ ਘੱਟ ਗਿਆ ਸੀ।

ਸਾਇਕਲ ਨੂੰ ਬੈਂਕ ਦੀ ਕੰਧ ਨਾਲ਼ ਖੜ੍ਹਾ ਕਰਕੇ, ਜਦ ਉਹਨੇ ਆਦਤ ਅਨੁਸਾਰ ਆਪਣੀ ਧੌਣ ਨੀਵੀਂ ਕਰਕੇ ਕੈਂਚੀ ਬੂਹਾ ਲੰਘਿਆ ਤਾਂ ਕੈਸ਼ੀਅਰ ਰੂਪ ਸਿੰਘ ਨਾਲ ਬੈਂਕ ਵਿੱਚ ਕੰਮ ਕਰਦੇ ਹੋਰ ਮੁਲਾਜ਼ਮ ਵੀ ਹੱਸ ਪਏ।

ਰੂਪ ਸਿੰਘ ਨੇ ਸਭ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਉਹਦੀ ਏਸ ਆਦਤ ਦਾ।

ਇਨ੍ਹਾਂ ਦੀ ਮੁਸਕਾਨ ਵਿੱਚੋਂ ਉਹਨੂੰ ਤਸੱਲੀ ਮਿਲੀ ਕਿ ਉਹਦੀ ਮੌਜੂਦਗੀ ਵਿੱਚ ਸਾਰੇ ਮੁਲਾਜ਼ਮ ਖ਼ੁਦ ਨੂੰ, ਅਤੇ ਬੈਂਕ ਨੂੰ ਸੁਰੱਖਿਅਤ ਸਮਝਦੇ ਹਨ। ਉਹਦੇ ਮੋਢੇ ਇਸੇ ਡੂੰਘੇ ਅਹਿਸਾਸ ਨਾਲ਼ ਤਣੇ ਜਾਂਦੇ।

'ਸਾਸਰੀ ਕਾਲ਼ ਜੀ'

'ਹੂੰ....' ਰੂਪ ਸਿੰਘ ਨੇ ਹੁੰਗਾਰਾ ਭਰ ਕੇ ਤੇ ਸਿਰ ਹਿਲਾ ਕੇ ਉਹਦਾ ਜਵਾਬ ਦਿੱਤਾ, ਪਰ ਉਹਨੂੰ ਕੋਈ ਤਸੱਲੀ ਨਹੀਂ ਹੋਈ।

ਸੋ ਉਹਨੇ ਫਿਰ 'ਸਾਸਰੀ ਕਾਲ' ਬੁਲਾ ਦਿੱਤੀ। ਤੇ ਓਨਾ ਚਿਰ ਬੁਲਾਈ ਗਿਆ, ਜਿੰਨਾ ਚਿਰ ਅੱਗੋਂ ਉਹਨੇ ਵੀ 'ਸਾਸਰੀ ਕਾਲ' ਬੋਲ ਕੇ ਜਵਾਬ ਨਹੀਂ ਸੀ ਦਿੱਤਾ।

'ਠੀਕ ਐ ਜੀ...' ਜਦੋਂ ਉਹ ਅਗਲੇ ਮੁਲਾਜ਼ਮਾਂ ਵੱਲ ਅਹੁਲਿਆ ਤਾਂ ਉਹਨਾਂ ਨੇ ਵੀ ਪਹਿਲਾਂ ਹੀ 'ਸਾਸਰੀ ਕਾਲ' ਬੁਲਾ ਦਿੱਤੀ। ਉਹਨਾਂ ਨੂੰ ਇੱਕ ਵਾਰੀ ਆਪਣਾ ਕੰਮ ਵਿੱਚੇ ਹੀ ਛੱਡ ਕੇ ਉਹਦਾ ਜਵਾਬ ਦੇਣਾ ਪਿਆ।

ਉਹ ਰਿਕਾਰਡ ਰੂਮ ਵਿੱਚ ਗਿਆ। ਉੱਥੇ ਪਈ ਬੰਦੂਕ ਨੂੰ ਨੰਗੇ ਪੈਰੀਂ ਖੜ੍ਹ ਕੇ ਅਰਦਾਸ ਕੀਤੀ। ਫਿਰ ਰੌਂਦਾਂ ਆਲ਼ਾ ਪਟਾ ਹੱਥ ਵਿੱਚ ਲਮਕਾਈ, ਬੰਦੂਕ ਦੀ ਨਕੇਲ ਨੂੰ ਵੇਖਦਾ ਹੋਇਆ ਬਾਹਰ ਆ ਗਿਆ। ਜਦ ਇਸ ਦੇ ਨਾਲ਼ ਉਹਨੇ ਇੱਕ ਅੱਖ ਬੰਦ ਕਰਕੇ ਹਵਾ ਵਿੱਚ ਨਿਸ਼ਾਨਾ ਬੰਨ੍ਹ ਕੇ ਵੇਖਿਆ ਤਾਂ ਨਾਲ਼ੀ ਨੂੰ ਆਪਣੇ ਵੱਲ ਤਾਣਿਆ ਵੇਖ ਕੇ ਡਰਦੇ ਹੋਏ ਵਿੰਦਰ ਦੇ ਮੂੰਹੋਂ 'ਸਾਸਰੀ ਕਾਲ਼ ਜੀ' ਨਿਕਲ ਗਿਆ।

ਫਿਰ ਛੇਤੀ ਨਾਲ਼ ਕਿਹਾ, 'ਏਹ ਕੀ ਕਰ ਰਿਹਾਂ, ਬਾਹਰ ਜਾ ਕੇ ਕਰ ਜੋ ਵੀ ਕਰਨਾ'

'ਜੀ...!!' ਚੜ੍ਹਤ ਸਿੰਘ ਕਿਸੇ ਚੰਗੇ ਨਿਆਣੇ ਵਾਂਙ ਬੈਂਕ ਦੇ ਬਾਹਰ ਪਈ ਕੁਰਸੀ 'ਤੇ ਜਾ ਕੇ ਬੈਠ ਗਿਆ, ਜੋ ਹਮੇਸ਼ਾ ਹੀ ਬਾਹਰ ਪਈ ਰਹਿੰਦੀ ਸੀ। ਜਿਸਦੇ ਚੋਰੀ ਹੋਣ ਦਾ ਕਦੇ ਵੀ ਡਰ ਨਹੀਂ ਸੀ ਲੱਗਿਆ। ਇਹਦੀ ਬਾਹੀ 'ਤੇ ਫ਼ਿਲਮੀ ਕਲਾਕਾਰਾਂ ਦੀਆਂ ਦੋ ਤਿੰਨ ਤਸਵੀਰਾਂ ਚੇਪੀਆਂ ਸੀ।

ਉਹਨੇ ਅੱਜ ਬੰਦੂਕ ਵਿੱਚ ਉਹੀ ਦੋ ਰੌਂਦ ਭਰ ਲਏ, ਜਿੰਨਾਂ ਦੀ ਅੱਜ ਵਾਰੀ ਬਣਦੀ ਸੀ। ਫਿਰ ਬੰਦੂਕ ਨੂੰ ਹੱਥ ਵਿੱਚ ਫੜਦਿਆਂ ਹੀ ਸਾਰੇ ਸਰੀਰ ਵਿੱਚ ਇੱਕ ਅਕੜਾ ਆ ਗਿਆ। ਬੈਂਕ ਵਿੱਚ ਆਉਂਦੇ ਹਰ ਟਾਂਵੇ-ਟਾਂਵੇ ਬੰਦੇ ਵੱਲ ਇਉਂ ਵੇਖਦਾ ਜਿਵੇਂ ਕੋਈ ਲੁਟੇਰਾ ਤਾਂ ਨਹੀਂ ਆ ਗਿਆ। ਉਹਦੇ ਕੋਲ਼ ਦੀਂ ਲੰਘਦੇ ਬੰਦੇ ਘਬਰਾ ਵੀ ਜਾਂਦੇ। ਉਹਦੀ ਝਾਕਣੀ ਬੜੀ ਕਸੂਤੀ ਸੀ।

ਉਹ ਆਪਣੇ ਆਪ ਨੂੰ ਹੌਲ਼ੀ ਜਿਹੇ ਆਖਦੇ, 'ਆਹ ਕੈਸਾ ਗਾਰਡ ਐ, ਏਨਾ ਡਰ ਤਾਂ ਘਰੋਂ ਪੈਸੇ ਲੈ ਕੇ ਆਉਂਦੇ ਨੂੰ ਨਹੀਂ ਸੀ ਲੱਗਿਆ, ਜਿੰਨਾ ਏਨੇ ਏਥੇ ਡਰਾ ਕੇ ਤਰਾਅ ਈ ਕੱਢ ਮਾਰਿਆ, ਏਹ ਤਾਂ ਵੱਟ ਚਾੜ੍ਹ-ਚਾੜ੍ਹ ਕੇ ਮੁੱਛਾਂ ਦੀ ਗੰਡਾਸੀ ਬਣਾਈ ਬੈਠਾ.....।'

ਉਹਦੇ ਇਸ ਲਹਿਜ਼ੇ ਨੂੰ ਵੇਖ ਕੇ ਕੋਈ 'ਪਾਗਲ ਐ...!!' ਕਹਿ ਕੇ ਅੱਗੇ ਲੰਘ ਜਾਂਦਾ।

ਜਦ ਉਹਨੇ ਆਪਣੇ ਕੁੜਤੇ ਨੂੰ ਦੋ-ਤਿੰਨ ਉਂਗਲਾਂ ਲੰਮੇ ਆਏ ਚੀਰ ਵੱਲ ਵੇਖਿਆ ਤਾਂ ਕਿੰਨਾ ਚਿਰ ਹੀ ਇਹਦੇ ਵੱਲ ਝਾਕੀ ਗਿਆ। ਫਿਰ ਕੁਰਸੀ ਕੋਲ਼ ਪਿਆ ਗੋਲ ਪੱਥਰ ਚੱਕ ਲਿਆ, ਤੇ ਪੂਰੇ ਗਹੁ ਨਾਲ਼ ਓਸ ਮੇਖ਼ ਨੂੰ ਲੱਭਣ ਲੱਗ ਪਿਆ ਜਿਹਦੇ ਨਾਲ਼ ਅੜ ਕੇ ਇਹ ਪਾਟਿਆ ਸੀ। ਪੱਥਰ ਨੂੰ ਹੱਥ ਵਿੱਚ ਫੜ ਕੇ ਉਹ ਉਸ ਹਰ ਥਾਂ 'ਤੇ ਲੰਘਿਆ, ਜਿੱਥੋਂ ਦੀ ਬੈਂਕ ਵਿੱਚ ਤੁਰਿਆ ਸੀ।

ਪਰ ਜਦ ਕੋਈ ਵੀ ਮੇਖ ਨਹੀਂ ਲੱਭੀ ਤਾਂ ਇਹ ਪੱਥਰ ਨੂੰ ਮੇਜ਼ ਤੇ ਪਏ ਉੱਡਦੇ ਵਰਕਿਆਂ ਤੇ ਰੱਖ ਦਿੱਤਾ। ਉੱਥੋਂ ਚੇਪੀ ਦੰਦਾਂ ਨਾਲ਼ ਕੱਟ ਕੇ, ਜੋ ਨੋਟਾਂ 'ਤੇ ਲਾਉਣ ਦੇ ਕੰਮ ਆਉਂਦੀ ਸੀ, ਆਪਣੇ ਪਾਟੇ ਕੁੜਤੇ ਤੇ ਲਗਾ ਕੇ ਕੁਰਸੀ ਤੇ ਫਿਰ ਜੱਚ ਕੇ ਬਹਿ ਗਿਆ।

ਉਹਨੇ ਅਕਾਸ਼ ਵੱਲ ਵੇਖਿਆ ਤਾਂ ਕਾਰਖ਼ਾਨੇ ਦੀ ਚਿਮਨੀ 'ਚੋਂ ਕਾਲ਼ੇ ਧੂੰਏਂ ਦੀ, ਕਿੱਕਰ ਦੇ ਤਣੇ ਜਿੰਨੀ ਮੋਟੀ ਲਕੀਰ ਉੱਪਰ ਵੱਲ ਜਾਂਦੀ ਪਈ ਸੀ।

ਉਹਨੇ ਲੰਮੀ ਉਬਾਸੀ ਲਈ ਤਾਂ ਬੈਂਕ ਦੇ ਬੂਹੇ 'ਤੇ ਬਣੇ ਰੌਸ਼ਨਦਾਨ ਦੇ ਬਾਹਰ, ਬਣੀ ਨਿੱਕੀ ਜਿਹੀ ਪੜਛੱਤੀ ਥੱਲੇ ਕਿੰਨੇ ਹੀ ਗੋਲੇ ਕਬੂਤਰਾਂ ਦੇ ਆਲ੍ਹਣੇ ਵੇਖੇ। ਇਨ੍ਹਾਂ ਦੀ ਬਿੱਠ ਤੋਂ ਬਚਣ ਲਈ ਅਕਸਰ ਹੀ ਬੰਦੇ ਤੇਜ਼ੀ ਨਾਲ਼ ਲੰਘ ਕੇ ਬੈਂਕ ਦੇ ਅੰਦਰ-ਬਾਹਰ ਆਉਂਦੇ।

ਇੱਕ ਕਬੂਤਰ ਕਿੱਕਰ ਦੇ ਮੁੱਢ ਵਿੱਚ ਲੱਗੇ ਕੀੜਿਆਂ ਦੇ ਭੌਣ 'ਤੇ ਪਾਏ ਦਾਣਿਆਂ ਨੂੰ ਚੁੰਝ ਵਿੱਚ ਭਰ ਕੇ ਲੈ ਆਉਂਦਾ ਤੇ ਲਿਆ ਕੇ ਆਪਣੇ ਬੋਟ ਦੇ ਮੂੰਹ ਵਿੱਚ ਪਾਉਂਦਾ।

ਬੋਟਾਂ ਦੀ 'ਚੀਂ-ਚੀਂ' ਸੁਣ ਕੇ ਚੜ੍ਹਤ ਸਿੰਘ ਦਾ ਦਿਲ ਖ਼ੁਸ਼ ਹੋ ਗਿਆ।

ਉਹ ਜਦ ਵੀ ਰੋਟੀ ਖਾਂਦਾ ਤਾਂ ਬਚੀ ਰੋਟੀ ਨੂੰ ਭੋਰ-ਭੋਰ ਕੇ, ਫਿਰ ਦਾਣਿਆਂ ਵਾਂਙ ਵੱਟ ਕੇ ਰੌਸ਼ਨਦਾਨਾਂ ਵਿੱਚ ਸੁੱਟ ਦਿੰਦਾ।

ਰੌਸ਼ਨਦਾਨ ਤੋਂ ਜਦ ਉਹਦੀ ਨਜ਼ਰ ਥੱਲੇ ਵੱਲ ਆਈ ਤਾਂ ਇੱਕ ਸਫ਼ੇਦ ਰੰਗ ਦਾ ਨੋਟਿਸ ਲਟਕ ਰਿਹਾ ਸੀ। ਜੀਹਦੇ ਸਿਰੇ ਗੂੰਦ ਪੱਟੀ ਜਾਣ ਕਰਕੇ ਥੱਲੇ ਲਟਕ ਰਹੇ ਸੀ। ਹਵਾ ਨਾਲ਼ ਇਹਦਾ ਸ਼ੋਰ ਜ਼ਖ਼ਮੀ ਪੰਛੀ ਦੇ ਫੜ-ਫੜਾ ਰਹੇ ਖੰਭਾਂ ਵਰਗਾ ਸੀ। ਇਹਦੇ ਉੱਪਰ ਨੀਲ਼ੇ ਅੱਖਰਾਂ ਨਾਲ਼ ਲਿਖਿਆ ਸੀ।

'ਇੱਥੇ ਇੱਕ ਗਾਰਡ ਦੀ ਜ਼ਰੂਰਤ ਹੈ, ਜੀਹਦੇ ਕੋਲ਼ ਆਪਣੀ ਲਸੰਸੀ ਬੰਦੂਕ ਹੋਵੇ, ਬਾ ਹੁਕਮ ਮੈਨੇਜਰ ਸਾਹਿਬ...'

ਮੈਨੇਜਰ ਰਣਵਿਜੇ ਦੀ ਕਾਰ ਆ ਕੇ ਬੈਂਕ ਦੇ ਸਾਹਮਣੇ ਰੁੱਕੀ ਤਾਂ ਚੜ੍ਹਤ ਸਿੰਘ ਬੰਦੂਕ ਨੂੰ ਥੱਲੇ ਰੱਖ ਕੇ, ਉਹਦੀ ਦੋਨਾਲੀ ਨੂੰ ਆਪਣੇ ਹੱਥਾਂ ਵਿੱਚ ਫੜ੍ਹ ਕੇ ਐਨ ਪੂਰਾ ਤਣ ਕੇ ਖੜ੍ਹ ਗਿਆ। ਉਹਨੇ ਮੈਨੇਜਰ ਨੂੰ ਸਲੂਟ ਮਾਰਿਆ ਤਾਂ ਉਹ ਰੁੱਕ ਗਿਆ। ਉਹਨੇ ਕੰਧ ਤੇ ਲੱਗੇ ਨੋਟਿਸ ਵੱਲ ਵੇਖਿਆ ਤੇ ਨਾਲ਼ ਹੀ ਬੋਲਿਆ, 'ਚੜ੍ਹਤ ਸਿੰਘ'

'ਜੀ...'ਉਹਨੇ ਮਾਣ ਤੇ ਰੁਤਬੇ ਦੀ ਠਾਠ ਦਾ ਪ੍ਰਭਾਵ ਮੰਨ ਕੇ ਧੌਣ ਨਿਵਾ ਲਈ।

'ਇਹ ਨੋਟਸ ਦੁਬਾਰੇ ਲਵਾਦੋ'

'ਜੀ...'

ਚੜ੍ਹਤ ਸਿੰਘ ਨੇ ਬੈਂਕ ਅੰਦਰ ਜਾ ਕੇ ਰੂਪ ਸਿੰਘ ਤੋਂ ਇੱਕ ਨਵਾਂ ਨੋਟਿਸ ਪ੍ਰਿੰਟ ਕਢਾ ਲਿਆ। ਰੂਪ ਸਿੰਘ ਨੇ ਤਾੜਨਾ ਕੀਤੀ, 'ਭਾਵੇਂ ਦੀ ਬੈਂਕ ਦੀ ਕੰਧ ਡਿੱਗ-ਪੇ, ਪਰ ਏਹ ਨੋਟਿਸ ਨਹੀਂ ਲਹਿਣਾ ਚਾਹੀਦਾ, ਨਹੀਂ ਆਪਣਾ ਭਲਾ ਵਿਚਾਰੀਂ...'

'ਜੀ...' ਉਹਨੇ ਆਪਣੀ ਧੌਣ ਪੱਕੇ ਯਕੀਨ ਵਿੱਚ ਹਿਲਾ ਦਿੱਤੀ ਤੇ ਇਸ ਗੱਲ ਦਾ ਮਾਣ ਵੀ ਕੀਤਾ, ਕਿ ਘਰ ਵਿੱਚ ਉਹਦੀ ਲਾਈ ਬਾਬੇ ਨਾਨਕ ਦੀ ਤਸਵੀਰ ਅਜੇ ਤੱਕ ਵੀ ਕੰਧ 'ਤੇ ਲੱਗੀ ਹੋਈ ਹੈ।

ਇਸ ਤਸਵੀਰ ਨੂੰ ਆਟੇ ਦੀ ਲੇਵੀ ਨਾਲ਼ ਪੂਰਾ ਕੰਧ ਨਾਲ਼ ਚਮੇੜ ਦਿੱਤਾ ਸੀ। ਲੇਵੀ ਵਿੱਚ ਲੂਨ ਦਾ ਰਲਾ ਕੀਤਾ ਸੀ ਤਾਂ ਜੋ ਕੀੜੀਆਂ ਨਾ ਕਿਤੇ ਇਸ ਆਟੇ ਨੂੰ ਖਾਣ ਦੇ ਚੱਕਰ ਵਿੱਚ ਤਸਵੀਰ ਵਿੱਚ ਸੁਰਾਖ਼ ਕਰ ਦੇਣ। ਫੇਰ ਉਹਦੀ ਪਤਨੀ ਰੱਜੋ ਨੇ ਆਪਣੀ ਝੋਲੀ ਅੱਡ ਕੇ ਅਰਜ਼ੋਈ ਕੀਤੀ।

'ਹੇ ਦਾਤਿਆ, ਦੁਨੀਆ ਨੂੰ ਏਨਾ ਬਖ਼ਸ਼ਦਾ, ਸਾਡੀ ਝੋਲੀ ਵੀ ਜਵਾਕ ਪਾਦੇ, ਸਾਡੀ ਵੀ ਜੜ ਲੱਗ-ਜੂ, ਆਹ ਦਿੱਤੇ ਦੁੱਖ-ਤਕਲੀਫਾਂ ਉਹਨੂੰ ਵੇਖ ਕੇ ਝੱਲ ਲਵਾਂਗੇ....'

ਰੱਜੋ ਦੀ ਦੁਆ ਰੱਬ ਸੁਣਦਾ ਰਿਹਾ...!!

ਦੋ ਮੁੰਡੇ ਹੋਏ ਵੀ ਪਰ ਕੁਦਰਤ ਨੂੰ ਹੋਰ ਮਨਜ਼ੂਰ ਸੀ...!

ਦੋਵੇਂ ਦੋ ਵਰ੍ਹਿਆਂ 'ਚ ਦੁੱਧ ਚੁੰਘਦੇ ਹੀ ਮਰ ਗਏ...।

ਰੱਜੋ ਹੁਣ ਅਧਮਰੀ ਹੋ ਕੇ ਪਈ ਰਹੀ। ਬੱਸ ਘਰ ਦੇ ਮਾੜੇ ਮੋਟੇ ਕੰਮ ਕਰਦੀ ਰਹਿੰਦੀ, ਜਿੰਨ੍ਹਾ ਬਿਨਾ ਕੁਝ ਵੀ ਸਵਰਦਾ ਨਹੀਂ ਸੀ। ਆਪਣੇ ਢਿੱਡ ਵੱਲ ਵੇਖੀ ਜਾਂਦੀ ਕਦੇ ਹੱਥਾਂ ਦੀਆਂ ਲਕੀਰਾਂ ਨੂੰ ਨਹੁੰਆਂ ਨਾਲ਼ ਖੁਰਚੀ ਜਾਂਦੀ।

ਸੋ ਚੜ੍ਹਤ ਸਿੰਘ ਨੇ ਆਪਣੀ ਦੁਆ ਬਦਲ ਦਿੱਤੀ, 'ਹੇ ਸੱਚੇ ਪਾਸ਼ਾ ਕੋਈ ਧੀ-ਧਿਆਣੀ ਹੀ ਝੋਲੀ ਪਾ ਦੇ, ਪੁੱਤ ਬਣਾ ਕੇ ਮੈਂ ਆਪੇ ਪਾਲ ਲਊਂ, ਚੱਲੋ ਜਦੋਂ

ਚੋਲਾ ਛੱਡਿਆ ਉਦੋਂ ਵੇਲ਼ੇ ਨਾਲ਼ ਚਾਰ ਭਰਾਵਾਂ ਨੂੰ ਬੋਲ ਮਾਰ ਕੇ ਸਿਵੇ ਵਿੱਚ ਫੂਕ ਤਾਂ ਆਊਗੀ...'

ਇਸੇ ਸਾਲ ਫਿਰ ਰੱਜੋ ਦਾ ਪੈਰ ਭਾਰੀ ਹੋਇਆ।

ਕੁੜੀ ਜੰਮੀ... ਰਾਣੀ।

ਪਰ ਰੱਜੋ ਫੇਰ ਆਪਣੇ ਮਰੇ ਪੁੱਤਾਂ ਹੇਜ ਲੈ ਕੇ ਬਹਿ ਜਾਂਦੀ। ਰੱਬ ਨੂੰ ਨਿਹੋਰਾ ਮਾਰਦੀ, 'ਦਾਤਿਆ ਐਦੀ ਇੱਕ ਅੱਧ ਹੱਥ-ਪੈਰ ਦੀ ਉਂਗਲ ਵੱਢ ਕੇ ਈ ਮੁੰਡਾ ਬਣਾ ਕੇ ਘੱਲ ਦਿੰਦਾ, ਤੇਰੇ ਕੋਲ਼ ਕੇੜਾ ਮਿੱਟੀ ਥੁੜ-ਦੀ ਸੀ'

ਅੰਤ ਇਸ ਸਦਮੇ ਨਾਲ਼ ਰਾਣੀ ਦੇ ਦੁੱਧ ਛੱਡਣ ਤੋਂ ਪਹਿਲਾਂ ਹੀ ਅੱਖਾਂ ਮੀਚ ਗਈ।

ਜਦੋਂ ਵੀ ਇਸ ਤਸਵੀਰ ਵੱਲ ਵੇਖਦਾ ਤਾਂ ਅੱਖਾਂ ਵਿੱਚ ਪੁਰਾਣੇ ਦਿਨ ਯਾਦ ਕਰਕੇ ਚਮਕ ਆ ਜਾਂਦੀ।

ਹੁਣ ਚੜ੍ਹਤ ਸਿੰਘ ਨੇ ਨੋਟਿਸ ਲਿਆ ਕੇ ਕੰਧ ਉੱਤੇ ਚਪਕਾ ਦਿੱਤਾ। ਜਿਸ ਤੇ ਅੱਗੋਂ ਨਾਲ਼ੋਂ ਵੀ ਮੋਟੇ ਅੱਖਰਾਂ ਵਿੱਚ ਲਿਖਿਆ ਸੀ, 'ਇੱਥੇ ਗਾਰਡ ਦੀ ਸਖ਼ਤ ਜ਼ਰੂਰਤ ਹੈ...'

ਉਹ ਫਿਰ ਆਪਣੀ ਲੱਕੜ ਦੀ ਕੁਰਸੀ 'ਤੇ ਜਚ ਕੇ ਬਹਿ ਗਿਆ। ਬੰਦੂਕ ਨੂੰ ਪੱਟਾਂ 'ਤੇ ਰੱਖ ਕੇ ਬੈਂਕ ਵਿੱਚ ਆਉਂਦੇ-ਜਾਂਦੇ ਹਰ ਬੰਦੇ ਨੂੰ ਸ਼ੱਕੀ ਨਿਗਾਹ ਨਾਲ ਵੇਖਦਾ, ਜਦੋਂ ਤੱਕ ਉਹ ਅੰਦਰ ਜਾ ਕੇ ਕਿਸੇ ਮੁਲਾਜ਼ਮ ਨਾਲ਼ ਹੱਥ ਨਹੀਂ ਸੀ ਮਿਲਾ ਲੈਂਦਾ ਜਾਂ ਉਹਦੇ ਨਾਲ਼ ਆਪਣੀ ਸਵਾਗਤੀ ਮੁਸਕਾਨ ਸਾਂਝੀ ਨਹੀਂ ਸੀ ਕਰਦਾ।

ਇਹ ਦੋ ਤਰੀਕੇ ਹੀ ਬੰਦੇ ਦੀ ਸ਼ਰਾਫਤ ਦੀ ਗਵਾਹੀ ਭਰਦੇ ਸੀ।

ਉਹਦੀਆਂ ਅੰਦਰ ਨੂੰ ਧਸੀਆਂ ਅੱਖਾਂ ਨੂੰ ਹਰੇਕ ਸ਼ੈਅ ਨੂੰ ਸ਼ੱਕੀ ਤੌਰ ਨਾਲ਼ ਵੇਖਣ ਕਰਕੇ ਉਹਨਾਂ ਦੀ ਆਦਤ ਪੱਕ ਚੁੱਕੀ ਸੀ। ਉਹਦੀ ਇਸ ਆਦਤ ਕਰਕੇ ਉਹਦੀ ਧੀ ਰਾਣੀ ਵੀ ਹੁਣ ਖ਼ਫ਼ਾ ਰਹਿਣ ਲੱਗ ਪਈ। ਉਹਨੂੰ ਡਰ ਲੱਗਦਾ। ਪਰ ਉਹ ਕੁਝ ਬੋਲਦੀ ਨਾ। ਬੇਸ਼ਕ ਰਾਣੀ ਵੱਲ ਪਿਆਰ-ਮੋਹ ਨਾਲ਼ ਵੀ ਵੇਖਦਾ ਸੀ, ਪਰ ਰਾਣੀ ਨੂੰ ਲੱਗਦਾ ਜਿਵੇਂ ਕੋਈ ਬਦਮਾਸ਼ ਉਹਦੇ ਵੱਲ ਝਾਕਦਾ ਹੋਵੇ।

ਕੱਲ੍ਹ ਰਾਤ ਰਾਣੀ ਰੋਟੀ ਫੜਾਉਣ ਆਈ ਤਾਂ ਉਹਦੇ ਹੱਥ ਕਿਸੇ ਅਚੇਤ ਭੈਅ ਨਾਲ਼ ਕੰਬਣ ਲੱਗ ਪਏ। ਪਾਣੀ ਦਾ ਗਿਲਾਸ ਫੜਾਉਣ ਵੇਲ਼ੇ ਉਹਦੀਆਂ ਉਂਗਲਾਂ ਦੱਬੀਆਂ ਗਈਆਂ, ਜਿਵੇਂ ਕਿਸੇ ਵੇਲ਼ੇ ਜੋਗੀ ਨੇ ਪੱਠਿਆਂ ਦੀ ਪੰਡ ਚਕਾਉਣ ਵੇਲ਼ੇ ਹੱਥ ਘੁੱਟਿਆ ਸੀ, ਤਾਂ ਉਹ ਪਾਰੇ ਵਾਂਗ ਖਿੰਡ ਗਈ ਸੀ। ਉਹਦੀ ਨਿਗਾਹ ਵਾਰ-ਵਾਰ ਰਾਣੀ ਦੀ ਹਿੱਕ ਕੋਲ਼ੋਂ ਪਾਟੀ ਕਮੀਜ਼ 'ਤੇ ਜਾ ਪੈਂਦੀ।

ਉਹਨੇ ਸੋਚਿਆ, 'ਐਤਕੀ ਦੀ ਪਹਿਲੀ ਤਨਖ਼ਾਹ ਨਾਲ਼ ਉਹ ਪੱਕਾ ਈ ਰਾਣੀ ਲਈ ਨਵਾਂ ਟੈਰੀ-ਕਾਟ ਦਾ ਸੂਟ ਸੁਆ ਕੇ ਦੇਊਗਾ, ਜੇ ਏਨਾ ਵੀ ਨਾ ਕਰ ਸਕਿਆ ਤਾਂ ਇਹਦੇ ਨਾਲ਼ ਮਿਲਦੀ ਟਾਕੀ ਲਿਆ ਕੇ ਦੇਊ, ਟਾਕੀ ਵੀ ਐਨ ਇਸੇ ਰੰਗ ਨਾਲ਼ ਰਚਦੀ-ਮਿਚਦੀ, ਕਿਸੇ ਨੂੰ ਪਾਟੇ ਹੋਣ ਦਾ ਅਹਿਸਾਸ ਨਾ ਹੋਵੇ....!'

ਇਸ ਕਮੀਜ਼ ਵਿੱਚੋਂ ਚਾਰ ਪੰਜ ਧਾਗੇ ਖਿੱਚ ਕੇ ਉਹਨੇ ਆਪਣੀ ਉਂਗਲ 'ਤੇ ਵਲੇਟ ਕੇ, ਉਪਰ ਚੇਪੀ ਲਾ ਲਈ ਸੀ। ਤਾਂ ਜੋ ਬਿੰਦੇ-ਬਿੰਦੇ ਇਸ ਕਮੀਜ਼ ਦੇ ਲਿਜਾਣ ਦਾ ਚੇਤਾ ਆਉਂਦਾ ਰਹੇ।

ਅੱਜ ਮਹੀਨਾ ਵੀ ਪੂਰਾ ਹੋ ਗਿਆ ਸੀ...!!

ਸ਼ਾਮ ਨੂੰ ਆਪਣੀ ਬੰਦੂਕ ਵਿੱਚ ਪਾਏ ਰੌਂਦ ਬੜੇ ਹੀ ਧਿਆਨ ਨਾਲ਼ ਕੱਢ ਕੇ ਪਟੇ ਵਿੱਚ ਪਾ ਕੇ, ਅਲਮਾਰੀ ਨੁਮਾ ਆਲ਼ੇ ਵਿੱਚ ਧਰ ਦਿੱਤਾ। ਉਹਦੀ ਨਜ਼ਰ ਆਲ਼ੇ ਵਿੱਚ ਲੱਗੇ ਜਾਲ਼ਿਆਂ 'ਤੇ ਪਈ ਤਾਂ ਉਹਨੇ ਇਹਨਾਂ ਨੂੰ ਸਾਫ਼ ਕਰਨ ਦਾ ਮਨ ਬਣਾ ਕੇ ਕੋਨੇ ਵਿੱਚ ਪਈ ਡੰਡੇ ਨਾਲ਼ ਬੰਨੀ ਟਾਕੀ ਚੱਕ ਲਈ। ਪਰ ਫਿਰ ਕਿਸੇ ਦਾ ਘਰ ਉਜਾੜਣ ਤੋਂ ਗੁਰੇਜ਼ ਕਰ ਗਿਆ।

ਟਿੱਡੀਆਂ ਦੇ ਆਂਡੇ ਵੇਖ ਕੇ ਡਰ ਗਿਆ...!

'ਅਣਜੰਮਿਆਂ ਨਾਲ਼ ਕਾਹਦਾ ਦਰੇਗ ਕਰਨਾ, ਕੋਈ ਨਾ ਹੋਰ ਮਹੀਨਾ-ਖੰਡ ਸਹੀ, ਜਦੋਂ ਇਹ ਆਪਾ ਸੰਭਾਲਣ ਜੋਗੇ ਹੋ ਗਏ, ਉਦੋਂ ਸਹੀ, ਏਥੋਂ ਉਜਾੜੇ ਕਿਤੇ ਹੋਰ ਜਾ ਕੇ ਵਸਣ ਦਾ ਜੇਰਾ ਤਾਂ ਕਰ ਲੈਣਗੇ...' ਉਹਨੇ ਟਾਕੀ ਨੂੰ ਫਿਰ ਖੂੰਜ ਵਿੱਚ ਸੁੱਟ ਦਿੱਤਾ ਤੇ ਹੱਥ ਝਾੜਦਾ ਹੋਇਆ, ਰਣਵਿਜੇ ਦੇ ਕੈਬਿਨ ਵਿੱਚ ਆ ਕੇ ਖੜ੍ਹ ਗਿਆ।

ਰਣਵਿਜੇ ਨੇ ਆਪਣਾ ਲੈਪਟਾਪ ਬੰਦ ਕਰ ਦਿੱਤਾ।

ਆਪਣੇ ਨਿੱਕੇ ਜਿਹੇ ਬੈਗ ਵਿੱਚ ਇਹਨੂੰ ਪਾ ਕੇ ਕਾਹਲੀ ਨਾਲ਼ ਜਿੱਪ ਬੰਦ ਕਰ ਦਿੱਤੀ। ਰੋਟੀ ਵਾਲ਼ਾ ਡੱਬਾ ਹੱਥ ਵਿੱਚ ਫੜ੍ਹ ਕੇ ਬਾਹਰ ਜਾਣ ਲੱਗਿਆ ਤਾਂ ਸਰਸਰੀ ਪੁੱਛਿਆ, 'ਕੋਈ ਕੰਮ ਐ'

'ਜੀ ਮੇਰਾ ਮਹੀਨਾ ਹੋ ਗਿਐ, ਜੇ ਤਨਖ਼ਾਹ ਮਿਲ ਜਾਂਦੀ ਤਾਂ...'

'ਬੈਂਕ ਦਾ ਰੂਲ ਐ, ਪਹਿਲੀਆਂ ਦੋ ਤਨਖਾਹਾਂ ਸਕਿਊਰਟੀ ਦੇ ਤੌਰ 'ਤੇ ਰੱਖੀਆਂ ਜਾਣਗੀਆਂ, ਉਸਤੋਂ ਬਾਦ ਈ ਪੂਰੀ ਤਨਖ਼ਾਹ ਮਿਲੇਗੀ' ਰਣਵਿਜੇ ਨੇ ਇਸ ਨੌਕਰੀ ਦੀ ਪਹਿਲੀ ਸ਼ਰਤ ਦੱਸ ਦਿੱਤੀ ਤਾਂ ਚੜ੍ਹਤ ਸਿੰਘ ਥੋੜ੍ਹਾ ਜਿਹਾ ਸਕਤੇ ਵਿੱਚ ਆ ਗਿਆ। ਉਹਨੇ ਮੇਜ਼ 'ਤੇ ਪਈਆਂ ਚਾਬੀਆਂ ਵਾਲ਼ਾ ਗੁੱਛਾ ਚੁੱਕ ਲਿਆ, ਜੀਹਦੇ ਵਿੱਚ ਜਿੰਦਰੇ ਅੜਾਏ ਹੋਏ ਸੀ।

ਉਹਨੇ ਬਾਹਰ ਆ ਕੇ ਬੈਂਕ ਦੇ ਸ਼ਟਰ ਨੂੰ ਥੱਲੇ ਖਿੱਚ ਕੇ ਜਿੰਦਰੇ ਲਗਾ ਦਿੱਤੇ। ਚਾਬੀਆਂ ਦਾ ਗੁੱਛਾ ਲਿਆ ਕੇ ਕਾਰ ਵਿੱਚ ਬੈਠੇ ਰਣਵਿਜੇ ਨੂੰ ਫੜ੍ਹਾ ਦਿੱਤਾ। ਉਹਦੀ ਉਦਾਸੀ ਹਾਲਤ ਵੇਖ ਕੇ ਰਣਵਿਜੇ ਦੇ ਦਿਲ ਵਿੱਚ ਰਹਿਮ ਆਇਆ ਤਾਂ ਉਹਨੇ ਆਪਣੇ ਬਟੂਏ ਵਿੱਚੋਂ ਸੌ-ਸੌ ਦੇ ਦੋ ਨੋਟ ਕੱਢ ਕੇ ਫੜਾਉਂਦਿਆਂ, 'ਆ ਰੱਖ ਲੈ, ਮੈਂ ਆਪੇ ਤਨਖ਼ਾਹ 'ਚੋਂ ਕੱਟਲੂੰਗਾ ਫ਼ਿਕਰ ਨਾ ਕਰ... ਓ.ਕੇ. ਆਪਣਾ ਜੋ ਵੀ ਕੰਮ ਅੜਿਆ ਉਹ ਕੱਢ-ਲੈ...'

ਉਹਨੇ ਸਿਰਫ਼ ਹਾਮੀ ਵਿੱਚ ਆਪਣੀ ਧੌਣ ਹਿਲਾਈ।

'ਖ਼ੁਸ਼ ਐਂ...' ਉਹਨੇ ਚਾਬੀਆਂ ਦਾ ਗੁੱਛਾ ਫੜ ਕੇ ਕਾਰ ਦੇ ਡੈਸਬੋਰਡ 'ਤੇ ਰੱਖ ਲਿਆ।

ਚੜ੍ਹਤ ਸਿੰਘ ਨੇ ਅਗੋਂ ਕੋਈ ਵੀ ਆਪਣਾ ਹਾਵ-ਭਾਵ ਨਹੀਂ ਪੇਸ਼ ਕੀਤਾ। ਉਵੇਂ ਹੀ ਖੜ੍ਹਾ ਰਿਹਾ ਜਿਵੇਂ ਇਹ ਗੱਲ ਉਹਨੂੰ ਸੁਣੀ ਨਾ ਹੋਵੇ।

'ਖ਼ੁਸ਼ ਐਂ...' ਨਾਂਹ ਵਿੱਚ ਹਲਕਾ ਜਿਹਾ ਸਿਰ ਮਾਰ ਦਿੱਤਾ।

'ਇੱਕ ਤਾਂ ਪਤੰਦਰਾ ਤੇਰਾ ਨਹੀਂ ਪਤਾ ਲੱਗਦਾ, ਤੂੰ ਖ਼ੁਸ਼ ਐਂ ਜਾਂ ਉਦਾਸ ਐਂ, ਸਾਰੀ ਉਮਰ ਇੱਕੋ ਜਿਹਾ ਮੂੰਹ ਬਣਾ ਕੇ ਤੁਰਿਆ ਫਿਰਦੈਂ... ਉਮਰ ਕੱਢ-ਲੀ...'

ਰਣਵਿਜੇ ਦੀ ਕਾਰ ਧੂੜ ਵਿੱਚ ਮਿਲੇ ਚਿੱਟੇ ਧੂੰਏਂ ਨੂੰ ਉਹਦੇ ਚਿਹਰੇ 'ਤੇ ਧੂੜਦੀ ਹੋਈ ਆਪਣੇ ਘਰ ਵੱਲ ਚਲੀ ਗਈ। ਉਹਨੇ ਜਦ ਨੋਟ ਨੂੰ ਗਹੁ ਵੱਲ ਵੇਖਿਆ ਤਾਂ ਇਹਦੇ ਕਾਫ਼ੀ ਧੂੜ ਚਮਕ ਰਹੀ ਸੀ। ਉਹ ਆਪਣੇ ਕੁੜਤੇ ਦੇ ਪੱਲੇ ਨਾਲ਼ ਗਾਂਧੀ ਦੇ ਲੱਗੀਆਂ ਐਨਕਾਂ ਨੂੰ ਸਾਫ਼ ਕਰਨ ਲੱਗ ਪਿਆ।

□ □ □

ਚੜ੍ਹਤ ਸਿੰਘ ਸ਼ਹਿਰ ਦੀਆਂ ਭੀੜੀਆਂ ਗਲੀਆਂ ਵਿੱਚ ਦੀ ਟੱਲੀਆਂ ਮਾਰਦਾ ਹੋਇਆ, ਇੱਕ ਕੱਪੜੇ ਵਾਲ਼ੀ ਦੁਕਾਨ ਅੱਗੇ ਆ ਰੁੱਕਿਆ। ਉਹਨੇ ਚਾਰੇ ਪਾਸੇ ਹੋਰ ਦੁਕਾਨਾਂ ਵੱਲ ਵੀ ਨਜ਼ਰ ਮਾਰੀ ਪਰ ਹੋਰ ਕੋਈ ਵੀ ਦੁਕਾਨ ਵਿਖਾਈ ਨਹੀਂ ਦਿੱਤੀ। ਸੋ ਉਹਨੇ ਆਪਣਾ ਸਾਈਕਲ ਏਥੇ ਕਿਸੇ ਕੰਧ ਨਾਲ਼ ਟੇਢਾ ਕਰਕੇ ਲਾਉਣ ਲਈ ਥਾਂ ਲੱਭਣੀ ਸ਼ੁਰੂ ਕੀਤੀ, ਪਰ ਕੋਈ ਵੀ ਥਾਂ ਨਹੀਂ ਮਿਲੀ।

'ਕੀ ਭਾਲ ਰਹੇ ਜੀ...' ਦੁਕਾਨ ਦੇ ਅੱਗੇ ਬਣੇ ਥੜ੍ਹੇ 'ਤੇ ਬਹਿ ਕੇ ਚੁੰਨੀਆਂ ਰੰਗ ਰਹੇ ਬਜ਼ੁਰਗ ਨੇ ਪੁੱਛਿਆ, ਜਿਸ ਦੀਆਂ ਗੱਲ੍ਹਾਂ ਬੁਢੇਪੇ ਕਰਕੇ ਐਨ ਅੰਦਰ ਧਸ ਗਈਆਂ ਸੀ।

'ਆਹ ਸਾਇਕਲ ਟੇਢਾ ਲਾਉਣਾ ਸੀ ਕਿਤੇ...'

'ਇਹਦਾ ਐਥੇ ਕਰਕੇ ਸਟੈਂਡ ਲਾ ਦਿਉ ਜੀ, ਫ਼ਿਕਰ ਨਾ ਕਰੋ ਐਥੋਂ ਕੋਈ ਨਹੀਂ ਚੋਰੀ ਕਰਕੇ ਲਿਜਾਂਦਾ...' ਲਲਾਰੀ ਨੇ ਤਾਂਬੇ ਦੇ ਵੱਡੇ ਪਤੀਲੇ ਵਿੱਚੋਂ ਬਾਂਸ ਦੇ ਡੱਕੇ ਨਾਲ਼ ਚੁੰਨੀ ਨੂੰ ਬਾਹਰ ਕੱਢਿਆ ਤੇ ਕੋਲ਼ ਪਏ ਸੂਟ ਨਾਲ਼ ਮੇਲ ਕੇ ਵੇਖਿਆ, 'ਅਜੇ ਹੈਗੀ ਐ ਕਸਰ...'

ਚੜ੍ਹਤ ਸਿੰਘ ਨੇ ਸਾਈਕਲ ਦੇ ਸਟੈਂਡ ਵੱਲ ਵੇਖਿਆ, ਜੋ ਕਦੇ ਵੀ ਨਹੀਂ ਸੀ ਲਾਇਆ। ਹਮੇਸ਼ਾ ਈ ਕਿਸੇ ਕੰਧ ਜਾਂ ਰੁੱਖ ਨਾਲ਼ ਟੇਢਾ ਈ ਖੜ੍ਹਾ ਕਰਦਾ ਸੀ। ਅੱਜ ਉਹਨੇ ਪਹਿਲੀ ਵਾਰ ਇਹ ਸਾਈਕਲ ਨੂੰ ਸਟੈਂਡ ਤੇ ਖੜ੍ਹਾ ਕੀਤਾ ਸੀ।

ਪਰ ਉਹਨੂੰ ਡਰ ਸੀ ਕਿਤੇ ਡਿੱਗ ਕੇ ਕੋਈ ਨੁਕਸਾਨ ਨਾ ਹੋ ਜਾਵੇ।

ਚਾਰ ਪੰਜ ਬੰਦੇ ਉਹਦੇ ਨਾਲ਼ ਖਹਿ ਕੇ ਦੁਕਾਨ ਵਿੱਚ ਵੜੇ ਤਾਂ ਉਹ ਵੀ ਉਹਨਾਂ ਨਾਲ਼ ਦੁਕਾਨ ਵਿੱਚ ਜਾ ਕੇ ਬਹਿ ਗਿਆ। ਮਾਲਕ ਨੇ ਇਸ਼ਾਰੇ ਨਾਲ਼

ਉਹਨੂੰ ਕੁੱਝ ਸਮਾਂ ਉਡੀਕ ਕਰਨ ਲਈ ਕਿਹਾ ਤੇ ਜਿਹੜੇ ਬੰਦੇ ਅੰਦਰ ਆਏ ਸੀ ਉਹਨਾਂ ਨਾਲ਼ ਗੱਲ ਕਰਨ ਵਿੱਚ ਰੁੱਝ ਗਿਆ, 'ਹਾਂ ਜੀ, ਕੀ ਸੇਵਾ ਕਰੀਏ...!'

'ਕੋਈ ਨਾ ਦੱਸਦੇ ਹਾਂ....' ਤਰਲੋਚਨ ਸਿੰਘ ਦੀ ਨਜ਼ਰ ਸਾਹਮਣੇ ਕੰਧ ਉੱਤੇ ਲੱਗੇ ਟੈਲੀਵਿਜ਼ਨ 'ਤੇ ਪਈ, ਜੀਹਦੇ ਵਿੱਚ ਸੈਣੀ ਰਗਾਂ ਦਾ ਸਾਰਾ ਜ਼ੋਰ ਲਗਾ ਕੇ ਭਾਸ਼ਣ ਦੇ ਰਿਹਾ ਸੀ।

ਪੱਤਰਕਾਰ ਉਹਦੇ ਚਿਹਰੇ ਅੱਗੇ ਆਪਣੇ ਕਿੰਨੇ ਹੀ ਮਾਇਕ ਲਈ ਖੜ੍ਹੇ ਸੀ। ਪਿੱਛੇ ਸੰਸਦ ਸੀ। ਉਹਦੇ ਬੋਲੇ ਜਾ ਰਹੇ ਲਫ਼ਜ਼ ਕੰਨਾਂ ਵਿੱਚ ਤੇਜ਼ਾਬ ਦਾ ਕੰਮ ਕਰਦੇ ਪਏ ਸੀ।

'ਇਨ੍ਹਾਂ ਜੱਟਾਂ ਦਾ ਭਾਰਤ ਦੇ ਸੰਵਿਧਾਨ ਨਾਲ਼ ਕੋਈ ਲੈਣਾ ਦੇਣਾ ਨਹੀਂ, ਸਾਰੇ ਡਾਂਗ ਦੇ ਸਿਰ ਤੇ ਰਾਜ ਕਰਨਾ ਚਾਹੁੰਦੇ ਨੇ.... ਕਿਉਂ ਕਿ ਇਹ ਮੋਢਿਆਂ ਦੇ ਥੱਲੋਂ ਤਾਂ ਬਹੁਤ ਮਜਬੂਤ ਨੇ.... ਚਟਾਨ ਨੇ.... ਪਰ ਮੋਡਿਆਂ ਦੇ ਉੱਪਰ ਇਹਨਾਂ ਦਾ ਕੋਈ ਵਜੂਦ ਨਹੀਂ, ਤੂੜੀ ਭਰੀ ਐ ਏਨਾਂ ਦੇ ਖੋਪੜ ਚ...' ਸੈਣੀ ਵਾਰ ਵਾਰ ਆਪਣੀ ਉਂਗਲ ਨੂੰ ਹਵਾ ਵਿੱਚ ਲਹਿਰਾ ਕੇ ਬੋਲਦਾ ਪਿਆ ਸੀ।

'ਪਰ ਇਹ ਹੈ ਤਾਂ ਸਾਡੇ ਨਾਗਰਿਕ ਹੀ ਨਾ...' ਪੱਤਰਕਾਰ ਨੇ ਇੱਕ ਚੋਭਵਾਂ ਸਵਾਲ ਕੀਤਾ, 'ਇਨ੍ਹਾਂ ਦੀ ਕੀ ਮੁਸ਼ਕਲ ਹੈ, ਉਹਦਾ ਹੱਲ ਤਾਂ ਕਰਨਾ ਚਾਹੀਦਾ ਹੈ ਜਾਂ ਨਹੀਂ...'

'ਨਹੀਂ....'

'ਇਹ ਲਫਜ਼ ਆਪ ਨੇ ਕਿਸ ਲਈ ਵਰਤਿਆ'

'ਨਹੀਂ, ਇਹ ਜੱਟ ਬਰਾਦਰੀ ਪਾਕਿਸਤਾਨੀ ਮੂਲ ਦੇ ਨਾਗਰਿਕ ਨੇ, ਇਹਨਾਂ ਤੋਂ ਸਾਡੇ ਮੁਲਕ ਦੀ ਅਖੰਡਤਾ ਨੂੰ ਬਚਾਉਣਾ ਪਵੇਗਾ, ਨਹੀਂ ਤਾਂ ਇਹ ਫੇਰ ਦੇਸ਼ ਨੂੰ ਬਟਵਾਰੇ ਦੀ ਕਗਾਰ 'ਤੇ ਲਿਆ ਕੇ ਖੜ੍ਹਾ ਕਰ ਦੇਣਗੇ...' ਸੈਣੀ ਨੇ ਆਪਣੇ ਹੱਥ ਦੀਆਂ ਉਂਗਲਾਂ ਨੂੰ ਕੈਂਚੀ ਵਾਂਙ ਚਲਾ ਕੇ ਹਵਾ ਨੂੰ ਕੁਤਰ ਦਿੱਤਾ।

'ਪਰ ਤੁਸੀਂ ਕਿਵੇਂ ਕਹਿ ਸਕਦੇ ਹੋ....'

'ਕਹਿਣ ਦੀ ਲੋੜ ਕੀ ਰਹਿ ਗਈ ਐ... ਦਿਖ ਹੀ ਤਾਂ ਰਿਹਾ.... ਇਤਿਹਾਸ ਹਰ ਕੌਮ ਦੀ ਔਕਾਤ ਦੱਸਦਾ ਹੈ.... ਬਣਾਉਂਦਾ ਹੈ... ਇਹਨਾਂ ਦਾ ਰਵਈਆ ਹਮੇਸ਼ਾ ਈ ਨੀਚੇ-ਦੁਬਲੇ ਲੋਕਾਂ ਨਾਲ਼ ਨਿੰਦਾਜੋਗ ਰਿਹਾ ਹੈ... ਇਹ ਜਾਟ ਚਾਹੁੰਦੇ ਨੇ ਨੀਂਵੀਂ ਸ਼੍ਰੇਣੀ ਦੇ ਲੋਕ ਹਮੇਸ਼ਾ ਈ ਇਨ੍ਹਾਂ ਦੀ ਸੇਵਾ ਵਿੱਚ ਲੱਗੇ ਰਹਿਣ.... ਏਨ੍ਹਾਂ ਦੀ ਜੂਠ 'ਤੇ ਪਲਣ...'

ਇਸ ਖ਼ਬਰ ਦੌਰਾਨ ਇੱਕ ਭਿਖ਼ਾਰੀ, ਜੋ ਤਰਲੋਚਨ ਹੋਰਾਂ ਦੇ ਪਿੱਛੇ ਹੀ ਏਥੇ ਦੁਕਾਨ ਵਿੱਚ ਆ ਗਿਆ, ਉਹਨੇ ਭੀਖ ਮੰਗੀ, 'ਕੁਝ ਖਾਣੇ ਕੋ ਦੋ...'

ਤਾਂ ਤਰਲੋਚਨ ਨੇ ਆਪਣੇ ਹੱਥ ਵਿੱਚ ਫੜੀ ਚਾਹ ਦੀ ਪੀਤੀ ਅੱਧੀ ਗਲਾਸੀ

ਚੁੱਕ ਕੇ ਉਹਨੂੰ ਫੜਾ ਦਿੱਤੀ। ਪਰ ਭਿਖਾਰੀ ਨੇ ਸੈਣੀ ਦੀ ਗੱਲ ਸੁਣ ਕੇ ਇਹ ਵੀ ਨਹੀਂ ਪੀਤੀ।

'ਚੱਲ ਭੱਜ ਏਥੋਂ....'

ਤਰਲੋਚਨ ਨੇ ਫਿਰ ਚਾਹ ਦੀ ਗਲਾਸੀ ਉਹਦੇ ਕੋਲੋਂ ਫੜ ਕੇ ਆਪ ਪੀਣੀ ਸ਼ੁਰੂ ਕੀਤੀ ਤੇ ਸਾਰਾ ਧਿਆਨ ਸੈਣੀ ਵੱਲ ਕਰ ਲਿਆ।

'ਜਿਸ ਸੂਰਬੀਰ ਨੇ ਪਛੜੇ ਵਰਗ ਦੀ ਗੱਲ ਕੀਤੀ ਐ, ਉਹਨਾਂ ਦੀ ਅਵਾਜ਼ ਬੁਲੰਦ ਕੀਤੀ ਐ, ਸੂਰ ਦੇ ਜਣਿਆਂ ਨੇ ਉਨ੍ਹਾਂ ਨੂੰ ਸੰਸਦ ਵਿੱਚ ਨਹੀਂ ਜਾਣ ਦਿੱਤਾ... ਚਾਹੇ ਉਹ ਅੰਬੇਦਕਰ ਸੀ... ਚਾਹੇ ਮਜਲੂਮਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਵਾਲ਼ਾ ਰਾਮਮੋਹਨ ਲੋਹੀਆ ਸੀ... ਜੇ ਜਿੱਤ ਕੇ ਪਾਰਲੀਮੈਂਟ ਵਿੱਚ ਵੀ.ਪੀ. ਸਿੰਘ ਜਾ ਕੇ ਗ਼ਰੀਬਾਂ ਦੇ ਹੱਕ ਵਿੱਚ ਖੜਿਆ ਵੀ ਤਾਂ ਉਹਨੂੰ ਵੀ ਫੇਰ ਜਿੱਤਣ ਨਹੀਂ ਦਿੱਤਾ, ਹਰਾ ਕੇ ਘਰੇ ਬੈਠਾ ਦਿੱਤਾ... ਇਨਾਂ ਨੂੰ ਗ਼ੈਰ ਜੱਟ ਕੋਈ ਵੀ ਨੇਤਾ ਮਨਜ਼ੂਰ ਨਹੀਂ.... ਇਸ ਵਾਰ ਸਾਡੇ ਮੁੱਖ ਮੰਤਰੀ ਮੋਦੀ ਜੀ ਬਣ ਗਏ ਐ, ਇਹਨਾਂ ਤੋਂ ਬੱਸ ਏਹੀ ਸਹਿਣ ਨਹੀਂ ਹੋ ਰਿਹਾ... ਇਹ ਸੂਰ ਦੇ ਜਣਿਆਂ ਨੂੰ ਮੈਂ ਦੋ ਦਿਨਾਂ ਵਿੱਚ ਟਿਕਾਣੇ ਲਾ ਸਕਦਾਂ...'

ਜਦ ਸੈਣੀ ਨੇ ਕੈਮਰੇ ਵੱਲ ਉਂਗਲ ਕਰਕੇ ਚੁੱਟਕੀ ਮਾਰੀ ਤਾਂ ਤਰਲੋਚਨ ਤੇ ਉਹਦੇ ਨਾਲ਼ ਆਏ ਸਾਥੀਆਂ ਨੂੰ ਮਹਿਸੂਸ ਹੋਇਆ, ਜਿਵੇਂ ਉਹਨਾਂ 'ਤੇ ਉਂਗਲ ਤਾਣੀ ਹੈ। ਤਰਲੋਚਨ ਇਹ ਭਾਸ਼ਣ ਸੁਣਦਾ ਹੋਇਆ, ਜਵਾਂ ਟੈਲੀਵਿਜ਼ਨ ਕੋਲ਼ ਜਾ ਕੇ ਖੜ ਗਿਆ।

ਉਹਨੇ ਪੂਰੇ ਗੁੱਸੇ ਨਾਲ਼ ਸੈਣੀ ਦੇ ਚਿਹਰੇ 'ਤੇ ਥੁੱਕ ਦਿੱਤਾ।

ਨਾਲ਼ ਆਏ ਬੰਦੇ ਨੇ ਆਪਣੇ ਪੈਰ ਵਿੱਚੋਂ ਜੁੱਤੀ ਉਤਾਰ ਵੀ ਲਈ ਸੀ, 'ਮਾੜਾ ਜਿਹਾ ਕਰੀਂ ਅੱਗੇ, ਬੰਦ ਕਾਹਨੂੰ ਕਰਨਾ ਸੀ...'

ਦੁਕਾਨ ਮਾਲਕ ਨੇ ਛੇਤੀ ਨਾਲ਼ ਟੈਲੀਵਿਜ਼ਨ ਬੰਦ ਕਰ ਦਿੱਤਾ, ਕਿਤੇ ਉਹ ਜੁੱਤੀ ਉਤਾਰ ਕੇ ਹੀ ਨਾ ਮਾਰ ਦੇਵੇ। ਘੱਟੋ-ਘੱਟ ਦਸ ਹਜ਼ਾਰ ਦਾ ਨੁਕਸਾਨ ਹੋ ਜਾਣਾ ਸੀ। ਉਹ ਬੰਦ ਟੈਲੀਵਿਜ਼ਨ ਵੱਲ ਕਿੰਨਾ ਚਿਰ ਝਾਕੀ ਗਿਆ।

'ਹਾਂ ਜੀ ਤਰਲੋਚਨ ਜੀ ਦੱਸੋ... ਕੀ ਖ਼ਿਦਮਤ ਕਰੀਏ... ਏਨੇ ਤਾਂ ਭੌਂਕੀ ਈ ਜਾਣਾ ਹੁੰਦਾ...'

ਨਾਲ਼ ਆਏ ਇੱਕ ਬੰਦੇ ਨੇ, ਜੀਹਦੇ ਕੁੜਤੇ ਵਿੱਚੋਂ ਸ਼ੀਸ਼ੇ ਵਰਗੀ ਲਿਸ਼ਕ ਪੈਂਦੀ ਸੀ, ਗੱਲ ਨੂੰ ਅਗੋਂ ਤੋਰਿਆ, 'ਸਾਨੂੰ ਕਾਲ਼ਾ ਕੱਪੜਾ ਚਾਹੀਦਾ, ਜਿੰਨਾ ਦੇ ਕਾਲ਼ੇ ਝੰਡੇ ਬਣਾ ਕੇ ਐ ਕੁੱਤੇ ਦੀ ਹਿੱਕ 'ਚ ਗੱਡਣੇ ਨੇ...'

'ਲਿਆ ਬਈ ਮੁੰਡਿਆ ਛੇਤੀ ਨਾਲ਼...' ਮਾਲਕ ਦੇ ਆਖਣ ਤੇ ਛੇਤੀ ਨਾਲ਼ ਕੋਲ਼ ਬੈਠੇ ਮੁੰਡਿਆਂ ਨੇ ਫ਼ੁਰਤੀ ਨਾਲ਼ ਕਾਲ਼ੇ ਕੱਪੜੇ ਦੇ ਦੋ ਥਾਨ ਲਿਆ ਸੁੱਟੇ।

'ਅਸੀਂ ਏਹਤੋਂ ਮਾਫ਼ੀ ਮੰਗਵਾਉਣੀ ਐ, ਇਹਦੀ ਪੱਗ ਪੈਰਾਂ ਵਿੱਚ ਰਖਾ ਕੇ ਨੱਕ ਨਾਲ਼ ਸੱਤ ਲਕੀਰਾਂ ਨਾ ਕਢਾਈਆਂ ਤਾਂ ਸਾਨੂੰ ਜੱਟ ਕੀਹਨੇ ਕਹਿਣਾ...' ਤਰਲੋਚਨ ਨੇ ਆਪਣੀ ਮੁੱਛ ਨੂੰ ਵੱਟ ਚਾੜ੍ਹਿਆ।

'ਪਰ ਇਹ ਤਾਂ ਮੋਨਾ ਹੈ ਜੀ... ਪੱਗ ਆਲ਼ਾ ਚੱਕਰ ਸਮਝ ਨਹੀਂ ਪਿਆ, ਕਿਵੇਂ ਕਰਾਂਗੇ...'

'ਕੋਈ ਨਾ ਓਸ ਦਿਨ ਮਾਫ਼ੀ ਮੰਗਾਉਣ ਵੇਲ਼ੇ ਆਪਣੀ ਪੱਗ ਦੇ ਦਿਆਂਗੇ ਬੰਨਣ ਲਈ... ਸਾਲਾ ਸਾਨੂੰ ਗਾਲਾਂ ਕੱਢਦਾ, ਸੂਰ ਦਾ ਜਣਿਆ ਕਹਿੰਦਾ... ਘੇਰ ਤਾਂ ਅਸੀਂ ਏਨੂੰ ਪੰਜ ਮਿੰਟਾਂ 'ਚ ਲਈਏ... ਹੱਡ ਰੋਲ਼ ਦਿਆਂਗੇ ਪਰ ਨਹੀਂ... ਕਨੂੰਨ ਵੀ ਕੋਈ ਸ਼ੈਅ ਹੈ...' ਤਰਲੋਚਨ ਸਿੰਘ ਨੇ ਥੋੜ੍ਹਾ ਸਬਰ ਤੋਂ ਕੰਮ ਲੈਂਦਿਆਂ ਗਾਲ੍ਹਾਂ ਕੱਢਣ ਤੋਂ ਗੁਰੇਜ਼ ਕੀਤਾ, ਕਿਉਂ ਕਿ ਦੁਕਾਨ ਵਿੱਚ ਔਰਤ ਗਾਹਕਾਂ ਆ ਗਈਆਂ ਸੀ। ਉਹਨੇ ਆਪਣੀ ਜ਼ੁਬਾਨ ਨੂੰ ਕਾਬੂ ਵਿੱਚ ਕਰ ਲਿਆ।

ਉਹਨਾਂ ਨੂੰ ਅੱਗੇ ਲੰਘਣ ਲਈ ਥਾਂ ਵੀ ਦਿੱਤੀ, 'ਧੀਏ ਐਥੋਂ ਦੀ ਲੰਘ-ਜੋ... ਸ਼ਾਬਾਸ਼ੇ... ਧੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ... ਏਨਾਂ ਨਾਲ਼ ਕੋਈ ਵੈਰ-ਸੱਲਾ ਨਹੀਂ...!'

ਚੜ੍ਹਤ ਸਿੰਘ ਨੇ ਜਦ ਉਹਨੂੰ ਸ਼ਾਂਤ ਬੈਠਿਆਂ ਵੇਖਿਆ ਤਾਂ ਦਿਲ ਵਿੱਚ ਸੋਚਿਆ, ਇਹ ਬੰਦਾ ਹਰ ਵੇਲ਼ੇ ਹੀ ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਹੈ ਜਾਂ ਕੋਈ ਹੋਰ ਵੀ ਗੱਲ ਆਉਂਦੀ ਹੈ।

ਜਦ ਉਹਨੇ ਆਪਣੇ ਝੰਡਿਆਂ ਲਈ ਕਾਲ਼ਾ ਕੱਪੜਾ ਇੱਕ ਲਿਫ਼ਾਫ਼ੇ ਵਿੱਚ ਬੰਨ ਕੇ ਬਣਦੇ ਪੈਸੇ ਅਦਾ ਕਰ ਦਿੱਤੇ ਤਾਂ ਚੜ੍ਹਤ ਸਿੰਘ ਨੇ ਆਪਣੀ ਗੱਲ ਛੇੜ ਲਈ।

'ਸਾਸਰੀ ਕਾਲ ਜੀ...'

'ਹੂੰਅ...' ਤਰਲੋਚਨ ਨੇ ਮੁਸਕਾਨ ਨਾਲ਼ ਉੱਤਰ ਦਿੱਤਾ ਤਾਂ ਫਿਰ ਉਹਨੇ ਸਾਸਰੀ ਕਾਲ਼ ਬੁਲਾਈ। ਇਸ ਵਾਰ ਉਹਨੇ ਅੱਗੋਂ ਦੋਵੇਂ ਹੱਥ ਜੋੜ ਕੇ ਸਾਸਰੀ ਕਾਲ ਬੁਲਾ ਹੀ ਦਿੱਤੀ ਤੇ ਪੁੱਛਿਆ, 'ਹਾਂ ਜੀ... ਹਾਂ ਜੀ... ਹੋਰ ਸੁਣਾਉ ਘਰ ਬਾਰ ਸਭ ਠੀਕ ਐ...'

'ਨਹੀਂ ਜੀ...'

'ਕੀ ਹੋਇਆ, ਕੋਈ ਅਣਹੋਈ ਤਾਂ ਨਹੀਂ ਵਾਪਰਗੀ' ਤਰਲੋਚਨ ਉਹਦੇ ਦੋਵਾਂ ਹੱਥਾਂ ਨੂੰ ਆਪਣੇ ਹੱਥਾਂ ਵਿੱਚ ਕਿਸੇ ਹਮਦਰਦੀ ਵਿੱਚ ਫੜ੍ਹ ਕੇ ਬੈਂਚ 'ਤੇ ਬੈਠ ਗਿਆ। ਉਹਦੇ ਨਾਲ਼ ਖੜ੍ਹੇ ਚਾਰ-ਪੰਜ ਬੰਦੇ ਵੀ ਕਿਸੇ ਡੂੰਘੇ ਅਫ਼ਸੋਸ ਵਿੱਚ ਖੜ੍ਹ ਗਏ। ਇਕ ਨੇ ਹੌਂਸਲਾ ਦੇਣ ਲਈ ਉਹਦੇ ਮੋਢੇ ਤੇ ਹੱਥ ਰੱਖਿਆ, 'ਸਬਰ ਰੱਖ...'

'ਰੱਬ ਦਾ ਭਾਣਾ ਮਿੱਠਾ ਕਰਕੇ ਮੰਨੋ, ਸਮੇਂ ਨਾਲ਼ ਦੁਨੀਆ ਦੀ ਹਰ ਡੂੰਘੀ ਸੱਟ ਵੀ ਭਰ ਜਾਂਦੀ ਐ...' ਤਰਲੋਚਨ ਨੇ ਆਪਣੇ ਹੱਥ ਵਿੱਚ ਫੜਿਆ ਲਿਫ਼ਾਫ਼ਾ ਨਾਲ ਦੇ ਬੰਦੇ ਨੂੰ ਫੜਾ ਦਿੱਤਾ।

'ਰਾਤੀਂ ਕਨਸੋਅ ਪਈ ਐ ਕਿ ਸਾਡੀ ਸਵਾਤ ਵਿੱਚ ਬਿੱਲੀ ਨੇ ਘੋਰਨਾ ਪੱਟ ਕੇ ਬਲੂੰਗੜੇ ਦੇਤੇ ਐ, ਹੁਣ ਕੀ ਕਰੀਏ ਸੋਚਦਾਂ, ਜੇ ਘੋਰਨਾ ਪੂਰਦਾ ਹਾਂ ਤਾਂ ਵਚਾਰੀ ਦਾ ਘਰ ਪੱਟਿਆ ਜਾਊ, ਨਹੀਂ ਤਾਂ ਨੀਹਾਂ 'ਚ ਪਾਣੀ ਪਵੂੰਗਾ, ਉਹਦੇ ਕਰਕੇ ਛੱਤ ਕਾਫ਼ੀ ਕਮਜ਼ੋਰ ਹੋ ਸਕਦੀ ਐ...' ਚੜ੍ਹਤ ਸਿੰਘ ਨੇ ਪੂਰੇ ਡੂੰਘੇ ਅਫ਼ਸੋਸ ਨਾਲ਼ ਗੱਲ ਕੀਤੀ, ਜਿਹਨੂੰ ਸੁਣ ਕੇ ਸਭ ਨੂੰ ਹਾਸੇ ਨੁਮਾ ਗ਼ੁੱਸਾ ਆਇਆ, ਭਲਾਂ ਇਹ ਵੀ ਕੋਈ ਦੁੱਖ ਹੈ... ਦੁੱਖ ਤਾਂ ਕਿਸੇ ਦੇ ਮਰਨ ਦਾ ਹੁੰਦਾ... ਜਾਂ ਕੋਈ ਹੋਰ ਵੱਡਾ ਘਾਟਾ ਪਵੇ.... ਪਰ ਇਹ ਛੋਟੀ ਜਿਹੀ ਗੱਲ ਦਾ ਹੀ ਮਾਤਮ ਲੈ ਕੇ ਬੈਠ ਗਿਆ।

'ਹਾਂ ਹੈ ਤਾਂ ਦੁੱਖ ਦੀ ਗੱਲ...!' ਸਾਰੇ ਅੱਖਾਂ ਵਿੱਚ ਹੀ ਮੁਸਕਾਏ।

'ਅੱਛਾ ਕੋਈ ਹੋਰ ਗੱਲ ਤਾਂ ਨਹੀਂ ਕਰਨ ਵਾਲ਼ੀ... ਨਹੀਂ ਤਾਂ ਮੈਨੂੰ ਅੱਗੇ ਈ ਸਰਾਭਾ ਚੌਂਕ ਵਿੱਚ ਖੜ੍ਹੇ ਸਾਥੀ ਉਡੀਕ ਰਹੇ ਐ...' ਤਰਲੋਚਨ ਨੇ ਫਿਰ ਪੁੱਛਿਆ, ਜੋ ਆਮ ਹੀ ਰਵਾਇਤੀ ਲੋਕ-ਲੱਜਾ ਕਰਕੇ ਪੁੱਛਦੇ ਹਨ।

'ਹਾਂ ਸੱਚ ਮੈਂ ਗੁੱਡੀ ਦੇ ਰਿਸ਼ਤੇ ਦੀ ਗੱਲ ਕਰਨੀ ਸੀ... ਉਹ ਸਕੂਟਰ ਆਲ਼ਾ ਮਸਲਾ ਹੱਲ ਹੋ ਜਾਊਗਾ...'

'ਕਿਵੇਂ...'

'ਸਾਡੇ ਪਿੰਡੋਂ ਲੰਬੜਾਂ ਦਾ ਮੁੰਡਾ ਏਸ ਸਾਲ ਬਾਹਰ ਪੜ੍ਹਨ ਲਈ ਜਾ ਰਿਹਾ... ਸੋ ਉਹਦੇ ਘਰ ਜੋ ਸਕੂਟਰ ਹੈ ਆਪਾਂ ਲੈ ਲਵਾਂਗੇ... ਧੋ-ਧਵਾ ਕੇ ਜਿੱਥੇ ਕੋਈ ਝਰੀਟ ਵੱਜੀ ਹੋਈ.. ਉੱਥੇ ਰੋਗਨ ਫਿਰਾ ਲੈਣਾ... ਦੇਖੋ ਜੀ ਸਾਰਾ ਕੁਝ ਈ ਮੇਰੀ ਧੀ-ਰਾਣੀ ਦਾ ਐ, ਸੋ ਚਿੰਤਾ ਲਈ ਹੱਡ ਕਾਤੋਂ ਫੂਕਣੇ ਐਂ... ਮੈਂ ਉਹਨਾਂ ਨਾਲ਼ ਗੱਲ ਕਰਲੂੰਗਾ, ਜੇ ਤੁਸੀਂ ਹਾਮੀ ਭਰੋ ਤਾਂ ਸਾਕ ਪੱਕਾ ਕਰੋ ਤਾਂ ਮੈਂ ਕੱਲ੍ਹ ਈ ਜਾ ਕੇ ਸਾਈ ਦੇ ਆਉਨਾ' ਚੜ੍ਹਤ ਸਿੰਘ ਨੇ ਬਿਨਾ ਕਿਸੇ ਦਾ ਹੁੰਗਾਰਾ ਭਰਾਏ ਆਪਣੇ ਦਿਲ ਵਿੱਚ ਪਈ ਸਾਰੀ ਗੱਲ ਹਰਫ਼ ਤੋਂ ਹਰਫ਼ ਬਿਆਨ ਕਰ ਦਿੱਤੀ।

ਤਰਲੋਚਨ ਨੇ ਉਹਦੀ ਗੱਲ ਮੁੱਕਣ ਦੀ ਉਡੀਕ ਕੀਤੀ ਤੇ ਨਾਲ਼ ਹੀ ਬੋਲਿਆ, 'ਸਾਨੂੰ ਕੁਝ ਚਿਰ ਸੋਚਣ ਦਾ ਮੌਕਾ ਦਿਉ... ਉਮਰਾਂ ਦਾ ਨਿਭਾਅ ਹੋਣਾ... ਆਹ ਜੇੜਾ ਇੱਜ਼ਤ ਤੇ ਝੱਖੜ ਝੁੱਲਿਆ, ਇਕੇਰਾਂ ਇਹਨੂੰ ਕਿਸੇ ਬਿਲੇ ਲਾ ਦੇਵੀਏ... ਫੇਰ ਉਹ ਵੀ ਗੱਲ ਕਰ ਲਵਾਂਗੇ...'

ਉਹਦੇ ਜਾਣ ਬਾਦ ਚੜ੍ਹਤ ਸਿੰਘ ਫਿਰ ਕਿਸੇ ਦੁਚਿੱਤੀ ਵਿੱਚ ਡੁੱਬ ਗਿਆ। ਰਿਸ਼ਤੇ ਲਈ ਉਹ ਹਾਂ ਸਮਝੇ ਜਾਂ ਨਾਂਹ। ਉਹਦੇ ਅੰਦਰ ਡਰ ਵੀ ਸੀ ਕਿਤੇ ਸਕੂਟਰ ਕਰਕੇ ਹੀ ਨਾ ਰਿਸ਼ਤੇ ਨੂੰ ਨਾਂਹ ਹੋ ਜਾਵੇ।

ਉਹਨਾਂ ਨੂੰ ਲਲਾਰੀ ਦੇ ਟੋਪ ਵਿੱਚੋਂ ਨਿਕਲ਼ਦੀ ਭਾਫ਼ ਵਿੱਚੋਂ ਦੀ ਦੂਰ ਤੀਕ ਵੇਖਦਾ ਰਿਹਾ।

ਮਾਲਕ ਨੇ ਟੈਲੀਵਿਜ਼ਨ ਤੋਂ ਟਾਕੀ ਨਾਲ਼ ਥੁੱਕ ਨੂੰ ਪੂੰਝ ਕੇ, ਬੁੱਲ੍ਹਾਂ 'ਤੇ ਫਿਰ

ਤਾਜ਼ਗੀ ਭਰੀ ਮੁਸਕਾਨ ਨਾਲ਼ ਟੈਲੀਵਿਜ਼ਨ ਚੈਨਲ ਬਦਲ ਕੇ ਫ਼ਿਲਮੀ ਗਾਣੇ ਲਾ ਦਿੱਤੇ। ਰਿਮੋਟ ਰੱਖ ਕੇ ਚੜ੍ਹਤ ਸਿੰਘ ਨਾਲ਼ ਰਾਬਤਾ ਬਣਾਇਆ, 'ਹਾਂ ਜੀ ਕੀਹਦੇ ਲਈ ਸੂਟ ਲੈਣਾ ਹੈ ਜੀ... ਭਾਬੀ ਜੀ ਲਈ ਜਾਂ ਬੇਟੀ ਲਈ...'

'ਧੀ ਲਈ...'

ਮਾਲਕ ਨੇ ਆਪਣੇ ਹਿਸਾਬ ਨਾਲ਼ ਉਹਦੀ ਹਰ ਹਰਕਤ ਵਾਚੀ। ਉਹਨੂੰ ਸਿਰੋਂ ਲੈ ਕੇ ਪੈਰਾਂ ਤੀਕ ਵੇਖਿਆ ਤੇ ਉਹਦੀ ਜੇਬ ਦੀ ਹੈਸੀਅਤ ਦਾ ਅੰਦਾਜ਼ਾ ਲਾਉਣ ਲੱਗ ਪਿਆ। ਪੂਰਾ ਅੰਦਾਜ਼ਾ ਲਗਾ ਕੇ ਉਹਨੇ ਆਪਣੇ ਕੋਲ਼ ਫਿਰਦੇ ਮੁੰਡੇ ਨੂੰ ਅਵਾਜ਼ ਮਾਰੀ, 'ਏਨਾ ਨੂੰ ਬੀਕਾਨੇਰੀ ਸੂਟ ਵਿਖਾ ਦੋ... ਜੇੜ੍ਹਾ ਕੱਲ੍ਹ ਨਵਾਂ ਮਾਲ ਆਇਆ... ਏਹ ਸੂਟ ਅਜੇ ਤੀਕ ਕਿਸੇ ਨੇ ਨਹੀਂ ਪਾਏ ਹੋਣੇ, ਜਿਹੜੇ ਤੁਹਾਨੂੰ ਦਿਖਾ ਰਿਹਾਂ... ਐਨ ਪੂਰੇ ਵਾਜਬ ਰੇਟ... ਰੰਗ ਫੇਟ ਹੋ-ਜੇ ਮੇਰੀ ਝੋਲੀ ਵਿੱਚ ਸੁੱਟ ਕੇ ਆਪਣੇ ਪੈਸੇ ਮੁੜਾ ਕੇ ਲੈ ਜਿਓ... ਗਰੰਟੀ ਐ...'

ਉਹਨਾਂ ਨੇ ਪੰਦਰਾਂ-ਵੀਹ ਥਾਨ ਖੋਲ੍ਹ ਕੇ ਅੱਗੇ ਸੁੱਟ ਦਿੱਤੇ।

ਚੜ੍ਹਤ ਸਿੰਘ ਹਰੇ ਰੰਗ ਦੀ ਉਡੀਕ ਕਰੀ ਗਿਆ ਤਾਂ ਅੰਤ ਉਹਨੇ ਇੱਕ ਥਾਨ ਤੇ ਹੱਥ ਰੱਖ ਦਿੱਤਾ। ਫਿਰ ਆਪਣੀ ਉਂਗਲ ਤੇ ਵਲੇਟੇ ਸੂਟ ਦੇ ਧਾਗਿਆਂ ਨੂੰ ਮਿਲਾਉਣ ਲੱਗ ਪਿਆ।

ਇੱਕ ਸੂਟ ਨਾਲ਼ ਰੰਗ ਮੇਲ ਖਾ ਗਿਆ ਤਾਂ ਉਹਨੇ ਕਿਹਾ, 'ਇਹਦੇ ਚੋਂ ਦੇਦੇ...'

'ਜੀ-ਜੀ... ਗਜ ਫੜਾਉ ਉਏ ਮੁੰਡਿਉਂ...' ਮਾਲਕ ਨੇ ਆਪਣੇ ਦਿਲ ਵਿੱਚ ਗਾਲ੍ਹ ਕੱਢੀ, 'ਸਾਲੇ ਨੇ ਦਿਮਾਗ਼ ਖ਼ਰਾਬ ਕਰ ਛੱਡਿਆ, ਦੋ ਕੱਪ ਚਾਹ ਦੇ ਡਕਾਰ ਗਿਐ, ਨਾਲ਼ੇ ਖਾ ਗਿਆ ਦਸਾਂ ਦੇ ਬਿਸਕੁਟ, ਜੇ ਇਉਂ ਈ ਵੀਹਾਂ-ਵੀਹਾਂ ਦੀ ਚਾਹ ਪੀ ਕੇ ਜਨਤਾ ਤੁਰ ਲਿਆ ਕਰੂਗੀ ਤਾਂ ਹੋਗੀ ਕਮਾਈ...'

ਫਿਰ ਗ਼ਜ਼ ਲਿਆ ਕੇ ਉਹਨੇ ਥਾਨ ਦੇ ਕੱਪੜੇ ਨੂੰ ਚਾਰ ਗਜ ਤੱਕ ਮਿਣ ਲਿਆ ਤੇ ਪੁੱਛਿਆ, 'ਹਾਂ ਜੀ... ਪੰਜ ਮੀਟਰ ਨਾਲ਼ ਸਰਜੂ ਕੇ ਸਾਡੇ ਚਾਰ ਕਰਨਾ... ਬੋਲੋ ਜੀ...'

ਉਹਨੇ ਜਵਾਬ ਵਿੱਚ ਚਾਰ ਉਂਗਲਾਂ ਖੜ੍ਹੀਆਂ ਕਰ ਦਿੱਤੀਆਂ, ਤਾਂ ਮਾਲਕ ਨੇ ਕਿਹਾ, 'ਚਾਰ ਗਜ ਨਾਲ਼ ਕਿਵੇਂ ਸਰਜੂ... ਬੱਚੀ ਛੋਟੀ ਐ ਕਿ ਕੱਦ ਮਧਰਾ...'

'ਨਹੀਂ-ਨਹੀਂ ਜੀ...'

'ਫੇਰ... ਚਾਰ ਮੀਟਰ ਤੋਂ ਘੱਟ ਤਾਂ ਕੋਈ ਸੂਟ ਬਣਦਾ ਹੀ ਨਹੀਂ ਜੀ... ਕਿ ਸਲਵਾਰ ਲਈ ਹੋਰ ਮੈਚਿੰਗ ਕਰਕੇ ਕੱਪੜਾ ਲੈਣਾ...'

'ਨਹੀਂ-ਨਹੀਂ...' ਉਹਨੇ ਚਾਰ ਉਂਗਲਾਂ ਤੇ ਗਿੱਠ ਦੀ ਲੰਬਾਈ ਕਰਕੇ ਕਿਹਾ, 'ਏਨਾ ਕੱਪੜਾ ਈ ਦੇਦੋ... ਐਨ ਪੂਰਾ ਮੇਰੀ ਗਿੱਠ ਤੋਂ ਥੋੜ੍ਹਾ ਜਿਹਾ ਵੱਡਾ ਤੇ ਚਾਰ ਉਂਗਲਾਂ ਚੌੜਾ, ਸੂਟ ਨੂੰ ਟਾਕੀ ਲਾਉਣੀ ਐ ਕਾਕਾ...'

ਮਾਲਕ ਦਾ ਦਿਲ ਕੀਤਾ ਕਿ ਇਹਦੇ ਸਿਰ ਵਿੱਚ ਚੱਕ ਕੇ ਗਜ਼ ਮਾਰ ਕੇ ਆਪਣਾ ਹਰਖ ਕੱਢ ਲਵੇ। ਪਰ ਆਪਣੀ ਦੁਕਾਨ ਦੀ ਛਵੀ ਨਹੀਂ ਸੀ ਖ਼ਰਾਬ ਕਰ ਸਕਦਾ। ਕੋਲ਼ ਬੈਠੇ ਗਾਹਕਾਂ 'ਤੇ ਵੀ ਬਹੁਤ ਬੁਰਾ ਅਸਰ ਪੈਣਾ ਸੀ।

'ਉਏ ਮੁੰਡਿਆ ਆ ਥਾਨ ਰੱਖ...' ਮਾਲਕ ਨੇ ਨਾਲ਼ ਹੀ ਕਿਹਾ, 'ਬਾਈ ਜੀ ਤੁਸੀਂ ਐਥੋਂ ਚਲੇ ਜਾਓ... ਬਹੁਤ ਹੋ ਗਈ ਐ... ਅਸੀਂ ਨਹੀਂ ਵੇਚਣਾ ਏਹ ਥਾਨ...'

'ਏਨੀ ਟਾਕੀ ਦੀ ਕੋਈ ਗੁੰਜੈਸ਼ ਨਹੀਂ...'

'ਨਹੀਂ...' ਕੋਲ਼ ਬੈਠੇ ਮੁੰਡੇ ਨੇ ਜਦ ਸੂਟ ਕੁਤਰਿਆ ਤਾਂ ਉਹਦੇ ਵਿੱਚੋਂ ਇੱਕ ਚਿੱਟੇ ਰੰਗ ਦੀ ਵੱਡੀ ਟਾਕੀ ਬਚ ਕੇ ਥੱਲੇ ਡਿੱਗ ਪਈ।

'ਆਹ ਲੈਜਾ...' ਮਾਲਕ ਨੇ ਟਾਕੀ ਉਹ ਦੇ ਵੱਲ ਸੁੱਟ ਦਿੱਤੀ ਤੇ ਬਾਂਹ ਤੋਂ ਫੜ ਕੇ ਜਾਣ ਲਈ ਖੜ੍ਹਾ ਕਰ ਦਿੱਤਾ, 'ਸਾਸਰੀ ਕਾਲ ਜੀ...'

ਚੜ੍ਹਤ ਸਿੰਘ ਨੇ ਉਹਦੀ ਸਾਸਰੀ ਕਾਲ ਦਾ ਪੂਰੇ ਗੜਕੇ ਨਾਲ ਉੱਤਰ ਦਿੱਤਾ ਤੇ ਹੌਲ਼ੀ-ਹੌਲ਼ੀ ਪੌੜੀਆਂ ਉਤਰ ਕੇ ਲ਼ਲਾਰੀ ਕੋਲ਼ ਜਾ ਕੇ ਖੜ੍ਹ ਗਿਆ।

'ਆਹ ਟਾਕੀ ਰੰਗਾਉਣੀ ਐਂ...'

'ਵੀਹ ਰੁਪਏ...'

'...ਰੰਗਦੇ...'

ਲਲਾਰੀ ਤੋਂ ਟਾਕੀ ਰੰਗਾ ਕੇ ਚੜ੍ਹਤ ਸਿੰਘ ਪੂਰੇ ਚਾਅ ਨਾਲ਼ ਆਪਣੇ ਆਪ ਨਾਲ਼ ਗੱਲਾਂ ਕਰਦਾ ਪਿੰਡ ਵੱਲ ਆ ਗਿਆ।

ਅੰਬ-ਪੁੱਤ

ਚੜ੍ਹਤ ਸਿੰਘ ਆਪਣੇ ਸਾਈਕਲ ਵੱਲ ਬੜੇ ਗਹੁ ਨਾਲ ਵੇਖਦਾ ਪਿਆ ਸੀ, ਜਿਹੜਾ ਨਿੱਕੇ ਅੰਬ ਨਾਲ਼ ਟੇਢਾ ਲੱਗਿਆ ਪਿਆ ਸੀ। ਇਸ ਅੰਬ ਦੇ ਥੱਲੇ ਨਿੱਕਾ ਜਿਹਾ ਮੜ੍ਹੀ-ਨੁਮਾ ਥੜ੍ਹਾ ਸੀ, ਜੀਹਦੇ ਤੋਂ ਮਿੱਟੀ ਪੋਚਾ ਫੇਰ ਕੇ, ਸਾਲ਼ ਛਿਮਾਹੀ, ਗੋਲ-ਘੇਰਾ ਮਾਰ ਕੇ, ਆਪਣੇ ਵੱਲੋਂ ਕਿਸੇ ਨਿਆਣੇ ਦੀ ਸ਼ਕਲ ਵਾਹ ਦਿੱਤੀ ਜਾਂਦੀ।

ਇਹਨਾਂ ਅੱਖਾਂ ਨਾਲ਼ ਉਹਦੀ ਤੇ ਏਸ ਘਰ ਦੀ ਕੋਈ ਪੱਕੀ ਇੱਟ ਵਰਗੀ ਸਾਂਝ ਸੀ। ਜਦੋਂ ਉਹਦਾ ਪਹਿਲਾ ਪੁੱਤਰ ਮਰ ਗਿਆ ਸੀ ਤਾਂ ਉਹਨੇ ਉਹਨੂੰ ਪਿੰਡ ਦੇ ਲੋਕਾਂ ਨਾਲ਼ ਜਾ ਕੇ ਸਿਵਿਆਂ ਵਿੱਚ ਦੱਬ ਕੇ, ਸਾਰੀ ਗੱਲ ਆਈ ਗਈ ਕਰ ਦਿੱਤੀ।

ਪਰ ਜਦੋਂ ਇਹ ਭਾਣਾ ਦੂਜੀ ਵਾਰ ਵਾਪਰਿਆ ਤਾਂ ਰੱਜੋ ਤੋਂ ਇਹ ਹੇਜ ਝੱਲ ਨਹੀਂ ਹੋਇਆ।

ਸਾਰੇ ਪਿੰਡ ਦੀਆਂ ਅੱਖਾਂ ਵਿੱਚ ਪਾਣੀ ਸੀ।

ਪੁੱਤ ਇਸ ਘਰ ਨੂੰ ਵਰ ਨਹੀਂ ਕਰਦਾ।

ਘਰ ਵਿੱਚ ਕੋਈ ਸੱਥਰ ਵੀ ਨਹੀਂ ਸੀ ਵਿਛਿਆ।

ਸਾਰੇ ਜਿੰਨਾ ਚਿਰ ਵੀ ਅਫ਼ਸੋਸ ਕਰਦੇ ਰਹੇ, ਓਨਾ ਚਿਰ ਖੜ੍ਹੇ ਹੀ ਰਹੇ।

ਗ੍ਰੰਥੀ ਨੇ ਲੋਕਾਂ ਵਿੱਚੋਂ ਅੱਗੇ ਆ ਕੇ, ਹੌਂਸਲਾ ਜਿਹਾ ਕਰਕੇ ਕਿਹਾ, 'ਭਾਈ ਕਾਕੇ ਦੀ ਆਤਮਾ ਲਈ ਕੋਈ ਅਰਦਾਸ ਕਰ ਦੇਈਏ... ਐਦੀ ਮੁਕਤੀ ਹੋ ਜਾਊਗੀ, ਥੋੜ੍ਹਾ ਜਿਹਾ ਰਸਦ-ਪਾਣੀ ਹੱਟੀ ਤੋਂ ਮੰਗਾ ਦਿਉ...'

ਚੜ੍ਹਤ ਸਿੰਘ ਨੇ ਕੰਨਾਂ ਵਿੱਚ ਗ੍ਰੰਥੀ ਦੀ ਇਹ ਅਵਾਜ਼ ਪਈ ਤਾਂ ਉਹਨੇ ਆਪਣੇ ਕੁੜਤੇ ਦੇ ਗੀਝੇ ਵਿੱਚੋਂ ਪੈਸੇ ਕੱਢ ਕੇ ਗ੍ਰੰਥੀ ਨੂੰ ਫੜਾਉਂਦਿਆਂ, 'ਬੱਸ ਭਾਈ ਐਨੇ ਨਾਲ਼ ਈ ਸਬਰ ਕਰੀਂ, ਹੋਰ ਨੇਚਾ ਨਾ ਰੱਖੀ, ਕੋਈ ਲੋੜ ਨੀ ਐਦੀ ਮੁਕਤੀ ਕਰਨ ਦੀ... ਦੱਸ ਕੀ ਮੁਕਤੀ ਹੋਊਗੀ...'

ਗ੍ਰੰਥੀ ਚੁੱਪ ਕਰ ਕੇ ਉਹਦੇ ਫੜਾਏ ਨੋਟਾਂ ਨੂੰ ਮੁੱਠੀ ਵਿੱਚ ਘੁੱਟ ਕੇ ਨੀਵੀਂ ਪਾਈ ਖੜ੍ਹਾ ਰਿਹਾ। ਜਦੋਂ ਸਿੰਦਰ ਨਾਲ਼ ਨਜ਼ਰ ਮਿਲੀ ਤਾਂ ਉਹ ਚੁੰਨੀ ਨਾਲ਼

ਆਪਣਾ ਮੂੰਹ-ਮੱਥਾ ਪੂੰਝਦਿਆਂ, 'ਕਰੋਪੀ ਤਾਂ ਹੋਈ ਐ... ਪਰ ਬਾਈ ਰੂਹ ਧਰਤੀ ਤੇ ਆ ਕੇ ਗਈ ਐ, ਸੌ ਆਵਾਗੌਣ ਦੇ ਚੱਕਰ ਹੁੰਦੇ ਐ...ਕਾਹਨੂੰ ਨਿਆਣੇ ਦਾ ਪਾਪ ਸਿਰ ਲੈਣਾ'

'ਪਾਪ...! ਕਾਹਦਾ ਪਾਪ... ਪਾਪ ਤਾਂ ਸਾਡਾ ਰੱਬ ਨੂੰ ਲੱਗੂ ਜੀਹਨੇ ਨੜੂਆ ਟੁੱਟਣ ਤੋਂ ਪਹਿਲਾਂ ਈ ਸਾਡਾ ਪੁੱਤ ਮੁਕਾ ਕੇ ਰੱਖਤਾ...'

ਗ੍ਰੰਥੀ ਨੇ ਆਪਣੀ ਨਿੱਕੀ ਬੱਗੀ ਦਾੜੀ ਵਿੱਚ ਉਂਗਲਾਂ ਦੀ ਕੰਘੀ ਫੇਰਦਿਆਂ, 'ਏਹ ਭਾਣਾ ਮਿੱਠਾ ਕਰਕੇ ਮੰਨਣਾ ਪੈਣਾ... ਕਈ ਵੇਰੀ ਰੂਹ ਐਥੇ ਘਰ ਦੇ ਵਲਗਣ ਵਿੱਚ ਈ ਭਟਕਦੀ ਰਹਿੰਦੀ ਐ... ਅੱਗੇ ਜੀਵਨ ਵੱਲ ਕੂਚ ਨਹੀਂ ਕਰਦੀ...'

ਮੰਜੇ ਤੇ ਬਿਸਤਰ ਵਿਛਾ ਕੇ ਪਈ ਰੱਜੋ ਨੂੰ ਕਿੰਨੇ ਵਾਰੀ ਦੰਦਲ ਪਈ। ਚਮਚੇ ਨਾਲ਼ ਉਹਦੀ ਦੰਦਲ ਭੰਨਦੇ।

ਉਹਦੇ ਦੰਦਾਂ ਵਿੱਚ ਚੱਮਚੇ ਵੱਜਣ ਕਰਕੇ ਲਹੂ ਥੁੱਕ ਵਿੱਚ ਰਲ ਕੇ ਗਲਵੇਂ ਤੀਕ ਆਇਆ ਸੀ। ਜੀਭ ਵੀ ਦੰਦਾਂ ਥੱਲੇ ਆ ਕੇ ਟੁੱਕੀ ਗਈ ਸੀ।

ਜਿੰਨਾਂ ਚਿਰ ਰੱਜੋ ਮੰਜੇ 'ਤੇ ਬੇਹੋਸ਼ ਰਹਿੰਦੀ, ਓਨਾ ਚਿਰ ਹੀ ਚੈਨ ਨਾਲ਼ ਰਹਿੰਦੀ। ਸੁਰਤ ਆਉਂਦੇ ਹੀ ਉਹ ਫੇਰ ਆਪਣੇ ਮੋਏ ਪੁੱਤਾਂ ਦਾ ਹੇਜ ਕਰਨ ਲੱਗ ਪੈਂਦੀ।

ਉਹਨਾਂ ਦੇ ਜੰਮਣ ਤੋਂ ਪਹਿਲਾਂ ਰੱਖੇ ਨਾਉਂ ਲੈ ਲੈ ਕੇ ਹਾਕਾਂ ਮਾਰਦੀ, 'ਵੇ ਨਿੱਕੂ... ਵੇ ਮੋਹਨੀਆਂ... ਵੇ ਆਜਾ ਪੁੱਤ... ਐਂ ਕਾਤੋਂ ਕਰਦੇ ਉਂ... ਵੇ...!'

ਗ੍ਰੰਥੀ ਜਦ ਉਵੇਂ ਹੀ ਕਿਸੇ ਆਸ ਨਾਲ਼ ਖੜ੍ਹਾ ਰਿਹਾ ਤਾਂ ਚੜ੍ਹਤ ਸਿੰਘ ਨੇ ਹਰਖ ਨਾਲ ਉਹਨੂੰ ਬਾਹ ਤੋਂ ਫੜ ਕੇ ਘਰ ਵਿਚੋਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ। ਤੇ ਜਿੰਨਾ ਚਿਰ ਆਪਣੀ ਭੜਾਸ ਨਹੀਂ ਕੱਢੀ ਓਨਾ ਚਿਰ ਉਹਦੀ ਬਾਂਹ ਆਪਣੇ ਹੱਥ ਵਿੱਚ ਘੁੱਟ ਕੇ ਫੜੀ ਰੱਖੀ, 'ਗ੍ਰੰਥੀ ਅਕਲ ਨੂੰ ਹੱਥ ਮਾਰ... ਐਦੀ ਕਾਹਦੇ ਨਾਉਂ ਦੀ ਮੁਕਤੀ ਕਰਾਏਗਾ ਕੇੜ੍ਹੇ ਗ੍ਰੰਥ 'ਚ ਲਿਖਤ ਐ, ਅੱਖਾਂ ਏਨੇ ਅਜੇ ਉਘਾੜੀਆਂ ਨਹੀਂ, ਦੋ ਦਿਨਾਂ ਦਾ ਹੋ ਕੇ ਮਰ ਗਿਆ ਨਿਆਣਾ, ਏਸ ਜਗਤ ਨਾਲ਼ ਨਾ ਕੋਈ ਜਾਣ ਨਾ ਪਛਾਣ... ਨਾ ਕਿਸੇ ਕੰਜਰ ਦਾ ਏਨੇ ਪੁੰਨ ਕੀਤਾ ਨਾ ਕੋਈ ਪਾਪ... ਇਹਦੇ ਕਰਮਾਂ ਆਲ਼ੀ ਫੱਟੀ ਤਾਂ ਕੋਰੀ ਦੀ ਕੋਰੀ ਰਹਿ-ਗੀ...ਹਏਂ...'

ਗ੍ਰੰਥੀ ਗਲ਼ੀ ਵਿੱਚ ਖੜ੍ਹਾ ਆਪਣੀ ਹੋਈ ਬੇਜ਼ਤੀ ਨੂੰ ਕੌੜਾ ਘੁੱਟ ਭਰ ਕੇ ਜਰ ਗਿਆ। ਹੋਰ ਇਸ ਹਲਾਤ ਵਿੱਚ ਕਰਦਾ ਵੀ ਕੀ।

'ਹੈ ਜਵਾਬ ਸੁਰ...' ਚੜ੍ਹਤ ਸਿੰਘ ਉਹਦੇ ਚਿਹਰੇ ਵੱਲ ਤਿੱਖੀ ਨਜ਼ਰ ਨਾਲ਼ ਅੱਧਾ ਮਿੰਟ ਵੇਖੀ ਗਿਆ, 'ਨਹੀਂ... ਤਾਂ ਜਾ ਫੇਰ...'

ਸਿੰਦਰ ਨੇ ਗ੍ਰੰਥੀ ਕੋਲ਼ ਆ ਕੇ ਉਹਦੇ ਅੰਦਰ ਪਏ ਹਰਖ ਨੂੰ ਠੰਡੇ ਛਿੱਟੇ ਮਾਰੇ, 'ਭਾਈ ਤੂੰ ਵੀ ਨਾ ਆਵਦੇ ਚਿੱਤ ਨੂੰ ਹਰਖ ਮਨਾਈ, ਐਦੀ ਤਾਂ ਸੁਰਤ ਬੌਂਦਲੀ ਪਈ ਐ, ਬਾਕੀ ਸਭ ਤੇਰੀਆਂ ਅੱਖਾਂ ਮੂਹਰੇ ਈ ਐ, ਮੈਂ ਕੇੜ੍ਹਾ ਕੋਈ ਮਨੋ-ਜੋੜਦੀਆਂ... ਘਰ ਦੂਜੀ ਆਰੀਂ ਮੂਧਾ ਵੱਜ ਗਿਆ... ਐਦੇ ਬੋਲ-ਕਬੋਲ ਦੀ ਮੈਂ ਖ਼ਿਮਾ ਮੰਗਦੀ ਆਂ...'

ਸਿੰਦਰ ਨੇ ਉਹਦੇ ਪੈਰੀਂ ਹੱਥ ਲਾਏ ਤੇ ਫਿਰ ਵਿਹੜੇ ਵਿੱਚ ਡਿੱਗਿਆ ਉਹਦਾ ਖੱਟੇ ਰੰਗ ਦਾ ਸਾਫ਼ਾ ਲਿਆ ਕੇ ਉਹਦੇ ਮੋਢੇ 'ਤੇ ਧਰ ਦਿੱਤਾ।

ਉਹ ਚਿੱਤ ਵਿੱਚ ਬਾਣੀ ਦਾ ਉੱਚੀ-ਉੱਚੀ ਜਾਪ ਕਰਦਾ ਹੋਇਆ ਘਰ ਵੱਲ ਚਲਾ ਗਿਆ।

ਸ਼ਾਮ ਤੱਕ ਸਾਰੇ ਹੀ ਅਫ਼ਸੋਸ ਕਰਕੇ ਆਪਣੇ ਘਰਾਂ ਵੱਲ ਤੁਰ ਗਏ। ਵਿਹੜੇ ਵਿੱਚ ਬੰਨ੍ਹੀ ਮੱਝ ਨੂੰ ਸਿੰਦਰ ਆ ਕੇ ਹਰਾ ਪਾ ਗਈ ਸੀ।

ਪੋਣੇ ਵਿੱਚ ਬੰਨ੍ਹ ਕੇ ਰੋਟੀਆਂ ਰੱਖ ਗਈ।

ਨਾਲ਼ ਹੀ ਦਲੀਏ ਦਾ ਡੋਲੂ ਭਰ ਕੇ ਰੱਖ ਗਈ। ਵਿੱਚ ਘਿਉ ਦੇ ਚਾਰ ਚੱਮਚੇ ਪਾ ਦਿੱਤੇ ਸੀ, ਕਿ ਦੁੱਖਾਂ ਨਾਲ਼ ਭੰਨੀ ਰੱਜੋ ਦੇ ਅੰਗਾਂ ਨੂੰ ਨਰੋਆਪਣ ਮਿਲ ਜਾਵੇ। ਬੁਰਕੀ ਤੋੜ ਕੇ ਕਿੱਥੋਂ ਉਹਨਾਂ ਤੋਂ ਮੂੰਹ ਵਿੱਚ ਪੈਣੀ ਸੀ।

ਅੱਧੀ ਰਾਤ ਨੂੰ ਜਦ ਚੰਦ ਨੇ ਰੁੱਖਾਂ ਦੇ ਪਰਛਾਵੇਂ ਐਨ ਦੂਜੇ ਬੰਨੇ ਘੁੰਮਾ ਦਿੱਤੇ ਸੀ, ਜਿਹੜਾ ਵਿਹੜਾ ਹਨੇਰੇ ਵਿੱਚ ਸੀ ਉਹ ਚਾਨਣ ਨਾਲ਼ ਭਰ ਗਿਆ। ਜਿਹੜਾ ਘਰ ਦਾ ਵਿਹੜਾ ਚਾਨਣ ਵਿੱਚ ਸੀ ਉੱਥੇ ਹਨੇਰਾ ਚੋਰ ਵਾਂਙ ਛਾਪਲ ਕੇ ਬਹਿ ਗਿਆ। ਰੱਜੋ ਨੂੰ ਹੋਸ਼ ਪਰਤੀ ਤਾਂ ਉਹਨੇ ਕਾਹਲੀ ਨਾਲ਼ ਦਲੀਏ ਵਾਲ਼ੇ ਡੋਲੂ ਦਾ ਡੱਕਣ ਖੋਲ੍ਹ ਕੇ ਉਹਦੇ ਮੂੰਹ ਨੂੰ ਲਗਾ ਕੇ, ਨੱਕ ਘੁੱਟ ਕੇ ਪਿਆ ਦਿੱਤਾ। ਜਿਵੇਂ ਬਿਮਾਰ ਬੱਚੇ ਨੂੰ ਕੌੜੀ ਦਵਾਈ ਘੋਲ ਕੇ ਪਿਆਈ ਜਾਂਦੀ ਹੈ।

ਚੁਰਾਹੇ ਵਿੱਚ ਬਲਦੀ ਧੂਣੀ ਦੀ ਅੱਗ ਦਾ ਚਾਨਣ ਦੂਰ ਤੱਕ ਰੁੱਖਾਂ ਦੇ ਉੱਪਰ ਪਿਆ ਤਾਂ ਇਕੇਰਾਂ ਪੱਕੇ ਘਰਾਂ ਦੇ ਬਨੇਰੇ ਵੀ ਲਿਸ਼ਕੇ।

ਰੱਜੋ ਦਲੀਆ ਪੀ ਕੇ ਫਿਰ ਸੁੰਨ ਹੋ ਕੇ ਬਹਿ ਗਈ।

ਆਪਣੇ ਹੱਥਾਂ ਦੀਆਂ ਤਲੀਆਂ ਨੂੰ ਮੰਜੇ ਦੇ ਪਾਵੇ ਨਾਲ਼ ਰਗੜ ਉਚੇੜਨ ਲੱਗੀ।

'ਜੇ ਸਾਡੇ ਕਰਮਾਂ ਵਿੱਚ ਔਲਾਦ ਦੀ ਲਕੀਰ ਨਹੀਂ, ਫੇਰ ਰੱਬ ਦਾ ਲਿਖਿਆ ਸਾਨੂੰ ਅੱਖਰ ਵੀ ਕਬੂਲ ਨਹੀਂ... ਕੱਖ ਨਹੀਂ ਚਾਹੀਦਾ... ਅਸੀਂ ਬਿਨਾ ਕਰਮਾਂ ਤੋਂ ਜੂਨ ਕੱਟ ਲਾਂਗੇ... ਜਿੱਥੇ ਪੁੱਤਾਂ ਤੋਂ ਬਿਨਾ ਕੱਟੀ ਜਾਨੇ ਆਂ...'

ਚੜ੍ਹਤ ਸਿੰਘ ਨੇ ਉਹਦੇ ਦੋਵੇਂ ਹੱਥ ਆਪਣੇ ਹੱਥਾਂ ਵਿੱਚ ਬੜੀ ਔਖ਼ ਨਾਲ਼ ਕਾਬੂ ਕੀਤੇ। ਰੋਂਦਾ ਹੋਇਆ ਉਹਨੂੰ ਗਲ਼ ਲਗਾ ਕੇ ਚੁੱਪ ਕਰਾਉਣ ਲੱਗ ਪਿਆ। 'ਕਾਤੋਂ ਐਂ ਕਰਦੀ ਐਂ, ਜੇ ਤੈਨੂੰ ਕੁੱਸ ਹੋ ਗਿਆ ਤਾਂ ਮੈਂ ਕੀਹਦੇ ਮੋਢੇ ਲੱਗ ਕੇ ਆਵਦੇ ਕਰਮਾਂ ਦਾ ਰੋਣਾ ਰੋਊਂਗਾ...'

ਰੱਜੋ ਦੇ ਹੱਥਾਂ ਵਿੱਚੋਂ ਲਹੂ ਨੁੱਚੜਣ ਲੱਗ ਪਿਆ ਸੀ।

ਉਹਨੇ ਚੁੰਨੀ ਨੂੰ ਪਾਣੀ ਵਿੱਚ ਭਿਉਂ ਕੇ ਜ਼ੋਰ ਨਾਲ ਰੱਜੋ ਦੇ ਹੱਥਾਂ ਤੇ ਪੱਟੀ ਬੰਨ੍ਹ ਦਿੱਤੀ।

'ਹਾਏ ਮੇਰਾ ਪੁੱਤ ਲਿਆਦੇ, ਜਿੱਥੇ ਵੀ ਐ...!!'

'ਸਬਰ ਕਰ... ਕੋਈ ਨਾ ਰੱਬ ਕਰੂ...'

'ਨਹੀਂ, ਰੱਬ ਨੇ ਕੱਖ ਨਹੀਂ ਦੇਣਾ, ਤੂੰ ਲਿਆ ਕੇ ਦੇਹ, ਮੇਰਾ ਪੁੱਤ ਘਰੇ ਮੋੜ ਕੇ ਲਿਆਦੇ, ਜਿੱਥੇ ਵੀ ਐ... ਲਿਆਦੇ...!!' ਉਹ ਫਿਰ ਉਹਦੇ ਮੱਥੇ ਲੱਗੀ ਹੋਈ ਬੇਸੁਧ ਹੋ ਕੇ ਮੰਜੇ ਦੀਆਂ ਪੈਂਤਾਂ ਵਾਲ਼ੇ ਪਾਸੇ ਡਿੱਗ ਪਈ। ਉਹਦੇ ਵਾਲ਼ ਖੁਲ੍ਹ ਕੇ ਥੱਲੇ ਵਿਹੜੇ ਦੀ ਮਿੱਟੀ ਨਾਲ਼ ਲਿਬੜ ਗਏ।

ਚੜ੍ਹਤ ਸਿੰਘ ਨੇ ਉਹਦੇ ਵਾਲ਼ਾਂ ਨੂੰ ਕੱਠਾ ਕਰਕੇ ਗੰਢ ਮਾਰ ਦਿੱਤੀ ਤੇ ਉਹਦੀ ਹਿੱਕ 'ਤੇ ਸਿਰ ਰੱਖ ਕੇ ਕਿੰਨਾ ਚਿਰ ਪਿਆ ਰਿਹਾ।

ਉਹਨੇ ਸੁਆਤ ਵਿੱਚ ਪਈ ਸੈੱਲਾਂ ਵਾਲ਼ੀ ਸਟੀਲ ਦੀ ਬੈਟਰੀ ਚੁੱਕੀ ਤੇ ਘਰ ਦੇ ਵਿਹੜੇ ਵਿੱਚ ਕੋਈ ਕਹੀ-ਖੁਰਪਾ ਲੱਭਣ ਲਈ ਚਾਨਣ ਮਾਰਿਆ। ਪਰ ਜਦ ਕੋਈ ਚੀਜ਼ ਨਹੀਂ ਲੱਭੀ ਤਾਂ ਉਵੇਂ ਹੀ ਖ਼ਾਲੀ ਹੱਥ ਸਿਵਿਆਂ ਨੂੰ ਚੱਲ ਪਿਆ।

ਸਿਵਿਆਂ ਵਿੱਚ ਉਹਨੇ ਥਾਂ ਲੱਭ ਕੇ ਆਪਣੇ ਹੱਥਾਂ ਨਾਲ਼ ਉੱਪਰ ਪਏ ਝਾੜ੍ਹੇ ਪਾਸੇ ਕੀਤੇ। ਫਿਰ ਨਹੁੰਦਰਾਂ ਨਾਲ਼ ਸਾਰੀ ਮਿੱਟੀ ਪੱਟ ਕੇ, ਚੁੰਨੀ ਵਿੱਚ ਲਪੇਟਿਆਂ ਪੁੱਤ ਕੱਢ ਕੇ, ਗੋਦੀ ਚੁੱਕ ਕੇ ਘਰ ਵੱਲ ਆ ਗਿਆ।

ਘਰ ਆ ਕੇ ਬੱਚਾ ਰੱਜੋ ਦੀ ਛਾਤੀ 'ਤੇ ਲੰਮਾ ਪਾ ਦਿੱਤਾ।

ਦੋਵਾਂ ਨੂੰ ਪੱਖੇ ਨਾਲ਼ ਹਵਾ ਝੱਲਣ ਲੱਗ ਪਿਆ।

ਰੱਜੋ ਦਾ ਹੱਥ ਹਿੱਕ 'ਤੇ ਪਏ ਪੁੱਤ ਦੀ ਕੋਮਲ ਢੂਹੀ 'ਤੇ ਫਿਰਨ ਲੱਗ ਪਿਆ।

ਮੂੰਹ ਵਿੱਚੋਂ ਲੋਰੀ ਨਿਕਲ ਪਈ।

'ਹੂੰ... ਹੂੰ... ਸੌਂਜਾ ਪੁੱਤ... ਮਾਣੋ ਬਿੱਲੀ ਆਜੂ-ਗੀ...!'

ਸਵੇਰੇ ਰੱਜੋ ਨੇ ਆਪਣੀ ਛਾਤੀ ਤੋਂ ਪੁੱਤ ਨੂੰ ਉਤਾਰ ਕੇ ਮੰਜੇ ਤੇ ਪਾ ਕੇ ਉੱਪਰ ਮੱਖੀਆਂ ਤੋਂ ਚੁੰਨੀ ਪਾ ਦਿੱਤੀ। ਖਿੱਲਰੇ ਵਾਲ਼ਾਂ ਵਿੱਚ ਹੱਥ ਘੁੰਮਾ ਕੇ ਜੂੜਾ ਕਰ ਲਿਆ। ਚਾਹ ਬਣਾ ਕੇ ਚੜ੍ਹਤ ਸਿੰਘ ਨੂੰ ਪਿਆਈ ਤੇ ਕੰਧਾਂ 'ਤੇ ਘਾਤ ਲਗਾ ਕੇ ਬੈਠੇ ਅਵਾਰਾ ਕੁੱਤੇ ਵੇਖ ਕੇ ਡਰ ਗਈ, ਜਿਹੜੇ ਲਾਸ਼ ਦਾ ਮੁਸ਼ਕ ਸੁੰਘਦੇ ਹੋਏ, ਇਹ ਬੱਚਾ ਚੁੱਕ ਕੇ ਲੈ ਜਾਣ ਦੀ ਫ਼ਿਰਾਕ ਵਿੱਚ ਬੈਠੇ ਸੀ।

ਪਰ ਕੁੱਤਿਆਂ ਨੂੰ ਕੋਈ ਮੌਕਾ ਨਹੀਂ ਲੱਭਿਆ...!!

ਦੁਪਹਿਰ ਤੱਕ ਨਿਆਣੇ ਵਿੱਚੋਂ ਕਾਫ਼ੀ ਮੁਸ਼ਕ ਆਉਣ ਲੱਗ ਪਿਆ ਸੀ।

ਰੱਜੋ ਨੂੰ ਹੁਣ ਦੁਨੀਆਂ ਦੀ ਕਾਫ਼ੀ ਸੁਰਤ ਆ ਗਈ ਸੀ। ਉਹਨੇ ਅੰਦਰ ਜਾ ਕੇ ਪੇਟੀ ਵਿੱਚੋਂ ਖੱਦਰ ਦਾ ਝੋਲਾ ਲਿਆ ਕੇ ਮੰਜੇ 'ਤੇ ਉਲਟਾ ਕਰ ਦਿੱਤਾ। ਇਹਦੇ ਵਿੱਚ ਜਵਾਕ ਲਈ ਬੁਣੀ ਸਵੈਟਰ ਤੇ ਨਿੱਕੇ ਕੱਪੜੇ ਸੀ, ਜਿੰਨ੍ਹਾਂ ਨੂੰ ਉਹਨੇ ਆਪਣੀ ਚੁੰਨੀ ਨਾਲ਼ੋਂ ਗੋਟਾ ਉਧੇੜ ਕੇ ਲਾਇਆ ਸੀ।

ਇਹ ਕੱਪੜੇ ਉਹਨੇ ਬੱਚੇ ਨੂੰ ਨੁਹਾ ਕੇ ਪਵਾ ਦਿੱਤੇ।

ਤਵੇ ਨਾਲ਼ੋਂ ਕਾਲਸ ਦਾ ਨਿੱਕਾ ਟਿੱਕਾ ਕੰਨ ਦੇ ਪਿਛਲੇ ਪਾਸੇ ਲਾ ਦਿੱਤਾ।

'ਮੈਂ ਆਹਨੀ ਆਂ ਆਪਾਂ ਆਪਦੇ ਪੁੱਤ ਨੂੰ ਘਰੇ ਈ ਨਾ ਰੱਖ ਲਈਏ, ਗ੍ਰੰਥੀ ਵੀ ਆਂਹਦਾ ਸੀ, ਏਹਦੀ ਆਤਮਾ ਘਰ ਦੇ ਵਲਗਣ ਵਿੱਚ ਈ ਭਟਕੂਗੀ...' ਉਹ ਗੋਦੀ ਚੁੱਕੇ ਬੱਚੇ ਨੂੰ ਹਿਲਾਈ ਜਾਂਦੀ ਸੀ।

'ਐਵੇ ਕੁੱਤੇ ਭਕਾਈ ਮਾਰਦੈ...'

'ਕਾਹਨੂੰ.... ਉਹਦੇ ਵੱਡੇ-ਵੱਡੇ ਦੇਵਤਿਆਂ ਦੇ ਲਿਖੇ ਗ੍ਰੰਥ ਪੜ੍ਹੇ ਐ, ਕੀ ਪਤਾ ਉਹਦੀ ਜੀਭ ਈ ਸਲੱਖਣੀ ਹੋਵੇ... ਆਪਣੇ ਪੁੱਤ ਦੀ ਆਤਮਾ ਏਸੇ ਘਰ ਵਿੱਚ ਈ ਭਟਕਦੀ ਰਹੇ... ਘੱਟੋ-ਘੱਟ ਆਪਣੇ ਨਾਲ਼ ਤਾਂ ਰਹੂਗੀ, ਆਵਦੇ ਘਰੇ... ਬੋਲਦੇ ਨੀ...'

'ਮੈਂ ਕੀ ਬੋਲਾਂ ਭਲੀਏ ਲੋਕੇ...' ਉਹਨੇ ਅਣਮੰਨੇ ਜਿਹੇ ਮਨ ਨਾਲ਼ ਦਿਲੋਂ ਹੁੰਗਾਰਾ ਭਰ ਦਿੱਤਾ। ਉਹਦੀ ਖ਼ੁਸ਼ੀ ਲਈ ਕੋਈ ਵੀ ਫੋਕਾ ਆਸਾਰ ਦੇਣ ਲਈ ਕਿਸੇ ਵੀ ਹੱਦ ਤੀਕ ਰਾਜ਼ੀ ਸੀ।

'ਸੋਡੇ ਨਾਲ਼ ਨਹੀਂ ਪੈਂਦਾ... ਮੈਂ ਐਦਾ ਮੰਜਾ ਅੱਧ ਢਾਹ ਦਿਆ ਕਰੂੰਗੀ...'

'ਜਿਵੇਂ ਲੋਟ ਲੱਗੇ ਕਰ-ਲੈ, ਰੱਬ ਦੀਆਂ ਦਿੱਤੀਆਂ ਗੰਢਾਂ ਜਿਵੇਂ ਖੋਲ੍ਹੀ ਦੀਆਂ ਖੋਲ੍ਹ-ਲੈ...'

'ਫੇਰ ਮੇਰੀ ਮੰਨੇ ਤਾਂ ਏਹਨੂੰ ਘਰੇ ਈ ਰੱਖਦੇ ਆਂ... ਏਹਦੀ ਮੁਕਤੀ ਨੀ ਕਰੌਂਦੇ, ਜਿਦੋਂ ਮੈਂ ਮਗੀ ਉਦੋਂ ਸਾਡੇ ਦੋਆਂ ਦੀ ਮੁਕਤੀ ਕੱਠੀ ਕਰਾਂਦੀ... ਦੋਵੇਂ ਮਾਂ-ਪੁੱਤ ਕੱਠੇ ਈ ਰੱਬ ਕੋਲ਼ ਜਾਵਾਂਗੇ... ਚੰਗੋ... ਐਨਾ ਕੁ ਕਰਦੀਂ" ਚੜ੍ਹਤ ਸਿੰਘ ਉਠ ਕੇ ਘਰ ਵਿੱਚੋਂ ਬਾਹਰ ਨੂੰ ਚਲਾ ਗਿਆ ਤੇ ਮਿਲਖ਼ੀ ਕੇ ਘਰੋਂ ਕਹੀ ਲੈ ਕੇ ਮੁੜ ਆਇਆ।

ਘਰ ਦੇ ਵਿਹੜੇ ਵਿੱਚ ਬੱਚੇ ਨੂੰ ਦੱਬਣ ਲਈ ਜਦ ਉਹਨੇ ਟੋਆ ਪੱਟ ਲਿਆ ਤਾਂ ਰੱਜੋ ਨੇ ਕਿਹਾ, 'ਮਾੜਾ ਜਿਹਾ ਖੜ੍ਹੋ-ਜੋ... ਮੈਂ ਹੁਣੇ ਆਈ... ਕੱਲ੍ਹ ਦਾ ਏਨੇ ਕੁਸ ਖਾਧਾ ਨੀ ਪੀਤਾ ਨੀ...'

ਉਹ ਛੇਤੀ ਨਾਲ਼ ਚੁੱਲ੍ਹੇ 'ਤੇ ਚਾਰ ਰੋਟੀਆਂ ਪਕਾ ਕੇ, ਪੋਣੇ ਵਿੱਚ ਬੰਨ੍ਹ ਕੇ ਲੈ ਆਈ। ਉਹਨੇ ਰੋਟੀਆਂ ਬੱਚੇ ਦੇ ਝੱਗੇ ਨੂੰ ਲੱਗੇ ਗੀਝੇ ਵਿੱਚ ਪਾ ਦਿੱਤੀਆਂ।

ਫਿਰ ਚੜ੍ਹਤ ਸਿੰਘ ਨੇ ਮਿੱਟੀ ਨਾਲ਼ ਟੋਆ ਚੰਗੀ ਤਰ੍ਹਾਂ ਪੂਰ ਦਿੱਤਾ।

ਫਿਰ ਇਹਦੇ ਉੱਤੇ ਇੱਕ ਸਾਬਤਾ ਅੰਬ ਦੱਬ ਕੇ ਬੱਠਲ ਵਾਲ਼ਾ ਪਾਣੀ ਪਾ ਦਿੱਤਾ, ਜੀਹਦੇ ਨਾਲ਼ ਉਹਨੂੰ ਨੁਹਾ ਕੇ ਨਵੇਂ ਕੱਪੜੇ ਪਾਏ ਸੀ।

ਦਿਨ ਬੀਤੇ...

ਅੰਬ ਦੀਆਂ ਪੱਤੀਆਂ ਮਿੱਟੀ ਵਿੱਚੋਂ ਬਾਹਰ ਪੁੰਗਰ ਪਈਆਂ...!!

ਰੱਜੋ ਕਦੇ ਕਦੇ ਗੱਲਾਂ ਕਰਦੀ ਹੁੰਦੀ, 'ਪੁੱਤ ਜਵਾਨ ਹੋ ਕੇ ਮਾਪਿਆਂ ਨੂੰ ਹੱਥੀਂ ਛਾਵਾਂ ਕਰਦੇ ਆਂ... ਵੇਖੀ ਏਹ ਵੀ ਤੇਰੇ ਬੁਢੇਪੇ 'ਚ ਤੈਨੂੰ ਛਾਂ ਕਰੂਗਾ...!'

ਫ਼ੇਰ ਰੱਬ ਨੂੰ ਜੋ ਮਨਜ਼ੂਰ...

ਰੱਜੋ ਇਸ ਰੁੱਖ ਦੀ ਛਾਂ ਵੀ ਨਹੀਂ ਮਾਣ ਸਕੀ... ਤੇ ਪੁੱਤ ਦੇ ਹੇਜ ਵਿੱਚ ਚੱਲ ਵਸੀ।

ਚੜ੍ਹਤ ਸਿੰਘ ਆਪਣੇ ਮੰਜੇ ਤੋਂ ਉੱਠਿਆ ਤੇ ਜਾ ਕੇ ਉਹਨੇ ਅੰਬ ਦੇ ਰੁੱਖ ਨੂੰ ਜੱਫੀ ਪਾ ਕੇ, ਆਪਣਾ ਹੱਥ ਇਸ ਤਰ੍ਹਾਂ ਥਾਪਿਆ, ਜਿਵੇਂ ਕਿਸੇ ਚੋਬਰ ਦੇ ਮੋਢੇ ਤੇ ਸਾਬਾਸ਼ੀ ਦਿੱਤੀ ਹੋਵੇ। ਉਹਨੇ ਉਹਨੂੰ ਚੁੰਮਿਆ ਤੇ ਚਿੱਟਾ ਚਾਕ ਚੁੱਕ ਕੇ ਮੜ੍ਹੀ 'ਤੇ ਬਣੀਆਂ ਅੱਖਾਂ, ਜੋ ਹੁਣ ਕਾਫ਼ੀ ਫਿੱਕੀਆਂ ਪੈ ਗਈਆਂ ਸੀ, ਉਨ੍ਹਾਂ ਨੂੰ ਫੇਰ ਗੂੜ੍ਹਾ ਕਰ ਦਿੱਤਾ।

ਉਹ ਦਗ ਪਈਆਂ।

ਆਪਣੀ ਜੇਬ ਵਿੱਚ ਹੱਥ ਲੱਗਿਆ ਤਾਂ ਉਹਨੂੰ ਅੱਜ ਰੰਗਾ ਕੇ ਲਿਆਂਦੀ ਟਾਕੀ ਦਾ ਖ਼ਿਆਲ ਆ ਗਿਆ। ਟਾਕੀ ਨੂੰ ਆਪਣੇ ਹੱਥ ਵਿੱਚ ਫੜ੍ਹ ਕੇ ਤਹਿਆਂ ਖੋਲ੍ਹੀਆਂ ਤੇ ਆਪਣੀ ਬਾਂਹ ਤੇ ਰੱਖ ਕੇ ਇਹਨੂੰ ਪਲੋਸ ਕੇ ਸਾਰੇ ਵਲ ਕੱਢ ਲਏ।

ਇਵੇਂ ਹੀ ਟਾਕੀ ਨੂੰ ਨੀਝ ਨਾਲ਼ ਵੇਖਦਾ ਹੋਇਆ, ਉਹ ਸੁਆਤ ਵਿੱਚ ਗਿਆ ਤੇ ਕਿੱਲੀ ਤੇ ਪਏ ਰਾਣੀ ਦੇ ਸਾਰੇ ਕੱਪੜੇ ਫਰੋਲ ਕੇ, ਉਹਦੀ ਹਰੇ ਰੰਗ ਦੀ ਕਮੀਜ਼ ਚੁੱਕ ਕੇ ਬਾਹਰ ਚੰਨ ਦੇ ਚਾਨਣੇ ਵਿੱਚ ਮੰਜੇ ਤੇ ਲਿਆ ਰੱਖੀ।

ਮੰਜੇ 'ਤੇ ਵਿਛਾ ਕੇ ਪਾਟੀ ਥਾਂ ਤੇ ਟਾਕੀ ਰੱਖ ਕੇ, ਆਪਣੇ ਗੁੱਟ ਵਿੱਚ ਪਾਈ ਚੇਪੀ ਵਾਲ਼ੀ ਫਿਰਕੀ ਚੋਂ ਨਹੁਆਂ ਨਾਲ਼ ਚੇਪੀ ਦਾ ਸਿਰਾ ਲੱਭ ਕੇ, ਦੰਦਾਂ ਨਾਲ਼ ਲੋੜ ਅਨੁਸਾਰ ਚੇਪੀ ਕੱਟ ਕੇ ਕਮੀਜ਼ ਉੱਪਰ ਟਾਕੀ ਲਾ ਦਿੱਤੀ।

ਇੱਕ ਚੇਪੀ ਕਮੀਜ਼ ਦੇ ਅੰਦਰ ਵਾਰ ਵੀ ਲਗਾ ਦਿੱਤੀ।

ਆਪਣੀ ਪੂਰੀ ਦਿਲ ਦੀ ਤਸੱਲੀ ਕਰਕੇ, ਕਮੀਜ਼ ਨੂੰ ਮੱਥੇ ਨਾਲ਼ ਲਾਇਆ ਤੇ ਫਿਰ ਅੰਦਰ ਜਾ ਕੇ ਕਿੱਲੀ ਤੇ ਟੰਗ ਕੇ ਬਾਹਰ ਆ ਕੇ ਮੰਜੇ 'ਤੇ ਪੈ ਗਿਆ।

ਮੰਜੇ ਤੋਂ ਆਪਣਾ ਸਿਰ ਪਿਛਾਂਹ ਵੱਲ ਉੱਚਾ ਕਰਕੇ ਸੁਆਤ ਵਿੱਚ ਪਈ ਰਾਣੀ ਨੂੰ ਵੇਖਿਆ, ਜੀਹਦੇ ਸਿਰ 'ਤੇ ਚੁੰਨੀ ਲਈ ਸੀ ਤਾਂ ਉਹ ਕਿਸੇ ਬੇਫ਼ਿਕਰੀ ਵਿੱਚ ਪਾਸਾ ਲੈ ਕੇ ਪੈ ਗਿਆ।

ਉਹਨੇ ਅੱਜ ਮਹਿਸੂਸ ਕੀਤਾ ਜਿਵੇਂ ਉਹਦੇ ਪੁੱਤ ਦੀ ਆਤਮਾ ਉਹਦੇ ਘਰ ਦੇ ਵਿਹੜੇ ਵਿੱਚ ਖੇਡ ਰਹੀ ਹੋਵੇ। ਆਪਣੇ ਮੰਜੇ 'ਤੇ ਪਾਸਾ ਮਾਰ ਕੇ ਉਹਦੇ ਪੈਣ ਜੋਗੀ ਥਾਂ ਛੱਡ ਕੇ ਸੌਂ ਗਿਆ।

———

ਮੁਲਾਜ਼ੇਦਾਰੀ

ਰਾਣੀ ਅੱਖਾਂ ਬੰਦ ਕਰਕੇ ਸੌਣ ਦਾ ਬਹਾਨਾ ਕਰਦੀ ਪਈ ਸੀ। ਉਹਨੇ ਅੱਖਾਂ ਖੋਲ੍ਹੀਆਂ ਤਾਂ ਜੰਗਲੇ ਦੀਆਂ ਸਲਾਖਾਂ ਦੇ ਪਰਛਾਵੇਂ ਉਹਦੇ ਪੈਰਾਂ ਉੱਤੇ ਪੈ ਰਹੇ ਸੀ। ਪਰਛਾਵਿਆਂ ਨੂੰ ਉਹਨੇ ਆਪਣੇ ਹੱਥਾਂ ਨਾਲ਼ ਮਿਣਿਆ। ਇਹਨਾਂ ਦੀ ਲੰਬਾਈ ਸੱਤ ਹੱਥ ਲੰਮੀ ਸੀ ਤਾਂ ਉਹਨੇ ਆਪਣੇ ਮਨ ਵਿੱਚ ਪੱਕਾ ਧਾਰ ਲਿਆ, 'ਹੁਣ ਵੇਲ਼ਾ ਹੋ ਗਿਆ ਜਾਣ ਦਾ...'

ਰਾਣੀ ਨੇ ਆਪਣੇ ਪਾਇਆ ਚਿੱਟਾ ਸੂਟ ਉਤਾਰ ਕੇ ਮੰਜੇ 'ਤੇ ਪਾਸੇ ਕਰਕੇ ਰੱਖ ਦਿੱਤਾ, ਕਿਉਂਕਿ ਰਾਤ ਦੇ ਕਾਲ਼ੇ ਹਨੇਰੇ ਵਿੱਚ ਇਹ ਦੂਰੋਂ ਹੀ ਲਿਸ਼ਕਦਾ ਨਜ਼ਰ ਆਉਂਦਾ ਸੀ।

ਉਹ ਤਾਂ ਹਨੇਰੇ ਵਿੱਚ ਇੱਕ-ਮਿੱਕ ਹੋਣਾ ਚਾਹੁੰਦੀ ਸੀ।

ਹਨੇਰੇ ਵਿੱਚ ਚੰਦ ਵੀ ਉਹਦੀ ਬਿੜਕ ਨਾ ਲੈ ਸਕੇ।

ਇਹ ਸੂਟ ਉਤਾਰ ਕੇ ਉਹਨੇ ਕਿੱਲੀ ਤੇ ਟੰਗਿਆ ਹਰਾ ਸੂਟ ਚੱਕ ਪਹਿਣ ਲਿਆ। ਹੱਥ ਵਿੱਚ ਆਲੂ ਚੀਰਨ ਆਲਾ ਚਾਕੂ ਫੜ ਕੇ ਉਹ ਦਬਵੇਂ ਪੈਰੀਂ ਚੜ੍ਹਤ ਸਿੰਘ ਦੇ ਦੁਆਲੇ ਚੱਕਰ ਕੱਢ ਗਈ। ਉਹ ਤਾਂ ਬੇਸੁਧ ਹੋਇਆ ਪਿਆ ਸੀ।

ਰਾਣੀ ਨੇ ਜਾ ਕੇ ਜਦ ਤਖ਼ਤਿਆਂ ਦੀ ਸੰਗਲੀ ਖੋਲ੍ਹੀ ਤਾਂ ਇਕ ਵੇਰ ਫੇਰ ਪਿੱਛੇ ਝਾਤ ਮਾਰੀ। ਅੰਬ ਦੇ ਬੂਟੇ ਵੱਲ ਵੇਖ ਕੇ ਉਹਦੇ ਅੰਦਰ ਚੋਰੀ ਦਾ ਅਹਿਸਾਸ ਹੋਇਆ ਜਿਵੇਂ ਉਹਦਾ ਭਰਾ ਉਹਨੂੰ ਵੇਖ ਰਿਹਾ ਹੋਵੇ। ਉਹਦਾ ਪਰਛਾਵਾਂ ਉਹਦੇ ਪੈਰਾਂ ਨੂੰ ਛੂਹ ਰਿਹਾ ਸੀ।

ਰਾਣੀ ਨੇ ਤਖ਼ਤਿਆਂ ਨੂੰ ਭੇੜਿਆ ਤੇ ਕੰਧਾਂ ਦੇ ਪਰਛਾਵਿਆਂ ਦੀ ਓਟ ਲੈ ਕੇ ਜੋਗੀ ਦੇ ਘਰ ਕੋਲ਼ ਜਾ ਖੜ੍ਹੀ। ਦੋ ਤਿੰਨ ਰੋੜੇ ਚੱਕ ਕੇ ਉਹਨੇ ਜੰਗਲੇ ਵਿੱਚ ਦੀ ਮਾਰੇ, ਜਿਹੜੇ ਜੋਗੀ ਦੀ ਛੂਹੀ ਵਿੱਚ ਵੱਜੇ। ਉਹਨੇ ਬਾਰੀ ਵਿੱਚੋਂ ਦੀ ਥੱਲੇ ਵੇਖਿਆ ਤਾਂ ਥੱਲੇ ਰਾਣੀ ਖੜ੍ਹੀ ਆਸੇ-ਪਾਸੇ ਕਿਸੇ ਦੇ ਆਉਣ ਦੀ ਬਿੜਕ ਲੈ ਰਹੀ ਸੀ।

'ਜਾ ਤੂੰ...' ਜੋਗੀ ਨੇ ਇਸ਼ਾਰੇ ਨਾਲ਼ ਪਿੱਛੇ ਮੁੜਨ ਦਾ ਇਸ਼ਾਰਾ ਕਰ ਦਿੱਤਾ। ਪਰ ਰਾਣੀ ਕਿੱਥੇ ਮੁੜਨ ਵਾਲ਼ੀ ਸੀ। ਉਹਨੇ ਆਪਣੀ ਚੁੰਨੀ ਨੂੰ ਗਾਤਰੇ ਪਾ ਕੇ ਗੰਢ ਮਾਰ ਲਈ।

'ਅੱਜ ਮੈਂ ਈ ਆਉਨੀ...' ਗਲ਼ੀ ਵਿੱਚ ਪਈਆਂ ਇੱਟਾਂ ਨੂੰ ਕੰਧ ਥੱਲੇ ਰੱਖ ਕੇ ਵੱਡੀ ਥੜ੍ਹੀ ਬਣਾ ਲਈ। ਇਸ ਥੜ੍ਹੀ 'ਤੇ ਚੜ੍ਹ ਕੇ ਤੇ ਬਾਹਾਂ ਨਾਲ਼ ਜ਼ੋਰ ਮਾਰ ਕੇ ਕੰਧ ਉਪਰ ਚੜ੍ਹ ਗਈ। ਕੰਧ ਉੱਤੇ ਦੀ ਹੌਲ਼ੀ-ਹੌਲ਼ੀ ਤੁਰਦੀ ਨੇ ਕੋਠੇ ਤੇ ਖੜ੍ਹੇ ਜੋਗੀ ਨੂੰ ਆਪਣਾ ਹੱਥ ਦਿੱਤਾ, 'ਖਿੱਚ ਲੈ...'

ਜੋਗੀ ਨੇ ਉਹਦੀ ਬਾਂਹ ਦੋਵੇਂ ਹੱਥਾਂ ਨਾਲ਼ ਫੜ ਕੇ ਰਾਣੀ ਨੂੰ ਉੱਪਰ ਚੁਬਾਰੇ ਵਿੱਚ ਖਿੱਚ ਲਿਆ। ਦੋਵੇਂ ਇੱਕ-ਦੂਜੇ ਦੀ ਹਿੱਕ ਨਾਲ਼ ਲੱਗ ਗਏ। ਉਹਦੇ ਗਲ਼ ਲੱਗੀ ਦੀ ਨਜ਼ਰ ਬਾਰੀ ਵਿੱਚ ਪਈ ਰੰਮ ਦੀ ਬੋਤਲ 'ਤੇ ਗਈ ਤਾਂ ਉਹਨੇ ਦਾਰੂ ਦੇ ਦੋ ਢੱਕਣ ਪਾਣੀ ਦੇ ਗਿਲਾਸ ਵਿੱਚ ਪਾ ਕੇ ਡਕਾਰ ਲਏ।

'ਕਿਉਂ ਐਥੇ ਕੋਈ ਹੋਰ ਪੰਗਾ ਖੜ੍ਹਾ ਕਰੇਂਗੀ...'

'ਪੰਗਾ ਤਾਂ ਮੇਰੇ ਨਾਲ਼ ਯਾਰੀ ਲਾ ਕੇ ਪੈ ਗਿਆ ਸੀ, ਬਾਕੀ ਸਾਰੇ ਪੰਗੇ ਉਹਦੇ ਵਿੱਚ ਆ ਜਾਂਦੇ ਐ...'

'ਐਥੇ ਕੀ ਲੈਣ ਆਈ ਐਂ ਐਸ ਵੇਲ਼ੇ...' ਜੋਗੀ ਨੇ ਬਨ੍ਹੇਰੇ ਤੋਂ ਥੱਲੇ ਨਿਗਾਹ ਮਾਰੀ, ਸਿੰਦਰ ਰਜਾਈ ਲੈ ਕੇ ਘੂਕ ਪਈ ਸੀ। ਕੋਲ਼ ਹੀ ਚਾਰ-ਪੰਜ ਮੁਰਗੀਆਂ ਵੱਡੇ ਸਾਰੇ ਟੋਕਰੇ ਥੱਲੇ ਤਾੜ ਕੇ ਉੱਤੇ ਦੋ ਇੱਟਾਂ ਰੱਖੀਆਂ ਸੀ। ਕਿਤੇ ਕੋਈ ਬਿੱਲਾ-ਕੁੱਤਾ ਨਾ ਮੂੰਹ ਮਾਰ ਜਾਵੇ। ਖੁੱਡੇ ਵਿੱਚ ਤਾੜੀਆਂ ਮੁਰਗਿਆਂ ਨੂੰ ਤਾਂ ਬਿੱਲੀ ਛੱਤ ਪੁੱਟ ਕੇ ਲੈ ਜਾਂਦੀ ਸੀ।

'ਲੈ ਤੂੰ ਤਾਂ ਜਵਾਂ ਈ ਸਲੱਗ ਐ.... ਤੈਥੋਂ ਕਿੱਥੇ ਇਸ਼ਕ ਦੀ ਪੂਰੀ ਪੈਣੀ ਐ... ਜੀਹਨੂੰ ਏਹ ਨਹੀਂ ਪਤਾ ਰਾਤ ਕੁੜੀ ਕੰਧਾਂ ਕੋਠੇ ਟੱਪ ਕੇ ਕਿਸੇ ਮੁੰਡੇ ਕੋਲ਼ ਕੀ ਲੈਣ ਆਉਂਦੀ ਐ...' ਰਾਣੀ ਨੇ ਆਪਣੀ ਗੁੱਤ ਵਿੱਚ ਗੁੰਦਿਆ ਗੋਟੇਦਾਰ ਪਰਾਂਦਾ ਘੁੰਮਾ ਕੇ ਹਵਾ ਵਿੱਚ ਸ਼ੂਕਰ ਪਾਈ, ਜਿਵੇਂ ਤੂਤ ਦੀ ਛਮਕ ਜ਼ੋਰ ਨਾਲ਼ ਘੁੰਮਾਈਦੀ ਹੁੰਦੀ ਹੈ, 'ਮਾਰ ਦੀ ਐ ਨਾ ਗੁੱਤ ਸੱਪ ਵਾਂਙੂ ਫੂੰਕਾਰੇ...!'

'ਤੂੰ ਐਥੋਂ ਜਾ ਹੁਣ...'

'ਕਿਤੇ ਮੇਰੀ ਥਾਂ 'ਤੇ ਅੱਜ ਕਿਸੇ ਹੋਰ ਨੇ ਤਾਂ ਨਹੀਂ ਆਉਣਾ, ਮੈਨੂੰ ਉਡਦੀ ਉਡਦੀ ਗੱਲ ਜਿਹੀ ਕੰਨੀ ਪਈ ਐ ਕਿ ਤੇਰਾ ਤਾਰੋ ਭਾਬੀ ਨਾਲ਼ ਅੱਖ-ਮੱਟਕਾ ਚਲਦਾ.. ਮੈਂ ਨਹੀਂ ਜਾਂਦੀ, ਆਹ ਬੈਠੀ ਆਂ ਜੇੜ੍ਹੀ ਵੀ ਕੁੱਤੀ ਰੰਨ ਆਈ, ਉਹ ਦੀਆਂ ਲੱਤਾਂ ਮੈਂ ਐਥੇ ਤੋੜ ਕੇ ਜਾਊਂਗੀ...' ਰਾਣੀ ਪੂਰੇ ਗੁੱਸੇ ਨਾਲ਼ ਮੰਜੇ ਥੱਲੇ ਪਈ ਡਾਂਗ ਹੱਥ ਵਿੱਚ ਫੜ ਕੇ ਬਹਿ ਗਈ ਤੇ ਆਪਣੇ ਹੱਥ ਵਿਚਲਾ ਚਾਕੂ ਵੀ ਉਹਨੂੰ ਵਖਾਇਆ, 'ਐਦੇ ਨਾਲ਼ ਵੇਖੀ ਕਿਵੇਂ ਆਂਦਰਾਂ ਚੀਰਦੀ...'

'ਕਿਸੇ ਨਹੀਂ ਆਉਣਾ, ਐਵੇਂ ਭਕਾਈ ਮਾਰਦਾ ਮੇਰਾ ਸਾਲਾ ਨਿੱਕੂ... ਜੀਹਦੇ ਨਾਲ਼ ਜਾਂਦਾ-ਜਾਂਦਾ ਮੈਂ ਉਹਦਾ ਸਿਆਪਾ ਆਵਦੇ ਗਲ ਪਵਾ ਲਿਆ...'

'ਕੀ ਸਿਆਪਾ ਵੇ...'

ਰਾਣੀ ਨੇ ਉਹਨੂੰ ਬਾਹੋਂ ਫੜ੍ਹ ਕੇ ਮੰਜੇ 'ਤੇ ਸੁੱਟ ਲਿਆ, ਤੇ ਉਹਦੀ ਹਿੱਕ ਤੇ ਬੈਠ ਕੇ, ਚਾਕੂ ਉਹਦੇ ਗਲ਼ ਦੇ ਕੌਂਡੇ ਤੇ ਦੱਬ ਕੇ ਰੱਖਦਿਆਂ, 'ਬੋਲ ਕਿਹੜਾ ਸਿਆਪਾ ਗਲਾਵੇਂ ਪੈ ਗਿਆ ਤੇਰੇ...'

'ਮਤਲਵ, ਤੂੰ ਮੇਰੇ ਪੱਲੇ ਪੈਗੀ ਐਂ... ਮੇਰੇ ਨਾਲ਼ੋਂ ਤਾਂ ਵੱਧ ਪਿਆਰ ਨਿੱਕਾ ਕਰਦਾ ਸੀ, ਮੇਰਾ ਤਾਂ 'ਕੱਲਾ ਸਕੂਟਰ ਸੀ, ਜੀਹਦੇ 'ਤੇ ਚੜ੍ਹ ਕੇ ਅਸੀਂ ਤੇਰੇ ਪਿੱਛੇ ਆਉਂਦੇ ਸੀ, ਹੁਣ ਪਤਾ ਨੀ ਕਿਵੇਂ ਐਸ ਖੂਹ 'ਚੋਂ ਨਿਕਲਾਂਗੇ, ਲੋਕ ਤਾਂ ਗਾਲ੍ਹਾਂ ਕੱਢ ਕੇ ਮਾਰ ਦੇਣਗੇ ਬਈ ਗਵਾਂਢ ਵਿੱਚ ਈ ਕੁੜੀ ਨਾਲ਼ ਇਸ਼ਕ ਪੇਚਾ ਪਾ ਲਿਆ...'

'ਫਿਰ ਐਂ ਕਰ...'

'ਹਾਂ ਬੋਲ...'

'ਤੂੰ ਆਵਦਾ ਸਕੂਟਰ ਮੈਨੂੰ ਦਾਜ ਵਿੱਚ ਦੇਦੇ... ਉਹ ਰਿਸ਼ਤਾ ਪੂਰਾ ਚੜਜੂ ਜਿਹੜਾ ਓਦਣ ਤੇਰੀ ਮਾਂ ਮੇਰੇ ਲਈ ਘਰ ਲੈ ਕੇ ਆਈ ਸੀ, ਨਾਲ਼ੇ ਬਚੋਲਣ ਦੀ ਛਾਪ ਉਹਦੇ ਪਾਦੂੰਗੀ...' ਰਾਣੀ ਉਹਦੀ ਹਿੱਕ ਤੋਂ ਥੱਲੇ ਉਤਰ ਕੇ ਢਾਕ 'ਤੇ ਹੱਥ ਧਰ ਕੇ ਚੋਫ਼ਾਲ ਖੜ੍ਹ ਗਈ।

'ਐਂ ਤੈਨੂੰ ਕਿਵੇਂ ਕਿਸੇ ਹੋਰ ਦੀ ਹੋਣ ਦੇਦੂੰ ਜੱਟ ਦੀ ਮੁੱਛ ਦਾ ਸਵਾਲ ਐ ਹੁਣ, ਮੇਰੇ ਹੱਡਾਂ ਵਿੱਚੋਂ ਜਾਨ ਕੱਢ ਕੇ ਈ ਕੋਈ ਲਾਵਾਂ ਲਊ ਤੇਰੇ ਨਾਲ਼...'

'ਵੇ ਕਿਉਂ ਐਵੇਂ ਫੁਕਰੀ 'ਚ ਹਰਾਮ ਦਾ ਬਣੀ ਜਾਨੈਂ, ਜੋਗੀਆਂ ਦਾ ਮੁੰਡਾ ਤੂੰ, ਪੱਲੇ ਸੋਡੇ ਬੀਨ ਸੀ ਉਹ ਵੀ ਤੂੰ ਗਵਾ ਲਈ ਐ, ਸੱਪ ਵੇਖ ਕੇ ਚੀਕਾਂ ਮਾਰ ਕੇ ਸਾਰਾ ਪਿੰਡ 'ਕੱਠਾ ਕਰ ਲੈਨੇ ਉਂ... ਵੱਡਾ ਜੱਟ ਏਹ... ਜੱਟਾਂ ਦੀ ਰੀਸ ਨੀ ਹੋਣੀ ਤੇਥੋਂ ਮੈਂ ਦੱਸਾਂ...' ਰਾਣੀ ਨੇ ਕੋਲ਼ ਪਏ ਘੜੇ ਵਿੱਚੋਂ ਪਾਣੀ ਦੀ ਗੜਵੀ ਭਰ ਕੇ ਮੂੰਹ ਉੱਪਰ ਕਰਕੇ ਡਕਾਰ ਲਈ।

'ਜੱਟ ਤਾਂ ਪਹਿਲਾਂ ਈ ਸੀ, ਪੱਲੇ ਏਨ੍ਹਾਂ ਦੇ ਵੀ ਕੱਖ ਨੀ ਰਿਹਾ, ਹੁਣ ਤਾਂ ਸਰਕਾਰ ਮੂਹਰੇ ਕੋਢੇ ਹੋਏ ਫਿਰਦੇ ਐ, ਅਖੇ ਪੈਲੀ ਨਾਲ਼ ਗੁਜ਼ਾਰਾ ਨਹੀਂ ਹੁੰਦਾ, ਸਾਨੂੰ ਸਹੂਲਤਾਂ ਦਿਓ... ਊਂ ਹੋਇਆ ਤਾਂ ਚੰਗਾ, ਪੈਸੇ ਦੀ ਰੜਕ ਨੇ ਸਾਰਿਆਂ ਦੀ ਮੜਕ ਕੱਢ ਕੇ ਪਰੇ ਮਾਰੀ, ਹੁਣ ਪਿੱਟਦੇ ਫਿਰਦੇ ਐ...' ਜੋਗੀ ਨੇ ਰਾਣੀ ਦੀ ਆਖੀ ਗੱਲ ਦਾ ਹਰਖ ਮਨਾ ਕੇ ਆਪਣੇ ਦਿਲ ਦੀ ਗੁਭਗਲਾਟ ਕੱਢ ਮਾਰੀ।

'ਨਾ ਜੇ ਐਨੀ ਅਣਖ਼ ਹੈਂ ਤਾਂ ਫੇਰ ਜਿਹੜਾ ਸੋਡੇ ਘਰੇ ਜੱਟਾਂ ਦਾ ਦਿੱਤਾ ਪਿਆ ਉਹ ਘਰੋਂ ਬਾਹਰ ਕੱਢ ਕੇ ਸੁੱਟ ਦਿਓ... ਮੋੜ ਦਿਓ ਉਨ੍ਹਾਂ ਨੂੰ...'

'ਅਸੀਂ ਕੇੜ੍ਹਾ ਮੰਗ ਕੇ ਲਿਆਂਦਾ ਆਪ ਦਿੱਤਾ ਪੁੰਨ ਧਰਮ ਕੀਤਾ ਉਨ੍ਹਾਂ ਨੇ, ਆਪੇ ਮੋੜ ਕੇ ਲੈ ਜੋ...'

'ਆਹ ਜੇੜ੍ਹੀ ਨਿੱਕਰ ਪਾਈ ਫਿਰਦੈਂ ਨਾ ਏਹਦਾ ਲੀੜਾ ਵੀ ਤੇਰੀ ਮਾਂ ਨੂੰ ਮੇਰੇ

ਸਾਹਮਣੇ ਬਾਬੇ ਮਿਲਖੀ ਕਿਆਂ ਨੇ ਦਿੱਤਾ ਸੀ, ਏਨੂੰ ਵੀ ਲਾਹ ਕੇ ਕੱਲ੍ਹ ਉਨ੍ਹਾਂ ਦੇ ਬਾਰ ਅੱਗੇ ਸੁੱਟ ਆਵੀਂ, ਜਾਤਾਂ ਕੱਖ ਨੀ ਹੁੰਦੀਆਂ, ਜੇੜਾ ਇੱਕ-ਦੂਜੇ ਦਾ ਨੰਗਾ ਕੱਜੇ ਉਹੀ ਉੱਤਮ ਜਾਤ ਹੁੰਦੀ ਐ.... ਆਈ ਮੱਤ...' ਰਾਣੀ ਨੇ ਜੰਗਲੇ ਵਿੱਚ ਖੜਾਕ ਸੁਣ ਕੇ ਬਾਹਰ ਵੇਖਿਆ, ਕੋਈ ਏਧਰ ਆ ਰਿਹਾ ਹੈ। ਪਰ ਜਦ ਪੂਰੀ ਗਹੁ ਨਾਲ਼ ਵੇਖਿਆ ਤਾਂ ਕੰਧ ਨਾਲ਼ ਅਵਾਰਾ ਗਾਂ ਆਪਣਾ ਸਿਰ ਮਾਰ ਕੇ ਖੁਰਕ ਕਰਦੀ ਪਈ ਸੀ।

'ਮੇਰਾ ਕਿਸੇ ਨਾਲ਼ ਕੋਈ ਪੁੱਠਾ ਗੇੜ ਨਹੀਂ, ਮੈਥੋਂ ਤਾਂ ਤੂੰ 'ਕੱਲੀ ਨੀ ਸੰਭਲਦੀ... ਤੈਨੂੰ ਨਹੀਂ ਪੂਰਾ ਆਇਆ ਜਾਂਦਾ, ਫੇਰ ਦੂਜੀ ਕਿੱਥੋਂ ਸਾਂਭਲੂੰ, ਬੜੇ ਚਿੜੇ ਖਾਧੇ ਐ ਨਾ ਮੇਰੇ... ਤੂੰ ਜਾਹ ਐਥੋਂ... ਨਿੱਕਾ ਵੀ ਤੇਰੇ ਪਿਛੇ ਦਾਰੂ ਪੀ-ਪੀ ਕੇ ਮਰਜੂ-ਗਾ, ਤੇ ਮੈਂ ਤੇਰੇ ਨਾਲ਼ ਕੌਲ਼ ਪਗਾਉਂਦਾ ਫੁੜਕ-ਜੂੰ...।' ਉਹ ਆਪਣੇ ਦੋਵਾਂ ਹੱਥਾਂ ਨਾਲ਼ ਸਿਰ ਦੇ ਵਾਲ਼ ਫੜ੍ਹ ਕੇ ਥੱਲੇ ਬਹਿ ਗਿਆ।

'ਹਏਂ ਨਿੱਕਾ ਮੇਰੇ ਗ਼ਮ ਵਿੱਚ ਦਾਰੂ ਪੀਂਦਾ... ਏਹਦੀ ਮਾਂ ਲੈ ਜਾਂ ਕੱਢ ਕੇ ਮੈਂ ਕਰਦੀ ਆਂ ਐਦੇ ਨਾਲ਼ ਸਾਰਾ ਸਾਬ ਪੂਰਾ... ਚੱਲ ਮੇਰੇ ਨਾਲ਼... ਕਰਾ ਮੇਰੇ ਮੂੰਹ 'ਤੇ, ਨਹੀਂ ਤਾਂ ਫੇਰ ਤੇਰੀ ਲਾਸ਼ ਈ ਮਿਲੂਗੀ ਸਵੇਰੇ ਚੁਬਾਰੇ 'ਚੋਂ...।'

'ਦਿਨੇ ਗੱਲ ਕਰਲਾਂਗੇ...'

'ਨਹੀਂ... ਤੂੰ ਜਾਵੇਂਗਾ ਕਿ ਤੇਰੀ ਮਾਂ ਨੂੰ ਉਠਾ ਕੇ ਲੈ ਕੇ ਜਾਵਾਂ, ਆਹ ਗੱਲ ਅੱਜ ਈ ਮਿੱਟੀ 'ਚ ਦੱਬਣੀ ਐਂ ਮੈਂ.... ਨਹੀਂ ਤਾਂ ਆਹ ਬੈਠੀ ਮੈਂ... ਜੋ ਸਵੇਰੇ ਹੁੰਦਾ ਹੋ ਜਾਣਦੇ...' ਪਰ ਅੰਦਰ ਰਾਣੀ ਦੇ ਡਰ ਵੀ ਸੀ ਕਿਤੇ ਕਿਸੇ ਨੂੰ ਉਹਦੇ ਆਉਣ ਦੀ ਬਿੜਕ ਨਾ ਲੱਗ ਜਾਵੇ। ਉਹਨੇ ਚੁਬਾਰੇ ਦੇ ਜੰਗਲੇ ਵਿੱਚ ਖੜ੍ਹ ਕੇ ਆਪਣੇ ਘਰ ਦੇ ਵਿਹੜੇ ਵਿਚ ਲੰਮੀ ਨਿਗਾਹ ਮਾਰੀ, ਕਿ ਉਹਦਾ ਬਾਪੂ ਚੜ੍ਹਤ ਸਿੰਘ ਕਿਤੇ ਜਾਗ ਤਾਂ ਨਹੀਂ ਪਿਆ।

'ਚੱਲ ਹੁਣ...' ਰਾਣੀ ਨੇ ਜੋਗੀ ਨੂੰ ਧੱਕੇ ਮਾਰ-ਮਾਰ ਕੇ ਚੁਬਾਰੇ ਵਿੱਚੋਂ ਬਾਹਰ ਕੱਢ ਲਿਆ ਤੇ ਆਪਣੇ ਨਾਲ਼ ਜਾਣ ਲਈ ਮਜਬੂਰ ਕਰ ਲਿਆ। ਸਭ ਤੋਂ ਪਹਿਲਾਂ ਜੋਗੀ ਕੰਧ ਉਤਰ ਗਿਆ ਬਾਹਰ ਵਾਰ-ਫੇਰ ਉਹਦੇ ਮੋਢੇ 'ਤੇ ਆਪਣਾ ਪੈਰ ਰੱਖ ਕੇ ਰਾਣੀ ਥੱਲੇ ਉੱਤਰ ਗਈ।

ਜਦ ਉਹ ਲੰਬੜਾਂ ਦੇ ਘਰ ਅੱਗੇ ਗਈ ਤਾਂ ਘੋਰਨੇ ਵਿੱਚ ਬੈਠੇ ਕੁੱਤੇ ਭੌਂਕੇ। ਉਹਨੇ ਚੁੰਨੀ ਵਿੱਚੋਂ ਰੋਟੀਆਂ ਕੱਢ ਕੇ ਬੁਰਕੀ-ਬੁਰਕੀ ਕਰਕੇ ਉਹਨਾਂ ਵਿੱਚ ਸੁੱਟ ਦਿੱਤੀ। ਜਦ ਤੱਕ ਉਹਨਾਂ ਰੋਟੀ ਲੱਭ ਕੇ ਖਾਧੀ ਉਹ ਅੱਗੇ ਚਲੇ ਗਏ।

ਰਾਤ ਦੇ ਹਨੇਰੇ ਵਿੱਚ ਰਾਣੀ ਦਾ ਚਿਹਰਾ ਕਿਸੇ ਅੰਗਿਆਰ ਵਾਂਙ ਦੂਰੋਂ ਹੀ ਭੱਖਦਾ ਪਿਆ ਸੀ। ਉਹ ਭੀੜੀਆਂ ਗਲ਼ੀਆਂ ਵਿੱਚੋਂ ਦੀ ਲੰਘਦੇ ਹੋਏ ਨਿੱਕੇ ਦੀ ਬੈਠਕ ਕੋਲ਼ ਖੜ੍ਹ ਗਏ। ਦੋਵਾਂ ਨੇ ਤਖਤਿਆਂ ਦੀ ਵਿਰਲ਼ ਵਿੱਚ ਦੀ ਅੰਦਰ ਵੇਖਿਆ ਤਾਂ ਨਿੱਕਾ ਆਪਣੇ ਮੋਬਾਇਲ 'ਤੇ ਉਦਾਸ ਗਾਣੇ ਸੁਣਦਾ ਹੋਇਆ ਦਾਰੂ ਨਾਲ਼ ਡੱਕਿਆ ਪਿਆ ਸੀ।

'ਦਿਲ ਦੇ ਖ਼ੂਨ ਦੀ ਮਹਿੰਦੀ ਦਿੰਦੇ,
ਤੈਨੂੰ ਤਲ਼ੀਆਂ ਉੱਤੇ ਲਾਉਣ ਲਈ...।'

ਜੋਗੀ ਨੇ ਹੱਥ ਪਾ ਕੇ ਕੁੰਢਾ ਖੋਲ੍ਹ ਲਿਆ ਤਾਂ ਉਹਨੂੰ ਜਾ ਕੇ ਜਗਾ ਦਿੱਤਾ। ਉਹਨੇ ਅੱਖ ਪੱਟੀ ਤਾਂ ਦੋਵਾਂ ਨੂੰ ਏਸ ਵੇਲ਼ੇ ਖੜ੍ਹਿਆਂ ਵੇਖ ਕੇ ਉਹ ਹੈਰਾਨੀ ਵਿੱਚ ਝਟਕੇ ਨਾਲ਼ ਖੜ੍ਹਾ ਹੋ ਕੇ ਬਹਿ ਗਿਆ।

'ਤੁਸੀਂ...'

'ਨਹੀਂ ਕੱਲੀ ਮੈਂ ਹੀ ਆਂ... ਏਹ ਤਾਂ ਐਵੇਂ ਈ ਸਮਝ, ਤੇਰੇ ਨਾਲ਼ ਗੱਲ ਤਾਂ ਮੈਂ ਕਰਨੀ ਐਂ, ਸਮਝ ਲੈ ਚੰਗੀ ਤਰ੍ਹਾਂ...' ਰਾਣੀ ਨੇ ਉਹਦੇ ਮੂੰਹ 'ਤੇ ਹੱਥ ਰੱਖ ਕੇ ਕੋਈ ਵੀ ਅਵਾਜ਼ ਕੱਢਣ ਤੋਂ ਮਨਾ ਕਰ ਦਿੱਤਾ। ਉਹਨੇ ਆਪਣੀ ਧੌਣ ਨੂੰ ਝਟਕਾ ਮਾਰ ਕੇ ਹੱਥ ਪਰੇ ਕਰ ਦਿੱਤਾ।

'ਮੇਰਾ ਸਾਹ ਬੰਦ ਹੁੰਦਾ... ਅਈਂ ਗੱਲ ਕਰ ਜੋ ਵੀ ਕਰਨੀ ਐ, ਪਰ ਆਹ ਭੈਣ ਦੇਣਾ ਲੰਙੂ ਬੰਦਾ, ਯਾਰ ਦੀ ਮੁਹੱਬਤ 'ਤੇ ਡਾਕਾ ਮਾਰਿਆ ਤੂੰ... ਸੁਖੀ ਨੀ ਵਸਦੇ ਮੇਰੇ ਜਿਹੇ ਆਸ਼ਕ ਦਾ ਤੈਨੂੰ ਸਰਾਪ ਐ, ਪਾਪੀਆ... ਡੁੱਬ ਕੇ ਮਰਜਾ ਤੂੰ ਉਏ...' ਨਿੱਕੇ ਨੇ ਮੋਬਾਇਲ ਨੂੰ ਬੰਦ ਕਰ ਦਿੱਤਾ ਤੇ ਫਿਰ ਕੋਲ਼ ਪਈ ਬੋਤਲ ਵਿੱਚੋਂ ਦੋ ਘੁੱਟਾਂ ਭਰ ਲਈਆਂ 'ਅਸਾਂ ਤਾਂ ਜੋਬਨ ਰੁੱਤੇ ਮਰਨਾ...'

'ਸਾਲਿਆ ਜੋਬਨ ਰੁੱਤ ਵੀਹ-ਪੱਚੀ ਸਾਲਾਂ ਤੀਕ ਹੁੰਦੀ ਐ... ਤੂੰ ਸਾਡੇ ਤੋਂ ਦਸ ਸਾਲ ਵੱਡਾ... ਚਾਚਾ ਲੱਗਦੈਂ ਪਿੰਡ ਦੇ ਸਾਬ ਨਾਲ਼ ਕੁੜੀ ਦਾ...' ਜੋਗੀ ਨੂੰ ਥੋੜ੍ਹਾ ਜਿਹਾ ਹਰਖ ਆਇਆ, ਜੋ ਉਹਨੂੰ ਗਾਲ੍ਹਾਂ ਕੱਢੀਆਂ ਸੀ।

'ਉਏ ਪਿੰਡ ਦੇ ਸਾਬ 'ਚ ਚਾਚਾ ਲੱਗਦਾ ਮੈਂ... ਪਰ ਇਸ਼ਕ ਦੇ ਸਾਬ ਨਾਲ਼ ਤਾਂ ਇਹਦਾ ਆਸ਼ਕ ਈ ਬਣਦਾ ਸੀ... ਪਰ ਤੂੰ ਵੀ ਪਾਪੀ ਐਂ.... ਜਿਸਮਾਂ ਦੀ ਭੁੱਖ ਐ... ਤੀਵੀਂ ਬਾਜ ਬੰਦਾ ਕੀ ਸਮਝੇ ਜਿਹੜੀ ਸੱਚੇ ਦਿਲਾਂ ਆਲ਼ਿਆਂ 'ਤੇ ਬੀਤਦੀ ਐ...'

ਰਾਣੀ ਨੇ ਉਹਨੂੰ ਫੇਰ ਮੂੰਹ ਤੋਂ ਫੜ੍ਹ ਲਿਆ, 'ਕੰਨਾਂ ਚੋਂ ਮੈਲ਼ ਕੱਢ ਕੇ ਮੇਰੀ ਗੱਲ ਸੁਣਲਾ... ਜੇ ਤੈਨੂੰ ਮੈਂ ਆਪਣੀ ਯਾਦ ਵਿੱਚ ਕਿਤੇ ਰੋਂਦੇ ਜਾਂ ਦਾਰੂ ਪੀਂਦਿਆਂ ਵੇਖ ਲਿਆ ਤਾਂ ਮੈਂ ਤੇਰਾ ਜਲੂਸ ਕੱਢ ਕੇ ਰੱਖਦੂੰ... ਐਵੇਂ ਨਾ ਜਾਣੀਂ, ਸਾਲੀ ਬੰਦਾ ਜਾਤ ਵੀ ਨਾ ਤੀਵੀਂ ਤੇ ਕਬਜ਼ਾ ਈ ਕਰਨ ਨੂੰ ਫਿਰਦਾ, ਹੁਣ ਜਿੰਨੀ ਵੀ ਮੈਂ ਹੈਗੀ ਆਂ... ਉਹ ਜੋਗੀ ਦੀ ਬਣ ਕੇ ਰਹਿਣਾ... ਉਹ ਵੀ ਡਾਂਗ ਨਾਲ਼.... ਗੱਲ ਸੁਣ ਵੇ' ਰਾਣੀ ਦੀਆਂ ਅੱਖਾਂ ਵਿੱਚ ਹੁਣ ਲਾਲੀ ਚੜ੍ਹ ਆਈ ਸੀ, 'ਜੋਗੀਆ ਵਸਣਾ ਮੈਂ ਤੇਰੇ ਐ, ਚਾਹੇ ਕੱਢ ਕੇ ਲੈਜਾ... ਚਾਹੇ ਆਵਦੀ ਮਾਂ ਨੂੰ ਸਮਝਾ ਕੇ ਘਰੇ ਰਪਈਆ ਘੱਲ ਦੀਂ...!'

ਜੋਗੀ ਨੇ ਇਸ ਵੇਲ਼ੇ ਹੋਰ ਕੁਝ ਬੋਲਣ ਦੀ ਹਿੰਮਤ ਨਹੀਂ ਕੀਤੀ, ਕਿਉਂਕਿ ਬਾਬਾ ਬੋਲਣ ਵਿੱਚ ਸਿਰਫ਼ ਘੰਟਾ ਬਾਕੀ ਰਹਿ ਗਿਆ। ਸੋ ਉਹ ਜੋ ਬੋਲੀ ਗਈ, ਉਹ 'ਹੂੰ... ਹਾਂ' ਕਰਕੇ ਹਾਮੀ ਭਰੀ ਗਿਆ।

ਦਿਲ ਵਿੱਚ ਸੋਚਿਆ, 'ਅੱਗੇ ਤੋਂ ਮੈਂ ਚੁਬਾਰੇ ਵਿੱਚ 'ਕੱਲਾ ਨਹੀਂ, ਸਗੋਂ ਬੇਬੇ ਕੋਲ਼ ਈ ਮੰਜਾ ਡਾਹ ਕੇ ਪਊਂਗਾ.... ਭਾਵੇਂ ਕੁਸ਼ ਵੀ ਹੋਜੇ...'

ਨਿੱਕੇ ਦੇ ਮੂੰਹ ਤੋਂ ਜਦ ਉਹਨੇ ਹੱਥ ਚੱਕਿਆ ਤਾਂ ਉਹ ਬੋਲਿਆ, 'ਐਨੇ ਤਾਂ ਅਜੇ ਮੇਰੇ ਵੀਹ ਰੁਪਈਏ ਦੇਣੇ ਐ... ਕਿੱਥੋਂ ਰੁਪਈਆ ਭਾਲਦੀ ਐਂ ਰਾਣੀ ਇਹਦੇ ਤੋਂ.... ਉਹ ਛੱਲਾ ਮੇਰੇ ਰੁਪਈਆਂ ਦਾ ਲਿਆ ਕੇ ਦਿੱਤਾ ਤੈਨੂੰ... ਆਹ ਚੂੜੀਆਂ ਵੀ ਮੈਂ ਤੇਰੇ ਲਈ ਮੇਲੇ ਤੋਂ ਖ਼ਰੀਦੀਆਂ ਸੀ... ਜੋ ਤੂੰ ਪਾਈ ਫਿਰਦੀ ਐਂ... ਮੇਰ ਨਾਲ਼ ਤਾਂ ਬਾਹਲੀ ਮਾੜੀ ਹੋਈ ਐ, ਇੱਕ ਊਂ ਮੈਂ ਬੰਦਾ ਥੋੜ੍ਹਾ ਜਿਹਾ ਡਰੇਕਲ ਆਂ ਐਦੀ ਕਿਸਮਤ ਈ ਚੰਗੀ ਐ... ਨਹੀਂ ਤਾਂ ਕਦੋਂ ਦੇ ਇਹਦੇ ਡੱਕਰੇ ਕਰ ਦਿੰਦਾ... ਉਹ ਵੇਖ...' ਨਿੱਕੇ ਨੇ ਉਠ ਕੇ ਅਲਮਾਰੀ ਵਿੱਚ ਲਿਫ਼ਾਫ਼ੇ ਵਿੱਚ ਰਾਣੀ ਲਈ ਲਿਆਂਦੇ ਨਵੇਂ ਕਾਂਟੇ ਵਿਖਾਏ, 'ਮੈਂ ਤੇਰੇ ਲਈ ਲਿਆਂਦੇ ਸੀ...'

ਰਾਣੀ ਨੂੰ ਇੱਕ ਪਲ ਲਈ ਤਾਂ ਨਿੱਕੇ ਦੀ ਮੁਹੱਬਤ ਬਹੁਤ ਹੀ ਸੱਚੀ ਲੱਗੀ। ਉਹ ਹਾਉਕਾ ਜਿਹਾ ਵੀ ਲੈ ਗਈ ਪਰ ਫੇਰ ਆਪਣੇ ਮਨ ਤੇ ਕਾਬੂ ਪਾ ਕੇ ਉਸੇ ਹੀ ਗੜਕੇ ਨਾਲ਼ ਬੋਲੀ, 'ਜੋ ਹੋਣਾ ਸੀ ਹੋ ਗਿਆ, ਪਰ ਏਹ ਚੇਤੇ ਰੱਖੀ, ਜੇ ਮੇਰਾ ਨਾਂ ਲੈ ਕੇ ਦਾਰੂ ਪੀਤੀ ਤਾਂ ਵੇਖ ਲੀਂ... ਗਲ਼ੀਆਂ ਵਿੱਚ ਧੂਹ ਕੇ ਤੈਨੂੰ ਸ਼ਗਨ ਪਾਊਂਗੀ... ਏਥੇ ਮੂੰਹ ਵਖਾਉਣ ਜੋਗਾ ਨੀ ਰਹਿਣਾ...'

'ਕਹਿਰ ਐ... ਮਾੜੇ ਆਸ਼ਕ ਨੂੰ ਟੁੱਟੇ ਦਿਲ 'ਤੇ ਰੋਣ ਦਾ ਵੀ ਹੱਕ ਨਹੀਂ...'

'ਚੁੱਪ ਕਰ ਕੇ ਪੈਜਾ ਹੁਣ...'

ਰਾਣੀ ਬਾਹਰ ਆ ਗਈ ਤੇ ਉਹਨੇ ਬਿੜਕ ਲੈਣ ਲਈ ਗਲ਼ੀ ਵਿੱਚ ਵੇਖਿਆ। ਕੋਈ ਨਹੀਂ ਸੀ। ਫਿਰ ਹੱਥ ਦੇ ਇਸ਼ਾਰੇ ਨਾਲ਼ ਉਹਨੂੰ ਏਥੋਂ ਜਾਣ ਲਈ ਕਿਹਾ, 'ਆ ਜਾ...' ਉਹ ਦੋਵੇਂ ਜਾਣੇ ਆਪਣੇ ਘਰ ਨੂੰ ਵਾਪਸ ਚੱਲ ਪਏ।

ਅਜੇ ਦੋ ਹੀ ਪਲਾਘਾਂ ਪੱਟੀਆਂ ਸੀ ਕਿ ਰਾਣੀ ਤਾਂ ਇੱਥੋਂ ਫਿਰ ਪੁੱਠੀ ਮੁੜ ਗਈ।

ਉਹਨੇ ਜਾ ਕੇ ਅਲਮਾਰੀ ਵਿੱਚ ਪਏ ਨਿੱਕੇ ਦੇ ਲਿਆਂਦੇ ਕਾਂਟੇ ਚੱਕ ਕੇ ਆਪਣੀ ਚੁੰਨੀ ਦੇ ਲੜ ਵਿੱਚ ਬੰਨ ਲਏ, 'ਆ ਲੈ ਚੱਲੀਆਂ, ਖਬਰਦਾਰ ਜੇ ਅੱਜ ਤੋਂ ਬਾਅਦ ਮੇਰੇ ਲਈ ਕੋਈ ਚੀਜ਼ ਖ਼ਰੀਦਣ ਦੀ ਕੋਸ਼ਿਸ਼ ਕੀਤੀ ਤਾਂ... ਤੈਨੂੰ ਪਤਾ ਈ ਐ ਮੈਂ ਕੀ ਕਰੂੰਗੀ...'

'ਜਲੂਸ ਕੱਢੇਂਗੀ...'

ਰਾਣੀ ਫਿਰ ਦਬਵੇਂ ਪੈਰੀਂ ਗਲ਼ੀ ਵਿੱਚ ਖੜ੍ਹੇ ਜੋਗੀ ਨਾਲ਼ ਜਾ ਰਲ਼ੀ।

□ □ □

ਅੱਜ ਸ਼ਾਮ ਨੂੰ ਪਿੰਡ ਵਿੱਚ ਬਣੀ ਥਾਈ ਵਿੱਚ ਨਚਾਰਾਂ ਨੇ ਨਾਚ ਕਰਨਾ ਸੀ।

ਕਿੰਨੇ ਹੀ ਨੌਜਵਾਨ ਮੁੰਡੇ ਪੁੱਠੇ ਉਸਤਰੇ ਨਾਲ਼ ਸੇਵ ਕਰਾ ਕੇ, ਮੂੰਹਾਂ ਤੇ ਔਰਤਾਂ ਵਾਲ਼ਾ ਪਾਊਡਰ ਲਾ ਕੇ ਔਰਤ ਬਣ ਕੇ ਪਿੰਡ ਦੀਆਂ ਗਲ਼ੀਆਂ ਵਿੱਚ,

ਨਾਚ ਵੇਖਣ ਲਈ ਸੁਨੇਹਾ ਦਿੰਦੇ ਫਿਰਦੇ ਸੀ। ਦੁਆਵਾਂ ਦਿੰਦੇ ਹੋਏ ਕਿਸੇ ਤੋਂ ਰੁਪਏ ਜਾਂ ਫੇਰ ਆਪਣੇ ਮੋਢੇ ਪਾਈ ਬਗਲੀ ਵਿੱਚ ਦਾਣੇ-ਆਟਾ ਪਵਾ ਲੈਂਦੇ ਸੀ। ਇੰਨਾ ਪਿੱਛੇ ਨਿੱਕੇ ਜਵਾਕਾਂ ਦਾ ਇੱਕ ਕਾਫ਼ਲਾ ਤੁਰਿਆ ਫਿਰਦਾ ਸੀ।

ਸ਼ਾਮ ਨੂੰ ਇੱਕ ਬੰਦਾ ਸਿਰ ਤੇ ਕੁਰਸੀ ਰੱਖ ਕੇ ਚੌਧਰੀ ਹਰਫੂਲ ਸਿੰਘ ਦੀ ਹਵੇਲੀ ਵਿੱਚੋਂ ਨਿਕਲ ਪਿਆ। ਉਹਦੇ ਪਿੱਛੇ ਹੀ ਚੌਧਰੀ ਦੀ ਜੀਪ ਨਿਕਲ ਪਈ, ਜੋ ਰਸਤੇ ਵਿੱਚ ਈ ਕੁਰਸੀ ਲਿਜਾ ਰਹੇ ਬੰਦੇ ਨੂੰ ਟੱਕਰੀ। ਉਹਨੇ ਹਾਰਨ ਮਾਰਿਆ ਤਾਂ ਉਹ ਨੇ ਭੱਜ ਕੇ, ਕੁਰਸੀ ਨੂੰ ਲਿਜਾ ਕੇ ਥਾਈ ਵਿੱਚ ਡਾਹ ਦਿੱਤਾ।

ਅਜੇ ਡਰਾਮਾ ਸ਼ੁਰੂ ਨਹੀਂ ਸੀ ਹੋਇਆ, ਪਰ ਸਾਰੇ ਲੋਕ ਆਪਣੀ ਥਾਂ ਰੋਕ ਕੇ ਪਿੱਪਲ ਦੇ ਦੁਆਲੇ ਬਣੇ ਥੜ੍ਹੇ 'ਤੇ ਬੈਠੇ ਸੀ। ਕੁਝ ਬੰਦੇ ਤਾਂ ਦਰੀਆਂ ਵਿਛਾ ਕੇ ਬੈਠੇ ਸੀ, ਜਿੰਨਾਂ ਨੂੰ ਦਰੀ ਨਹੀਂ ਮਿਲੀ, ਉਹ ਪੈਰਾਂ ਭਾਰ ਹੀ ਬਹਿ ਗਏ। ਪਿੱਪਲ ਪੱਤਿਆਂ ਨਾਲ਼ ਚਿਲਕਣੇ ਕਾਗਜ਼ ਦੀਆਂ ਝੰਡੀਆਂ ਬੰਨੀਆਂ ਸੀ। ਜਿੰਨਾਂ ਨਾਲ਼ ਜਗਦੇ ਬਲਬਾਂ ਦਾ ਸਫ਼ੇਦ ਚਾਨਣ ਟਕਰਾ ਕੇ ਹੋਰ ਰੰਗ ਵਟਾ ਜਾਂਦਾ।

ਚੌਧਰੀ ਜੀਪ ਵਿੱਚੋਂ ਉਤਰ ਕੇ, ਕਲਫ ਨਾਲ਼ ਕਾਲ਼ੀਆਂ ਕੀਤੀਆਂ ਮੁੱਛਾਂ ਨੂੰ, ਜਿੰਨ੍ਹਾਂ ਦੀਆਂ ਜੜਾਂ ਥੱਲੇ ਤੋਂ ਸਫ਼ੇਦ ਦਿਖ ਵੀ ਰਹੀਆਂ ਸੀ, ਬਿਨਾ ਲੋੜ ਤੋਂ ਵੱਟ ਚਾੜ੍ਹਦਾ ਹੋਇਆ, ਲੋਕਾਂ ਦੀ ਭੀੜ ਨੂੰ ਚੀਰਦਾ ਕੁਰਸੀ ਵੱਲ ਵਧ ਰਿਹਾ ਸੀ। ਕਿੰਨੇ ਹੀ ਬੰਦਿਆਂ ਨੇ ਉਹਦੇ ਰੁਤਬੇ ਤੇ ਠਾਠ-ਬਾਠ ਦਾ ਰੋਅਬ ਝੱਲਦਿਆਂ, ਆਪਣੇ ਸਿਰਾਂ ਤੋਂ ਸਾਫ਼ੇ ਲਾਹ ਕੇ, ਹੱਥਾਂ ਵਿੱਚ ਫੜ੍ਹ ਕੇ ਫਤਹਿ ਬੁਲਾਈ। ਪਰ ਧਿਆਨ ਵੀ ਰੱਖਿਆ ਕਿ ਬੰਦੂਕ ਦੇ ਮੂੰਹ ਵਾਲ਼ੇ ਬੰਨਿਉਂ ਪਰੇ ਹੀ ਰਹਿਣਾ। ਕਿਤੇ ਐਵੇਂ ਘੋੜਾ ਦੱਬਿਆ ਗਿਆ ਤਾਂ ਹੋਰ ਜਾ ਜਾਂਦੀ ਹੋ ਜਾਊ।

ਚੌਧਰੀ ਨੇ ਕੁਰਸੀ 'ਤੇ ਬਹਿੰਦਿਆਂ ਸਾਰ ਹੀ ਆਪਣੀ ਜੇਬ ਵਿੱਚੋਂ ਪੰਜਾਹ ਦਾ ਨੋਟ ਕੱਢ ਕੇ ਵੇਲ਼ ਦਿੱਤੀ ਤਾਂ ਨਾਚ ਸ਼ੁਰੂ ਹੋ ਗਿਆ। ਡਰਾਮੇ ਵਿੱਚ ਇੱਕ ਧਿਰ ਚੌਧਰੀ ਸੀ ਤੇ ਦੂਜੇ ਪਾਸੇ ਮਜ਼ਦੂਰ ਲੋਕ, ਜੋ ਰੋਜ਼ ਹੀ ਹੱਕ ਮਿਹਨਤ ਦੀ ਰੋਜ਼ੀ-ਰੋਟੀ ਖਾਂਦੇ ਸੀ। ਜੋ ਆਪਣੀ ਵਫ਼ਾ ਲਈ ਕਿਸੇ ਵੀ ਹੀਲੇ ਜਾਨ ਦਾਅ ਤੇ ਲਾਉਣ ਲਈ ਤਿਆਰ ਰਹਿੰਦੇ।

ਇਸ ਨਾਚ ਡਰਾਮਾ ਨੂੰ ਸਭ ਤੋਂ ਪਹਿਲਾਂ ਸਵੇਰੇ ਚੌਧਰੀ ਦੀ ਹਵੇਲੀ ਵਿੱਚ ਖੇਡਿਆ ਗਿਆ, ਤਾਂ ਜੋ ਕੋਈ ਵੀ ਐਸੀ ਝਾਕੀ ਨਾ ਹੋਵੇ, ਜੀਹਦੇ ਵਿੱਚ ਉਹਦੇ ਚੌਧਰੀਪਣ ਨੂੰ ਨੀਵਾਂ ਦਿਖਾ ਦਿੱਤਾ ਜਾਵੇ।

ਫਿਰ ਸਾਰੀ ਉਮਰ ਲੋਕਾਂ ਦੇ ਮੂੰਹਾਂ ਦਾ ਹਾਸਾ ਬਣ ਕੇ ਰਹਿ ਜਾਣਾ... ਹਾਸੇ ਨੂੰ ਲੋਕ ਤਮਾਸ਼ਾ ਤਾਂ ਬਣਾ ਹੀ ਲੈਂਦੇ ਨੇ...।

ਹੁਣ ਨਾਟਕ ਚੱਲ ਰਿਹਾ ਹੈ।

ਨਾਟਕ ਵਿੱਚ ਬਣੇ ਚੌਧਰੀ ਨੇ ਆਪਣੀ ਉੱਚੀ ਅਵਾਜ਼ ਵਿੱਚ ਲਲਕਾਰ ਕੇ

ਆਖਿਆ, 'ਸਾਨੂੰ ਰੱਬ ਨੇ ਦੌਲਤ ਦੇ ਕੇ ਭੇਜੀ ਐ, ਸਾਡੀ ਨੀਤ ਸਾਫ਼ ਸੀ, ਉਹਨਾਂ ਨੂੰ ਚੰਗੇ ਬੰਦਿਆਂ ਦੀ ਲੋੜ ਸੀ, ਜਿਹੜੇ ਪੂਰੇ ਸਿਦਕ ਨਾਲ਼ ਗ਼ਰੀਬ ਤੇ ਤੇਰੇ ਜਿਹੇ ਭੁੱਖੇ-ਲਤਾੜੇ ਲੋਕਾਂ ਵਿੱਚ ਵੰਡ ਸਕਣ...'

ਗ਼ਰੀਬ ਨੇ ਚਿਹਰੇ ਨੂੰ ਅਕਾਸ਼ ਵੱਲ ਕਰਕੇ ਪੁੱਛਿਆ, 'ਅਸੀਂ ਵੀ ਤਾਂ ਰੱਬ ਦੇ ਬੰਦੇ ਸੀ, ਏਨਾਂ ਦੇ ਕੀ ਦੋ ਲੱਤਾਂ ਵੱਧ ਲੱਗੀਆਂ ਸੀ... ਸਾਨੂੰ ਕਿਉਂ ਨਹੀਂ ਦਿੱਤਾ...'

'ਸੋਡੀ ਨੀਤ ਮਾੜੀ ਸੀ, ਜੇਰਾ ਹੈ ਨਹੀਂ ਕਿ ਤੁਸੀਂ ਕਿਸੇ ਹੋਰ ਨੂੰ ਦੇ ਸਕਦੇ... ਤੁਸੀਂ ਤਾਂ ਕੀੜੀਆਂ ਤੋਂ ਦਾਣੇ ਖੋਹ ਕੇ ਖਾ ਜਾਨੇ ਓਂ....'

ਸਾਰੇ ਪੰਡਾਲ ਵਿੱਚ ਬੈਠੇ ਲੋਕ ਪੂਰੀ ਮਸਤੀ ਨਾਲ਼ ਹੱਸ ਪਏ।

ਸੀਟੀਆਂ ਵੱਜ ਪਈਆਂ...!!

ਪਰ ਕਿਸੇ ਦਾ ਵੀ ਹਾਸਾ ਚੌਧਰੀ ਦੇ ਹਾਸੇ ਤੋਂ ਉੱਚਾ ਨਹੀਂ ਸੀ ਗਿਆ।

ਚੌਧਰੀ ਹਰਫੂਲ ਸਿੰਘ ਦੇ ਕੋਲ਼ ਇੱਕ ਬੰਦਾ ਹੁੱਕਾ ਫੜ੍ਹ ਕੇ ਸਤਿਕਾਰ ਨਾਲ਼ ਖੜ੍ਹਾ ਸੀ। ਉਹ ਪਾਈਪ ਨੂੰ ਪੀ ਰਿਹਾ ਸੀ। ਫਿਰ ਉਹਨੇ ਵੀਹ ਰੁਪਏ ਦੀ ਵੇਲ਼ ਹੋਰ ਸਟੇਜ ਵੱਲ ਭੇਜ ਦਿੱਤੀ। ਵੇਲ਼ ਫੜ੍ਹਦੇ ਸਾਰ ਹੀ ਡਰਾਮੇ ਦੇ ਵਿੱਚ ਦੋਵੇਂ ਪਾਤਰਾਂ ਨੇ ਉੱਚੀ ਹੇਕ ਲਗਾ ਕੇ, 'ਚੌਧਰੀ ਹਰਫੂਲ ਸਿੰਘ ਦੀ ਵੇਲ਼ ਨਾਲ਼ ਸਾਡੇ ਘਰਾਂ ਦੇ ਚੁੱਲ੍ਹੇ ਬਲਦੇ ਰਹਿਣ... ਲੰਮੀਆਂ ਉਮਰਾਂ ਬਖਸ਼ੇ ਦਾਤਾ...'

ਚੌਧਰੀ ਦਾ ਧੰਨਵਾਦ ਕਰਕੇ ਉਹ ਫੇਰ ਆਪਣਾ ਨਾਟਕ ਅੱਗੇ ਖੇਡਣ ਲੱਗ ਪਏ।

ਇਹ ਗੱਲ 'ਤੇ ਸ਼ੇਰਾ ਭੜਕ ਪਿਆ।

ਉਹਨੇ ਆਪਣੇ ਗੀਝੇ ਵਿੱਚੋਂ ਵੀਹ ਰੁਪਏ ਕੱਢੇ ਤੇ ਫਿਰ ਆਪਣੇ ਨਾਲ਼ ਬੈਠੇ ਪੱਕੇ ਆੜੀ ਫ਼ੀਟੀ ਤੋਂ ਵੀ ਜੇਬ ਦੇ ਸਾਰੇ ਰੁਪਏ ਕਢਾ ਲਏ। ਫਿਰ ਉਹਨੇ ਨੋਟ ਗਿਣੇ ਤਾਂ ਪੂਰੇ ਪੰਜਾਹ ਬਣ ਗਏ ਸੀ।

ਉਹਨੇ ਅੱਗੇ ਬੈਠੇ ਭੂੱਚਰੇ ਤੋਂ ਵੀ ਮਿੰਨਤ ਜਿਹੀ ਕਰਕੇ ਪੰਜ ਰੁਪਏ ਕਢਾ ਲਏ ਤੇ ਪੂਰੇ ਪਚਵੰਜਾ ਰੁਪਏ ਲੈ ਕੇ ਸਟੇਜ ਕੋਲ਼ ਚਲਾ ਗਿਆ।

'ਹਾਂ ਜੀ...' ਸੈਕਟਰੀ ਨੇ ਇਨ੍ਹਾਂ ਆਖ ਕੇ ਆਪਣਾ ਕੰਨ ਉਹਦੇ ਮੂੰਹ ਕੋਲ਼ ਕਰ ਦਿੱਤਾ।

'ਆ ਲੈ, ਮੇਰਾ ਪੰਜ ਘੱਟ ਸੱਠਾਂ ਦੀ ਵੇਲ਼ ਲਗਾ ਦੇ...' ਚੌਧਰੀ ਦੇ ਮੂੰਹ ਵਿੱਚੋਂ ਨਿਕਲਦੇ ਹੁੱਕੇ ਦੇ ਧੂੰਏਂ ਵਿੱਚ ਦੀ ਅੱਖ ਵਿੱਚ ਵੇਖਿਆ।

ਸੈਕਟਰੀ ਨੇ ਰੁਪਏ ਫੜ੍ਹ ਕੇ ਆਪਣੇ ਗੀਝੇ ਵਿੱਚ ਪਾਉਂਦਿਆਂ ਮਾਇਕ ਵਿੱਚ ਜਾ ਕੇ ਹੋਕਾ ਦਿੱਤਾ, 'ਸਰਦਾਰ ਸ਼ੇਰ ਸਿੰਘ ਵੱਲੋਂ ਸਾਡੀ ਮੰਡਲੀ ਤੋਂ ਖ਼ੁਸ਼ ਹੋ ਕੇ ਪੂਰੇ ਪੰਤਾਲੀ ਤੇ ਦਸ ਰੁਪਏ ਦੀਆਂ ਦੋ ਵੇਲਾਂ ਦਿੱਤੀਆਂ ਗਈਆਂ... ਵਾਹ ਜੀ ਵਾਹ' ਜਦ ਸੈਕਟਰੀ ਨੇ ਖ਼ੁਸ਼ ਹੋ ਕੇ ਸ਼ੇਰੇ ਵੱਲ ਵੇਖਿਆ ਤਾਂ ਉਹ ਹਰਖ ਨਾਲ਼ ਲਾਲ ਹੋਇਆ ਪਿਆ ਸੀ।

ਸ਼ੇਰੇ ਨੇ ਫਿਰ ਇਸ਼ਾਰੇ ਨਾਲ਼ ਸੈਕਟਰੀ ਨੂੰ ਕੋਲ਼ ਬੁਲਾ ਲਿਆ, 'ਮੈਂ ਤੈਨੂੰ ਪੰਜਵੰਜਾ ਰੁਪਏ ਦਿੱਤੇ ਐ... ਪੰਜ ਘੱਟ ਸੱਠ... ਤੂੰ ਅਜੇ ਸਿਰਫ਼ ਪੰਤਾਲੀ ਰੁਪਏ ਈ ਬੋਲੇ ਐ... ਬਾਕੀ ਦੀ ਵੇਲ ਕਿੱਥੇ ਗਈ ਐ...'

'ਮੈਂ ਪੂਰੇ ਪੌਣੇ ਪੰਜਾਹ ਰੁਪਏ ਦੀ ਵੇਲ ਬੋਲ ਦਿੰਨਾ...'

'ਤੂੰ ਸਾਡੇ ਪੂਰੇ ਪੈਸੇ ਕਿਉਂ ਨੀ ਬੋਲਦਾ...' ਸ਼ੇਰੇ ਨੇ ਉਹਦੇ ਕੰਨ ਨੂੰ ਫੜ ਕੇ ਮਰੋੜ ਦਿੱਤਾ।

'ਏਸ ਪਿੰਡ ਵਿੱਚ ਚੌਧਰੀ ਤੋਂ ਵੱਡੀ ਕੋਈ ਵੇਲ ਦੇਣ ਦੀ ਕਿਸੇ ਨੂੰ ਇਜ਼ਾਜਤ ਨਹੀਂ... ਉਨ੍ਹਾਂ ਨੇ ਕੱਲ੍ਹ ਈ ਸ਼ਰਤ ਦੱਸੀ ਐ... ਐਵੇਂ ਸਾਡੇ ਚੰਮ ਤੇ ਖਵੀੜ ਫੇਰੀ ਜਾਊਗੀ... ਮੇਰਾ ਕੰਨ ਛੱਡ...!' ਕੰਨ ਛੁਡਾ ਕੇ ਸੈਕਟਰੀ ਨੇ ਹੱਥ ਨਾਲ਼ ਮਲਿਆ ਤੇ ਫੇਰ ਤਰਲੇ ਨਾਲ਼ ਕਿਹਾ, 'ਮੈਂ ਤੇਰੀਆਂ ਦੋ ਵੇਲਾਂ ਮੁਖਤੀ ਬੋਲ ਦਿਨਾਂ... ਭਾਵੇਂ ਦੀ ਦੁੱਕੀ ਨਾ ਦੇਵੀਂ... ਪਰ ਵੱਧ ਨਹੀਂ ਬੋਲ ਸਕਦਾ... ਰੋਟੀ ਦਾ ਮਸਲਾ...'

ਸ਼ੇਰੇ ਨੇ ਕੰਧ ਤੇ ਪਈ ਇੱਟ ਚੱਕ ਲਈ ਤੇ ਚੌਧਰੀ ਵੱਲ ਪੂਰੇ ਹਰਖ ਨਾਲ਼ ਗਿਆ। ਪਰ ਉਹਦੇ ਕੋਲ਼ ਜਾਂਦਿਆਂ ਹੀ ਉਹਦੀ ਪਕੜ ਢਿੱਲੀ ਪੈ ਗਈ। ਉਹ ਹੌਲ਼ੀ ਕੁ ਦਿਣੇ ਚੌਧਰੀ ਦੇ ਕੋਲ਼ ਜਾ ਕੇ ਬੈਠ ਗਿਆ। ਚੌਧਰੀ ਨੇ ਜੇਬ ਵਿੱਚੋਂ ਫੇਰ ਬਟੂਆ ਕੱਢਿਆ ਤੇ ਰੋਅਬ ਪਾਉਣ ਲਈ ਸਾਰਿਆਂ ਨੂੰ ਨੋਟ ਵਖਾਉਂਦਿਆਂ, ਫਰੋਲ ਕੇ ਇੱਕ ਸੌ ਦਾ ਨੋਟ ਕੱਢ ਕੇ ਨਾਲ਼ ਖੜ੍ਹੇ ਬੰਦੇ ਨੂੰ ਦਿੱਤਾ, 'ਜਾ ਜਾ ਕੇ ਵੇਲ਼ ਕਰਦੇ ਹਵੇਲੀ ਦੇ ਨਾਉਂ ਦੀ...'

'ਜੀ...!' ਬੰਦੇ ਨੇ ਨੋਟ ਇਸ ਅਦਬ ਨਾਲ਼ ਫੜਿਆ ਜਿਵੇਂ ਕੋਈ ਕੱਚ ਦੀ ਕੀਮਤੀ ਸ਼ੈਅ ਫੜੀ ਹੁੰਦੀ ਹੈ।

ਸ਼ੇਰੇ ਦੀ ਨਿਗਾਹ ਇਸ ਨੋਟ 'ਤੇ ਗਈ ਤਾਂ ਉਹ ਇਹਨੂੰ ਪਛਾਣ ਗਿਆ। ਇਹ ਤਾਂ ਉਸ ਦਿਨ ਉਹਨੇ ਪੁਲਸ ਦੇ ਬੰਦਿਆਂ ਨੂੰ ਰੋੜੀ ਵਿੱਚ ਲਪੇਟ ਕੇ ਸੁੱਟਿਆ ਸੀ।

ਇਹ ਨੋਟ ਕਿਸੇ ਵੀ ਕੀਮਤ 'ਤੇ ਨਹੀਂ ਸੀ ਭੁੱਲ ਸਕਦਾ। ਇੰਨਾ ਸਮਾਂ ਉਹਦੀ ਜੇਬ ਵਿੱਚ ਰਿਹਾ ਸੀ। ਇਹ ਦਾ ਤਾਂ ਅਧ-ਪਚੱਧ ਉਹਨੂੰ ਨੰਬਰ ਵੀ ਚੇਤੇ ਹੋ ਗਿਆ ਸੀ।

ਗਾਂਧੀ ਦੇ ਗੰਜੇ ਸਿਰ ਨੂੰ ਅੰਬ ਦੇ ਅਚਾਰ ਦਾ ਦਾਗ਼ ਲੱਗਾ ਸੀ।

ਇਹ ਵੇਖ ਕੇ ਉਹਦਾ ਕਲੇਜਾ ਚੌਧਰੀ ਲਈ ਹੋਰ ਨਫ਼ਰਤ ਨਾਲ਼ ਭਰ ਗਿਆ।

ਚੌਧਰੀ ਨੇ ਆਪਣੇ ਕੋਲ਼ ਬੈਠੇ ਬੰਦੇ ਦੀ ਸੋਟੀ ਚੱਕ ਕੇ ਸਟੇਜ ਵੱਲ ਸੁੱਟ ਦਿੱਤੀ ਤੇ ਹੁੱਕੇ ਦੀ ਨਾਲ਼ ਵਿੱਚੋਂ ਸੂਟਾ ਮਾਰ ਕੇ ਬੋਲਿਆ, 'ਆ ਸੋਟੀ ਮਾਰ ਸਾਲੇ ਦੇ...'

ਨਾਟਕ ਵਿੱਚ ਚੌਧਰੀ ਦਾ ਰੋਲ ਕਰਦੇ ਬੰਦੇ ਨੇ ਸੋਟੀ ਹੱਥ ਵਿੱਚ ਫੜ ਕੇ ਥੱਲੇ ਪਏ, ਗ਼ਰੀਬ ਬੰਦੇ ਦੇ ਮਾਰਨਾ ਸ਼ੁਰੂ ਕਰ ਦਿੱਤਾ। ਚੌਧਰੀ ਨੇ ਜੇਬ ਵਿੱਚੋਂ ਨੋਟਾਂ ਦੀ ਭਾਨ ਕੱਢ ਕੇ ਉਹਨਾਂ ਉੱਤੇ ਸੁੱਟਣੀ ਸ਼ੁਰੂ ਕਰ ਦਿੱਤੀ, 'ਹੋਰ ਮਾਰ-ਜ਼ੋਰ ਨਾਲ...!'

ਰੋਲ ਕਰਦੇ ਬੰਦੇ ਨੇ ਵਰ੍ਹਦੇ ਨੋਟਾਂ ਦੀ ਚਮਕ ਦੀ ਤੈਸ਼ ਵਿੱਚ ਆ ਕੇ ਜ਼ੋਰ

ਨਾਲ਼ ਸੋਟੀ ਮਾਰੀ ਤਾਂ ਗ਼ਰੀਬ ਬੰਦੇ ਤੋਂ ਉਹਦੀ ਪੀੜ ਜਰੀ ਨਹੀਂ ਗਈ। ਉਹਨੇ ਹਰਖ ਵਿੱਚ ਆ ਕੇ ਉਹਦੇ ਹੱਥੋਂ ਸੋਟੀ ਫੜ੍ਹ ਕੇ ਉਲਟਾ ਉਹਨੂੰ ਹੀ ਕੁੱਟ ਦਿੱਤਾ।

'ਸਾਲਿਆ ਵੇਖ ਕੇ ਮਾਰ-ਲਾ... ਹਰਾਮੀ...'

ਜਿਹੜੇ ਲੋਕ ਨਾਟਕ ਵਿੱਚ ਰੋਲ ਕਰਦੇ ਚੌਧਰੀ ਦੇ ਗ਼ੁੱਸੇ ਨੂੰ ਵੇਖ ਕੇ ਤੱਪੜਾਂ 'ਤੇ ਡਰੇ ਤੇ ਸਹਿਮੇ ਬੈਠੇ ਸੀ, ਉਹਨਾਂ ਦੇ ਮੂੰਹਾਂ 'ਤੇ ਇਹ ਕਾਰਾ ਵੇਖ ਕੇ ਚਮਕ ਆ ਗਈ।

ਚੌਧਰੀ ਹਰਫੂਲ ਸਿੰਘ ਨੂੰ ਗ਼ੁੱਸਾ ਚੜ੍ਹ ਗਿਆ ਤਾਂ ਉਹਨੇ ਆਪਣੇ ਨਾਲ਼ ਆਏ ਹਵੇਲੀ ਦੇ ਬੰਦਿਆਂ ਵੱਲ ਵੇਖਿਆ ਤੇ ਫੇਰ ਸਟੇਜ 'ਤੇ ਖਿਲਰੇ ਨੋਟਾਂ ਵੱਲ। ਸ਼ੇਰੇ ਨੇ ਭੱਜ ਕੇ ਸੈਕਟਰੀ ਕੋਲ਼ ਜਾ ਕੇ ਇੱਕ ਹੋਰ ਨੋਟ ਕੱਢ ਕੇ, ਬੰਦੇ ਨੂੰ ਵਧਾਈ ਦਿੱਤੀ।

'ਮੇਰੇ ਵੱਲੋਂ ਵੇਲ਼ ਐ...'

ਚੌਧਰੀ ਨੇ ਬੰਦੂਕ ਫੜ੍ਹ ਕੇ ਖੋਲ੍ਹੀ ਤੇ ਪਟੇ ਵਿੱਚੋਂ ਰੌਂਦ ਕੱਢ ਕੇ ਭਰਿਆ ਤੇ ਪਿੰਡ ਦੇ ਬੰਦਿਆਂ ਦੇ ਸਿਰ ਉੱਤੋਂ ਦੀ ਫ਼ਾਇਰ ਕਰ ਦਿੱਤਾ। ਲੋਕਾਂ ਵਿੱਚ ਹਫੜਾ-ਦਫੜੀ ਮੱਚ ਗਈ। ਫਾਇਰ ਹੁੰਦਿਆਂ ਹੀ ਹਵੇਲੀ ਦੇ ਬੰਦਿਆਂ ਨੇ ਆਪਣੇ ਹੱਥ ਵਿੱਚ ਫੜੀਆਂ ਡਾਂਗਾਂ ਨਾਲ਼ ਗ਼ਰੀਬ ਬੰਦੇ ਨੂੰ ਫੜ੍ਹ ਕੇ ਕੁਟਾਪਾ ਚਾੜ੍ਹ ਦਿੱਤਾ। ਉਹਦੀਆਂ ਚੀਕਾਂ ਟਿਕੀ ਰਾਤ ਵਿੱਚ ਦੂਰ ਤੀਕ ਸੁਣਾਈ ਦਿੱਤੀਆਂ।

'ਸਾਲਿਆ ਤੂੰ ਹੁਣ ਚੌਧਰੀ ਤੇ ਹੱਥ ਚੱਕੇਂਗਾ, ਮੈਂ ਜੇ ਆਪਣਾ ਕੁੜਤਾ ਵੀ ਕਿੱਲੀ 'ਤੇ ਬਾਹਰ ਟੰਗ ਦੇਵਾਂ ਨਾ, ਲੋਕਾਂ ਦੀ ਧੌਣ ਫੇਰ ਵੀ ਉੱਚੀ ਨਹੀਂ ਹੁੰਦੀ...'

ਨਾਚੇ ਨੇ ਐਸੀ ਚੀਖਵੀ ਚੀਖ ਮਾਰੀ ਕਿ ਉਹਨੂੰ ਕੁੱਟਦੇ ਹੋਏ ਸਾਰੇ ਬੰਦੇ ਡਰ ਕੇ ਇਕੇਰਾਂ ਪਿੱਛੇ ਹੋ ਗਏ। ਇਕ ਦੂਜੇ ਦੇ ਮੂੰਹਾਂ ਵੱਲ ਡੌਰ-ਭੌਰ ਹੋ ਕੇ ਵੇਖ ਲੱਗ ਪਏ।

ਜਿਵੇਂ ਕਾਲ਼ਾ ਨਾਗ ਉਹਨਾਂ ਦੇ ਪੈਰਾਂ ਉੱਤੋਂ ਦੀ ਲੰਘ ਗਿਆ ਹੁੰਦਾ...!!

ਕੁਝ ਪਲ ਰੁੱਕੇ...

ਸੁਰਤ ਟਿਕਾਣੇ ਆਈ।

ਉਨ੍ਹਾਂ ਫੇਰ ਉਹਨੂੰ ਕੁੱਟਣਾ ਸ਼ੁਰੂ ਕਰ ਦਿੱਤਾ।

ਸਾਰੇ ਲੋਕਾਂ ਵਿੱਚ ਸਟੇਜ 'ਤੇ ਖੜ੍ਹਾ ਚੌਧਰੀ ਮੁੱਛ ਨੂੰ ਵੱਟ ਚਾੜ੍ਹਦਾ ਹੋਇਆ ਰੋਅਬ ਪਾ ਰਿਹਾ ਸੀ ਤੇ ਗਾਲਾਂ ਕੱਢਦਾ ਬੋਲਿਆ, 'ਨਾ ਤੂੰ ਸਾਡੇ ਖ਼ਿਲਾਫ਼ ਬਗ਼ਾਵਤ ਕਰੇਂਗਾ, ਕੁੱਤੇ ਦੇ ਬੀਜ... ਦੋ ਟਕੇ ਦਾ ਬੰਦਾ ਨੀਂ'

ਸ਼ੇਰੇ ਦੇ ਦਿਲ ਵਿੱਚ ਆਇਆ ਉਹ ਅੱਗੇ ਵੱਧ ਕੇ ਨਾਚੇ ਦੀ ਵਾਹਰ ਕਰਕੇ ਉਹਨੂੰ ਛੁਡਾ ਲਵੇ, ਪਰ ਹਿੰਮਤ ਨਹੀਂ ਸੀ ਪੈਂਦੀ। ਉਹ ਹੌਲ਼ੀ-ਹੌਲ਼ੀ ਭੀੜ ਦੇ ਪਿੱਛੇ ਚਲਾ ਗਿਆ। ਮੁੱਠੀ ਵਿੱਚ ਇੱਕ ਰੋੜ ਚੱਕ ਕੇ ਘੁੱਟ ਲਿਆ ਤੇ ਉਸ ਥਾਂ 'ਤੇ ਜਾਣ ਲੱਗਿਆ, ਜਿੱਥੋਂ ਉਹ ਚੌਧਰੀ ਦੇ ਡਲਾ ਮਾਰ ਕੇ ਆਪਣਾ ਹੁਣ ਦਾ ਗ਼ੁੱਸਾ ਠੰਡਾ ਕਰ ਲਵੇ...!!

ਉਹਨੂੰ ਲੋਕਾਂ ਦੇ ਸਿਰ ਓਤਦੀ ਚੌਧਰੀ ਦਾ ਹਰਖ ਨਾਲ਼ ਭਖ ਕੇ ਲਾਲ ਚਿਹਰਾ

ਵਿਖਾਈ ਦੇਣ ਲੱਗਿਆ। ਕਦੇ-ਕਦੇ ਕਿਸੇ ਦੀ ਧੌਣ ਅੱਗੇ ਆ ਜਾਂਦੀ। ਜਦ ਉਹਨੇ ਨਿਆਣਿਆਂ ਦੇ ਝੂਡ ਓਤਦੀ ਨਿਸ਼ਾਨਾ ਸਿੰਨ ਲਿਆ। ਚੌਧਰੀ ਨੇ ਜਦ ਨਾਰੇ ਦੀਆਂ ਉਂਗਲਾਂ 'ਤੇ ਆਪਣੇ ਪੈਰ ਦੀ ਅੱਡੀ ਮਾਰੀ ਤਾਂ ਨਾਰੇ ਦੀ ਚੀਖ ਨਿਕਲੀ ਤਾਂ ਹਰਖ ਵਿੱਚ ਸ਼ੇਰੇ ਨੇ ਮੁੱਠੀ ਘੁੱਟੀ ਤਾਂ ਉਹਦੇ ਹੱਥ ਵਿੱਚ ਫੜਿਆ ਮਿੱਟੀ ਦਾ ਰੋੜ ਭੁਰ ਕੇ ਰੇਤਾ ਬਣ ਗਿਆ। ਉਂਗਲਾਂ ਦੀਆਂ ਵਿਰਲਾਂ ਵਿੱਚੋਂ ਦੀ ਥੱਲੇ ਭੁਰ ਗਿਆ।

ਉਹਨੂੰ ਏਸ ਚੀਜ਼ ਦੀ ਕੋਈ ਵੀ ਖ਼ਬਰ ਨਹੀਂ ਸੀ। ਉਹਨੇ ਜ਼ੋਰ ਨਾਲ਼ ਹੱਥ ਵਿੱਚ ਰੋੜੇ ਨੂੰ ਚੌਧਰੀ ਵੱਲ ਮਾਰਿਆ। ਉਹਦੀ ਰੇਤ ਹਵਾ ਕਰਕੇ ਉਹਦੇ ਵੱਲ ਹੀ ਆਈ ਤੇ ਅੱਖਾਂ ਵਿੱਚ ਪੈ ਗਈ।

ਸ਼ੇਰੇ ਨੂੰ ਆਪਣੇ ਪੈਰਾਂ 'ਤੇ ਪਈ ਰੋੜੇ ਦੀ ਮਿੱਟੀ ਘਰ ਨੂੰ ਆਉਂਦਿਆਂ ਬੱਜਰੀ ਦੇ ਵਾਂਙ ਰੜਕ ਰਹੀ ਸੀ। ਮੁੜ੍ਹਕਾ ਆਉਣ ਕਰਕੇ ਗ਼ਾਰ ਜਿਹੀ ਬਣ ਗਈ। ਜੀਹਦੀ ਚਿਪਕ-ਚਿਪਕ ਦੀ ਅਵਾਜ਼ ਕੰਨਾਂ ਦੀ ਟਾਟ ਭੰਨਦੀ ਜਾ ਰਹੀ ਸੀ।

□ □ □

ਬੈਂਕ ਅੱਗੇ ਬੰਦੂਕ ਹੱਥਾਂ ਵਿੱਚ ਫੜ ਕੇ ਬੈਠੇ ਚੜ੍ਹਤ ਸਿੰਘ ਦੀ ਨਜ਼ਰ ਸਾਹਮਣੇ ਸੜਕ ਉੱਤੋਂ ਦੀ ਲੰਘਦੀਆਂ ਮੋਟਰ-ਕਾਰਾਂ ਉੱਤੇ ਟਿਕੀ ਹੋਈ ਸੀ। ਕਦੇ ਕੋਈ ਜ਼ਿਮੀਦਾਰ ਟਰੈਕਟਰ ਉੱਤੇ ਕਾਲ਼ੀ ਝੰਡੀ ਲਗਾ ਕੇ ਰੋਸ ਵਜੋਂ, ਸਲੰਸਰ ਵਿੱਚੋਂ ਧੂੰਏਂ ਨਾਲ਼ ਚੰਗਿਆੜੇ ਕੱਢਦਾ ਜਾ ਰਿਹਾ ਸੀ। ਪਰ ਜਦੋਂ ਵੀ ਉਹਦੀ ਨਜ਼ਰ ਵਿੱਚ ਸੜਕ ਤੋਂ ਜਾਂਦਾ ਸਕੂਟਰ ਨਜ਼ਰ ਆਉਂਦਾ ਤਾਂ ਉਹਦੀ ਰੂਹ ਖ਼ੁਸ਼ਗਵਾਰ ਹੋ ਜਾਂਦੀ। ਸਕੂਟਰ ਦੇ ਪਿੱਛੇ ਬੈਠੀ ਤੀਵੀਂ ਵਿੱਚੋਂ ਆਪਣੀ ਧੀ ਦਾ ਹਸੂੰ-ਹਸੂੰ ਕਰਦਾ ਚਿਹਰਾ ਵਿਖਾਈ ਦਿੰਦਾ।

ਉਹਦੀਆਂ ਅੱਖਾਂ ਵਿੱਚ ਚਮਕ ਆ ਗਈ।

ਜਿਸ ਪਾਸੇ ਵੱਲ ਸਕੂਟਰ ਚਲਾ ਗਿਆ ਸੀ ਉਸੇ ਪਾਸੇ ਤੋਂ ਦੋ ਬੰਦੇ ਯਾਮਾ ਤੇ ਸਵਾਰ ਹੋ ਕੇ ਏਧਰ ਬੈਂਕ ਅੱਗੇ ਆ ਰੁੱਕੇ। ਦੋਵਾਂ ਦੇ ਚਿਹਰੇ ਸਾਫ਼ਿਆਂ ਦੇ ਨਾਲ਼ ਬੰਨ੍ਹੇ ਹੋਏ ਸੀ। ਯਾਮੇ ਦੇ ਸਲੰਸਰ ਦੀ ਬੰਸਰੀ ਖ਼ਰਾਬ ਹੋਣ ਕਰਕੇ ਡਰਾਉਣੀ ਆਉਂਦੀ ਅਵਾਜ਼ ਸੁਣ ਕੇ ਰੋਸ਼ਨਦਾਨਾਂ ਵਿੱਚ ਬੈਠੇ ਪੰਛੀ ਘਬਰਾ ਕੇ ਉੱਡ ਗਏ। ਜੋ ਉੱਡ ਨਹੀਂ ਸੀ ਸਕਦੇ, ਉਨ੍ਹਾਂ ਨੇ ਵੀ ਚੀਕਣਾ ਸ਼ੁਰੂ ਕਰ ਦਿੱਤਾ।

ਡਰ ਕੇ ਉੱਡੇ ਪੰਛੀਆਂ ਦੇ ਖੰਭ ਹਵਾ ਵਿੱਚ ਤੈਰਦੇ ਧਰਤੀ ਵੱਲ ਆਉਂਦੇ ਵੇਖ ਕੇ ਚੜ੍ਹਤ ਸਿੰਘ ਨੇ ਬੰਦੂਕ ਦੀ ਨਾਲ਼ੀ ਲੁਕਵੇਂ ਜਿਹੇ ਰੂਪ ਵਿੱਚ ਦੋਵਾਂ ਵੱਲ਼ ਸੇਧ ਲਈ। ਦੋਵਾਂ 'ਚੋਂ ਸ਼ੇਰੇ ਨੇ ਆਪਣੇ ਮੂੰਹ ਤੋਂ ਮੜਾਸਾ ਉਤਾਰ ਲਿਆ ਤਾਂ ਚੜ੍ਹਤ ਸਿੰਘ ਨੂੰ ਥੋੜ੍ਹਾ ਜਿਹਾ ਭਰੋਸਾ ਹੋਇਆ, 'ਬੰਦੇ ਵਾਕਫ਼ ਨੇ...' ਪਰ ਨਾਲ਼ ਖੜ੍ਹੇ ਬੰਦੇ ਦੀ ਚਾਲ-ਢਾਲ ਵੇਖ ਕੇ ਪਛਾਣ ਲਿਆ ਇਹ ਭੂਚਰਾ ਏ।

ਸ਼ੇਰੇ ਨੇ ਆਪਣੇ ਚਾਦਰੇ ਦੀ ਧੂੜ ਹੱਥ ਨਾਲ਼ ਨਹੀਂ ਸਗੋਂ ਮੁੱਕੀ ਮਾਰ ਕੇ ਝਾੜੀ

ਜਿਵੇਂ ਆਪਣੀ ਦਲੇਰੀ ਦਾ ਸਬੂਤ ਦਿੱਤਾ, ਕਿ ਭਾਵੇਂ ਘਬਰਾ ਜ਼ਰੂਰ ਗਿਆ। ਪਰ ਡਰਿਆ ਤਾਂ ਬਿਲਕੁਲ ਵੀ ਨਹੀਂ।

ਸ਼ੇਰੇ ਨੇ ਅੱਖਾਂ ਦੀ ਕੁੜੱਤਣ ਨਾਲ ਜਦ ਬੈਂਕ ਵਿੱਚ ਵੜ ਕੇ, ਕੰਧ ਨਾਲ ਪਏ ਲੰਮੇ ਬੈਂਚ ਤੇ ਬੈਠੇ ਕਿਸਾਨਾਂ ਨੂੰ ਵੇਖਿਆ ਤਾਂ ਕੁੱਝ ਨਰਮੀ ਆ ਗਈ। ਆਪਣੀ ਮਾਂ ਜਾਏ ਹੀ ਲੱਗੇ। ਦਿਲ ਵਿੱਚ ਇਹ ਵੀ ਵਿਚਾਰ ਪੱਕਾ ਹੋ ਗਿਆ ਕਿ ਉਹਦੇ ਇਸ਼ਾਰੇ ਤੇ ਇਹ ਬੈਂਕ ਤੇ ਧਾਵਾ ਬੋਲ ਸਕਦੇ ਹਨ।

ਸ਼ੇਰਾ ਵੀ ਸ਼ਰਾਫਤ ਨਾਲ਼ ਇਸ ਬੈਂਚ 'ਤੇ ਜੁੱਤੀ ਲਾਹ ਕੇ ਪੈਰਾਂ ਭਾਰ ਹੋ ਕੇ ਬਹਿ ਗਿਆ। ਗੀਝੇ ਵਿੱਚੋਂ ਬੀੜੀ ਕੱਢ ਕੇ ਮੂੰਹ ਵਿੱਚ ਫਸਾ ਲਈ। ਤੇ ਮੋਮਜਾਮੇ ਵਿੱਚੋਂ ਡੱਬੀ ਕੱਢ ਕੇ ਉਹਦੇ ਤੇ ਲੱਗੀ ਮੇਘਨਾ ਦੀ ਤਸਵੀਰ ਵੇਖ ਕੇ ਮੁੱਛਾਂ ਵਿੱਚ ਹੱਸਿਆ। ਤੀਲੀ ਕੱਢ ਕੇ ਜਦ ਡੱਬੀ ਤੇ ਘਸਾਈ ਤਾਂ ਰੂਪ ਸਿੰਘ ਨੇ ਉਹਨੂੰ ਰੋਕਣ ਲਈ ਆਪਣੀ ਧੌਣ ਉੱਚੀ ਕੀਤੀ ਹੀ ਸੀ ਕਿ ਸੀਖ਼ ਟੁੱਟ ਕੇ ਡਿੱਗ ਪਈ।

ਡੱਬੀ ਦੀ ਤਸਵੀਰ ਵੱਲ ਨਖ਼ਰੇ ਨਾਲ਼ ਵੇਖਦਿਆਂ, 'ਕਿਉਂ ਦੇਗੀ ਧੋਖਾ... ਨੱਢੀਏ ਐਂ ਨੀ... ਤੇਰਾ ਪਰਿਆਵਾ ਹੋਰ ਲੈਨੇ ਆਂ...'

ਸਾਰੇ ਮੁਲਾਜ਼ਮ ਆਪਣੇ ਕੰਮਾਂ ਵਿੱਚ ਲੱਗੇ ਹੋਏ ਸੀ। ਸ਼ੇਰੇ ਨੇ ਦੂਜੀ ਤੀਲੀ ਬਾਲ ਕੇ ਬੀੜੀ ਬਾਲ ਲਈ। ਤੇ ਕਿਸੇ ਘਮੰਡ ਨਾਲ ਆਪਣੀ ਵਾਰੀ ਦੀ ਉਡੀਕ ਕਰਦਾ ਹੋਇਆ ਧੂੰਏਂ ਦੇ ਛੱਲੇ ਬਣਾਉਣ ਦੀ ਕੋਸ਼ਿਸ਼ ਕਰਨ ਲੱਗਿਆ।

ਰੂਪ ਸਿੰਘ ਨੇ ਮੇਜ਼ 'ਤੇ ਪੈਨ ਨਾਲ਼ ਖੜਾਕ ਕਰਕੇ ਸਖ਼ਤੀ ਵਿਖਾਈ, 'ਤੈਨੂੰ ਪਤਾ ਏਥੇ ਸਿਗਰੇਟ ਦਾਰੂ ਪੀਣਾ ਮਨਾ ਕੀਤਾ... ਉਹ ਵੇਖ...' ਉਹਨੂੰ ਪਿੱਠ ਪਿੱਛੇ ਕੰਧ 'ਤੇ ਲੱਗੇ ਬੋਰਡ ਵੱਲ ਵੇਖਣ ਲਈ ਇਸ਼ਾਰਾ ਕੀਤਾ, ਜੀਹਦੇ ਤੇ ਸਿਗਰੇਟ ਤੇ ਸ਼ਰਾਬ ਦੀ ਬੋਤਲ ਉੱਤੇ ਇੱਕ ਲਾਲ ਰੰਗ ਦਾ ਕਾਟਾ ਮਾਰਿਆ ਸੀ।

ਸ਼ੇਰੇ ਨੇ ਪਿੱਛੇ ਮੁੜ ਕੇ ਕੰਧ ਤੇ ਲਿਖੇ ਅੱਖਰਾਂ ਨੂੰ ਪੜ੍ਹਿਆ। ਪਹਿਲਾਂ ਆਪਣੇ ਦਿਲ ਵਿੱਚ ਹੀ ਪੜਿਆ ਤੇ ਫਿਰ ਰੂਪ ਸਿੰਘ ਨੂੰ ਬੋਲਿਆ, 'ਏਥੇ ਤਾਂ ਸਿਰਫ਼ ਸਿਗਰਟ ਪੀਣ ਤੋਂ ਨਾਂਹ ਕੀਤੀ ਐ... ਏਹ ਤਾਂ ਮੈਂ ਬੀੜੀ ਪੀ ਰਿਹਾ, ਸੋ ਮੈਂ ਕਿਸੇ ਵੀ ਕਨੂੰਨ ਦੀ ਉਲੰਘਣਾ ਨਹੀਂ ਕੀਤੀ... ਮੇਰੇ ਨਾਲ ਪੂਰੀ ਇੱਜ਼ਤ ਨਾਲ਼ ਪੇਸ਼ ਆਉ ਜੀ... ਇੱਜ਼ਤ ਸਭ ਨੂੰ ਪਿਆਰੀ ਹੁੰਦੀ ਐ...'

'ਸਾਨੂੰ ਤੇਰੇ ਏਸ ਧੂੰਏਂ ਤੋਂ ਦਿੱਕਤ ਐ...'

'ਕੀਹਨੂੰ ਮੇਰੇ ਧੂੰਏਂ ਤੋਂ ਤਕਲੀਫ ਐ... ਜ਼ਰਾ ਬੋਲੇ...?' ਉਹਨੇ ਆਪਣੇ ਅੱਗੇ ਕਤਾਰ ਬਣਾ ਕੇ ਖੜ੍ਹੇ ਬੰਦਿਆਂ ਵੱਲ ਵੇਖਿਆ, ਕਿਸੇ ਨੇ 'ਹਾਂ' ਵਿੱਚ ਸਿਰ ਨਹੀਂ ਹਿਲਾਇਆ, 'ਜੇ ਏਨ੍ਹਾਂ ਖੜ੍ਹੇ ਬੰਦਿਆਂ ਨੂੰ ਦਿੱਕਤ ਨਹੀਂ ਤਾਂ ਫੇਰ ਥੋਨੂੰ ਬੈਠਿਆਂ ਨੂੰ ਤਾਂ ਕੋਈ ਦਿੱਕਤ ਹੋਣੀ ਨਹੀਂ ਚਾਹੀਦੀ...'

'ਮੈਨੂੰ ਦਿੱਕਤ ਐ...'

'ਪਰ ਤੁਸੀਂ ਤਾਂ ਆਪ ਸਿਗਰਟ ਪੀਂਦੇ ਹੋ... ਚਲੋ ਮੈਂ ਸਾਰਾ ਧੂੰਆਂ ਏਸ ਆਲ਼ੇ ਵਿੱਚ ਦੀ ਬਾਹਰ ਨੂੰ ਸੁੱਟ ਦਿੰਨਾਂ... ਤਾਂ ਜੋ ਸਾਡੀ ਦੋਵਾਂ ਦੀ ਰੀਝ ਪੂਰੀ ਹੋ ਸਕੇ...' ਸ਼ੇਰੇ ਨੇ ਜ਼ਿੱਦ ਨਾਲ਼ ਸੂਟਾ ਲਿਆ ਤੇ ਆਲੇ ਵਿੱਚੋਂ ਦੀ ਧੂਆਂ ਬਾਹਰ ਕੱਢ ਦਿੱਤਾ, 'ਆ ਵੇਖੋ... ਬੈਂਕ 'ਚ ਧੂੰਏਂ ਦਾ ਨਾਮੋ-ਨਿਸ਼ਾਨ ਨਹੀਂ ਮਿਲੇਗਾ...'

ਰੂਪ ਸਿੰਘ ਜਦ ਗ਼ੁੱਸੇ ਵਿੱਚ ਆ ਕੇ ਹੱਥ ਵਿੱਚ ਫੜ੍ਹੇ ਪੈਨ ਨਾਲ਼ ਝਰੀਟਾਂ ਮਾਰ ਕੇ ਵਰਕੇ ਨੂੰ ਪਾੜਨ ਲੱਗ ਪਿਆ ਤਾਂ ਨਾਲ਼ ਬੈਠੇ ਮੁਲਾਜ਼ਮ ਨੇ ਅੰਗਰੇਜ਼ੀ ਵਿੱਚ ਕਿਹਾ, 'ਐਵੇਂ ਬੇਵਕੂਫ਼ ਬੰਦਿਆਂ ਪਿੱਛੇ ਲੱਗ ਕੇ ਸਿਆਣਪ ਨਹੀਂ ਛੱਡਣੀ ਚਾਹੀਦੀ... ਅੱਧੀ ਬੀੜੀ ਏਹ ਪੀ ਗਿਆ, ਜਦੋਂ ਨੂੰ ਰੋਕਿਆ ਜਾਣਾ ਏਹ ਸਾਰੀ ਬੀੜੀ ਫੂਕ-ਜੂ'

'ਹੂੰ... ਰਾਈਟ...' ਰੂਪ ਵੀ ਸਮਝ ਕੇ ਕੰਮ ਵਿੱਚ ਧਿਆਨ ਦੇਣ ਲੱਗ ਪਿਆ, 'ਲਿਆ ਤੇਰਾ ਕੀ ਕੰਮ ਐ ਪਹਿਲਾਂ ਕਰਾ ਲੈ...'

'ਨਹੀਂ... ਮੈਂ ਜੱਟ ਆਂ ਕਦੇ ਕਿਸੇ ਦੀ ਵਾਰੀ ਨਹੀਂ ਲੈਂਦਾ... ਨਾ ਹੱਕ ਛੱਡਿਆ ਨਾ ਹੱਕ ਕਿਸੇ ਦਾ ਮਾਰਿਆ...'

ਰੂਪ ਸਿੰਘ ਛੇਤੀ ਨਾਲ਼ ਲਾਈਨ ਵਿੱਚ ਖੜ੍ਹੇ ਲੋਕਾਂ ਦਾ ਕੰਮ ਕਰਨ ਲੱਗ ਪਿਆ।

ਸ਼ੇਰੇ ਨੇ ਬੈਂਕ ਵਿੱਚ ਕੰਮ ਕਰਦੇ ਇੱਕ ਬੰਦੇ ਦਾ ਨਾਮ ਪੜ੍ਹਿਆ ਤੇ ਫਿਰ ਉਹਦੇ ਨੈਣ-ਨਕਸ਼ ਵੇਖ ਕੇ ਅੰਦਾਜ਼ਾ ਲਾ ਲਿਆ ਕਿ ਇਹ ਰਾਖਵੇਂ ਕੋਟੇ ਵਿੱਚ ਹੀ ਏਥੇ ਨੌਕਰੀ ਕਰਦਾ ਹੈ। ਉਹਨੇ ਆਪਣੇ ਦਿਲ ਦੀ ਭੜਾਸ ਕੱਢਣ ਲਈ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, 'ਇਹ ਲੋਕ ਸਰਕਾਰ ਨੇ ਸਾਡੇ ਸਿਰ 'ਤੇ ਬਿਠਾ ਦਿੱਤੇ ਐ, ਹਰ ਥਾਂ ਤੇ ਏਨਾਂ ਦੇ ਪੱਖ ਪੂਰਦੇ ਐ ਕਾਨੂੰਨ, ਅਹੀਂ ਚਾਰ-ਚਾਰ ਕਿੱਲਿਆਂ ਦੇ ਮਾਲਕ ਏਨ੍ਹਾਂ ਅੱਗੇ ਹੱਥ ਅੱਡਦੇ ਫਿਰਦੇ ਆਂ, ਰੱਬ ਦਾ ਜਿਉਂਦਿਆਂ ਦਾ ਵੀ ਕਿਤੇ ਵੀ ਨਿਆਂ ਨਹੀਂ ਮਰਿਆ ਦਾ ਤਾਂ ਕਰਨਾ ਈ ਕੀ ਐ, ਜਿੰਨੀ ਕਿਸੇ ਦੀ ਤਨਖ਼ਾਹ ਵੱਧ ਐ ਓਨਾ ਈ ਕੰਮ ਸੌਖ਼ਾ... ਖੇਤਾਂ ਵਿੱਚ ਆਡ ਸਵਾਰਨ ਤੇ ਲਾਇਆ ਹੋਵੇ ਤਾਂ ਪਤਾ ਲੱਗੇ ਰੋਟੀ ਖਾਣੀ ਕਿੰਨੀ ਔਖ਼ੀ ਐ...'

'ਜਵਾਂ ਪੱਕੀ ਗੱਲ ਐ... ਅੱਜ ਏਹ ਬੀੜੀ ਪੀਣ ਤੋਂ ਰੋਕਦੇ ਐ, ਕੱਲ੍ਹ ਨੂੰ ਸਾਹ ਲੈਣ ਤੋਂ ਰੋਕਣ-ਗੇ...' ਹੁਣੇ ਆ ਕੇ ਬੈਠੇ ਭੂੱਚਰੇ ਨੇ ਹੁੰਗਾਰਾ ਭਰ ਦਿੱਤਾ।

ਸ਼ੇਰੇ ਨੇ ਫਿਰ ਸੂਟਾ ਲਿਆ ਤੇ ਧੂੰਆਂ ਆਲ਼ੇ ਵਿੱਚੋਂ ਦੀ ਬਾਹਰ ਕੱਢ ਦਿੱਤਾ। ਉਹ ਆਪਣੀ ਬੀੜੀ ਪੀਣ ਦੀ ਹੈਂਕੜੀ ਪੂਰੀ ਕਰ ਰਿਹਾ ਸੀ। ਕਿਉਂਕਿ ਮੈਨੇਜਰ ਦੇ ਕੈਬਿਨ ਵਿੱਚ ਚੌਧਰੀ ਹਰਫੂਲ ਸਿੰਘ ਦਾ ਪੁੱਤ ਹੁੱਕਾ ਪੀਂਦਾ ਪਿਆ ਸੀ।

ਸ਼ੇਰੇ ਦੀ ਵਾਰੀ ਆ ਗਈ ਤਾਂ ਉਹਦੇ ਹੱਥ ਵਿੱਚੋਂ ਬੈਂਕ ਦੀ ਕਾਪੀ ਫੜ੍ਹ ਕੇ, ਕੰਪਿਊਟਰ ਵਿੱਚ ਖ਼ਾਤਾ ਖੋਲ੍ਹ ਲਿਆ ਤੇ ਪੁੱਛਿਆ, 'ਦੱਸੋ ਕੀ ਕਰਨਾ...'

'ਕਿੰਨੇ ਪੈਸੇ ਐ'

'ਸਵਾ ਲੱਖ ਬੈਂਕ ਦਾ ਦੇਣਾ ਤੁਸੀਂ, ਸਰਕਾਰ ਦਾ, ਦੱਸੋ ਕਿੰਨਾ ਜਮਾਂ ਕਰਾਉਣ

ਆਏ ਹੋ ਸ਼ੇਰ ਸਿੰਘ ਜੀ...' ਰੂਪ ਸਿੰਘ ਦੇ 'ਜੀ' ਕਹਿਣ ਵਿੱਚ ਇੱਕ ਤਿੱਖੀ ਚੋਭ ਸੀ, ਜੋ ਉਹਦੀ ਹਿੱਕ ਨੂੰ ਧੁਰ ਤੀਕ ਝਰੀਟ ਗਈ।

'ਜੀ... ਕੀ ਹੁੰਦਾ ਜੀ...'

'ਤੁਹਾਨੂੰ ਇੱਜ਼ਤ ਦਿੱਤੀ ਐ.. ਜੀ ਕਹਿ ਕੇ...'

'ਖ਼ਬਰਦਾਰ.... ਜੇ ਅੱਜ ਤੋਂ ਬਾਅਦ ਮੈਨੂੰ ਪੁੱਛੇ ਬਿਨਾ ਇੱਜ਼ਤ ਦਿੱਤੀ ਤਾਂ ਮੈਥੋਂ ਬੁਰਾ ਕੋਈ ਨ੍ਹੀਂ ਹੋਣਾ... ਮੈਂ ਤੇਰੀ ਇੱਜ਼ਤ 'ਤੇ ਥੋੜ੍ਹਾ ਪਲਦਾਂ... ਆਗੀ ਸਮਝ... ਅਸੀਂ ਬੰਦਾ-ਕਬੰਦਾ... ਜਾਤ ਬਿਰਾਦਰੀ ਵੇਖ ਕੇ ਇੱਜ਼ਤ ਲੈਨੇ ਆਂ ਤੇ ਦਿੰਨੇ ਆਂ... ਜੋ ਕਿਹਾ ਉਹ ਕੰਮ ਕਰ...' ਸ਼ੇਰੇ ਨੇ ਆਪਣੀ ਖੋਦੀ ਮੁੱਛ ਨੂੰ ਵਟ ਚਾੜ੍ਹ ਕੇ ਮੋਢੇ ਤਾਣ ਲਏ।

'ਮੈਂ ਦੱਸਤਾ...'

ਸ਼ੇਰੇ ਨੇ ਉਹਦੇ ਹੱਥਾਂ ਵਿੱਚੋਂ ਆਪਣੇ ਬੈਂਕ ਦੀ ਕਾਪੀ ਝਮੁੱਟ ਮਾਰ ਕੇ ਖੋਹ ਲਈ ਤੇ ਕੁੱਝ ਬਿਨਾ ਬੋਲੇ ਉੱਥੋਂ ਬਾਹਰ ਆ ਕੇ ਯਾਮੇ ਨੂੰ ਟੇਢਾ ਕਰਕੇ ਕਿੱਕਾਂ ਮਾਰਨ ਲੱਗ ਪਿਆ।

'ਊਂ ਸਰਕਾਰ ਵੋਟਾਂ ਵੇਲ਼ੇ ਬੋਰਡਾਂ 'ਤੇ ਲਿਖੂ ਆ ਦੇਵਾਂਗੇ, ਉਹ ਦੇਵਾਂਗੇ... ਪਰ ਜੇੜ੍ਹੇ ਸਾਡੇ ਤੋਂ ਲੈਣੇ ਐ ਉਹ ਤਾਂ ਛੱਡੇ ਨ੍ਹੀ ਜਾਂਦੇ... ਜੇ ਸਰਕਾਰ ਨੇ ਕਰਜ਼ਾ ਮਾਫ਼ ਨਾ ਕਰਿਆ ਤਾਂ ਏਨੂੰ ਜੱਟਾਂ ਨੇ ਮਾਫ਼ ਨਹੀਂ ਕਰਨਾ... ਐਤਕੀ ਆਉਣ ਦੇਈਂ ਫੇਰ ਵੋਟਾਂ ਵੇਲੇ ਮੰਤਰੀ ਨੂੰ...' ਬਾਰਵੀਂ ਕਿੱਕ ਤੇ ਜਦੋਂ ਯਾਮਾ ਸਟਾਰਟ ਹੋ ਗਿਆ ਤਾਂ ਉਹਦੀ ਜਾਣ ਕੇ ਕੀਤੀ ਰੇਸ ਕਰਕੇ ਫੇਰ ਰੌਸ਼ਨਦਾਨ ਵਿੱਚ ਬੈਠੇ ਪੰਛੀ ਉਡਾਰੀ ਮਾਰ ਕੇ ਅਕਾਸ਼ ਵੱਲ ਚਲੇ ਗਏ। ਇਨ੍ਹਾਂ ਦੀ ਅਵਾਜ਼ ਸੁਣ ਕੇ ਬੈਂਕ ਦੇ ਦਰਵਾਜ਼ੇ ਵਿੱਚ ਪੈਰਾਂ ਭਾਰ ਬੈਠ ਕੇ ਆਪਣੀ ਪੈਨਸ਼ਨ ਲੈਣ ਲਈ ਵਾਰੀ ਦੀ ਉਡੀਕ ਕਰਦੇ ਬੰਦੇ-ਬੁੜੀਆਂ ਨੇ ਵੀ ਮੁੜ ਕੇ ਪਿਛਾਂਹ ਵੇਖਿਆ।

ਚੜ੍ਹਤ ਸਿੰਘ ਨੇ ਕੈਂਚੀ ਬੂਹੇ ਵਿੱਚ ਦੀ ਬੈਂਕ ਦੀ ਕੰਧ 'ਤੇ ਲੱਗੇ ਵੱਡੇ ਸਾਰੇ ਘੜਿਆਲ ਵੱਲ ਵੇਖਿਆ, ਜੀਹਦੇ ਵਿੱਚ ਤਰੰਗਾ ਸੀ ਤੇ ਗਾਂਧੀ ਦੀ ਇੱਕ ਤਸਵੀਰ ਮੁਸਕਾ ਰਹੀ ਸੀ। ਸੂਈਆਂ ਦਾ ਰੰਗ ਲਹੂ ਵਾਂਙ ਐਨ ਲਾਲ ਸੀ।

ਸ਼ਨੀਵਾਰ ਹੋਣ ਕਰਕੇ ਸਿਰਫ਼ ਇੱਕ ਵਜੇ ਤੀਕ ਹੀ ਏਥੇ ਕੰਮ ਹੋਣਾ ਸੀ। ਕਦੇ-ਕਦੇ ਇੱਕ ਅੱਧਾ ਬੰਦਾ ਬੈਂਕ ਵਿੱਚ ਆਪਣਾ ਕੰਮ ਨਬੇੜ ਕੇ ਬਾਹਰ ਆਉਂਦਾ। ਦੂਰ ਚੁਰਾਹੇ ਵਿੱਚ ਹੁਣ ਸਪੀਕਰਾਂ ਵਿੱਚ ਨਾਅਰੇ ਲੱਗਣ ਦੀ ਆਉਂਦੀ ਅਵਾਜ਼, ਕਦੇ-ਕਦੇ ਸੜਕ 'ਤੇ ਖੜ੍ਹੇ ਟਰੈਕਟਰ ਦੀ ਅਵਾਜ਼ ਵਿੱਚ ਦੱਬ ਜਾਂਦੀ। ਕੁਝ ਬੰਦੇ ਤੇ ਔਰਤਾਂ ਉਹਨੇ ਆਪਣੇ ਹੱਥਾਂ ਵਿੱਚ ਕਾਲ਼ੇ ਝੰਡੇ ਫੜ੍ਹ ਕੇ ਉਧਰ ਨੂੰ ਜਾਂਦੇ ਵੇਖੇ।

ਸ਼ੇਰ ਚੜ੍ਹਤ ਸਿੰਘ ਨੇ ਆਪਣੇ ਹੱਥਾਂ ਵੱਲ ਵੇਖਿਆ, ਜਿਹਨਾਂ 'ਤੇ ਖ਼ਾਕੀ ਰੰਗ ਦੀ ਜੰਗਾਲ ਲੱਗ ਕੇ ਰੰਗ ਚਾੜ੍ਹ ਗਈ ਸੀ। ਰੂਪ ਸਿੰਘ ਨੇ ਬਾਹਰ ਆ ਕੇ ਪੈੱਨ ਨਾਲ਼ ਗਿੱਚੀ ਨੂੰ ਖੁਰਕਦਿਆਂ, 'ਭਾਈ ਹੁਣ ਤੁਸੀਂ ਪਰਸੋਂ ਆਜਿਉ, ਹਣ ਤਾਂ ਛੁੱਟੀ ਹੋ ਗਈ'

'ਐ ਕਿਵੇਂ ਫੁੱਟੀ ਹੋਗੀ, ਦੋ ਦਿਨ ਹੋਗੇ ਐਥੋਂ ਆ ਕੇ ਮੁੜਦਿਆਂ ਨੂੰ ਭਾਈ ਓਨੀ ਤਾਂ ਜਾ-ਵੱਡੀ ਦੀ ਸਰਕਾਰ ਨੇ ਪੈਨਸ਼ਨ ਨਹੀਂ ਦੇਣੀ ਜਿੰਨਾ ਇਉਂ ਬੱਸਾਂ-ਟੈਪੂਆਂ ਵਿੱਚ ਸਾਡਾ ਪੈਸਾ ਭਾੜੇ ਵਿੱਚ ਖੁਰ ਜਾਣਾ...' ਬਾਹਰ ਬੈਠੇ ਬੰਦਿਆਂ-ਬੁੜੀਆਂ ਨੇ ਹਾਅ ਦਾ ਨਾਅਰਾ ਮਾਰਿਆ ਪਰ ਰੂਪ ਸਿੰਘ ਵੀ ਕੀ ਕਰਦਾ। ਸਮੇਂ ਦਾ ਪਾਬੰਦ ਸੀ।

'ਨਹੀਂ ਮਾਤਾ ਖ਼ੁਸ਼ੀ ਐਥੇ ਧਰਨਾ ਲਾ ਕੇ ਬੈਠੋ, ਕੁੱਛ ਨੀ ਹੋਣਾ...' ਚੜ੍ਹਤ ਸਿੰਘ ਵੱਲ ਝਾਕਦਿਆਂ, 'ਚੜ੍ਹਤ ਸਿਆਂ ਜਿੰਦਾ ਲਾ ਦੇ ਬਾਈ...'

'ਜੀ...!'

ਉਹਨੇ ਆਪਣੀ ਬੰਦੂਕ ਗਾਤਰੇ ਪਾਈ ਤੇ ਬੈਂਕ ਵਿੱਚ ਵੜ ਕੇ ਕੈਂਚੀ ਗੇਟ ਖਿੱਚ ਕੇ ਸੰਗਲ ਨਾਲ਼ ਜਿੰਦਾ ਜੜ ਦਿੱਤਾ।

ਬੇਆਸ ਜਿਹੇ ਹੋ ਕੇ ਸਾਰੇ ਆਪੋ-ਆਪਣੇ ਘਰਾਂ ਨੂੰ ਜਾਣ ਲਈ ਤੁਰ ਪਏ।

ਚੜ੍ਹਤ ਸਿੰਘ ਨੇ ਜਾ ਕੇ ਕੈਬਿਨ ਵਿੱਚ ਲੈਪਟਾਪ 'ਤੇ ਤੇਜ਼ੀ ਨਾਲ਼ ਉਂਗਲਾਂ ਮਾਰ ਦੇ ਰਣਵਿਜੇ ਸਿੰਘ ਅੱਗੇ ਫਰਿਆਦ ਕੀਤੀ, 'ਸਾਬ ਜੀ ਆਹ ਰਫ਼ਲ ਦੀ ਮੁਰੰਮਤ ਕਰਨ ਆਲੀ ਐ, ਕਾਰਤੂਸਾਂ ਦੀ ਤਾਂ ਮੈਂ ਮੁਰੰਮਤ ਕਰਤੀ ਸੀ...' ਉਹਨੇ ਆਪਣੇ ਪਟੇ ਵਿੱਚੋਂ ਕਾਰਤੂਸ ਕੱਢ ਕੇ ਮੇਜ਼ ਤੇ ਰੱਖ ਦਿੱਤੇ। ਇਨ੍ਹਾਂ ਦੀਆਂ ਚੇਪੀਆਂ ਵੇਖ ਕੇ ਮੈਨੇਜਰ ਨੂੰ ਕਾਫ਼ੀ ਤਸੱਲੀ ਹੋਈ।

'ਅੱਛਾ... ਚੰਗਾ ਕੀਤਾ... ਸਰਕਾਰੀ ਮਲਕੀਅਤ ਸਾਂਭ ਕੇ ਰੱਖਣਾ ਤਾਂ ਸਾਡਾ ਫਰਜ਼ ਐ... ਭਾਵੇਂ ਸਾਡੀ ਜਾਨ ਚਲੀ ਜਾਵੇ ਪਰ ਆਹ ਰੌਂਦਾਂ ਨੂੰ ਆਂਚ ਨਹੀਂ ਆਉਣੀ ਚਾਹੀਦੀ...' ਰਣਵਿਜੇ ਨੇ ਇਹ ਗੱਲ ਐਵੇਂ ਬਿਨ੍ਹਾ ਕੁਝ ਸੋਚੇ ਸਮਝੇ ਬੋਲ ਦਿੱਤੀ ਕਿ ਇਹਦਾ ਮਤਲਬ ਕੀ ਹੈ, ਕੀ ਨਹੀਂ...?

'ਜੇ ਮੈਂ ਐਨੂੰ ਘਰੇ ਲੈ ਜਾਵਾਂ... ਐਦੇ ਬੱਟ ਦਾ ਆਹ ਵੇਖੋ ਪੇਚ ਵੀ ਢਿੱਲਾ ਤੇ ਨਾਲਾਂ ਨੂੰ ਤੇਲ ਵੀ ਦੇਣ ਆਲਾ...' ਉਹਨੇ ਉਹਦੀਆਂ ਅੱਖਾਂ ਅੱਗੇ ਢਿੱਲੇ ਬੱਟ ਨੂੰ ਹਿਲਾ ਕੇ ਵਿਖਾ ਦਿੱਤਾ ਕਿ ਜੋ ਉਹ ਬੋਲ ਰਿਹਾ ਹੈ, ਸੱਚ ਹੈ।

'ਲੈਜਾ-ਲੈਜਾ ਪਰ ਰੱਖੀ ਆਵਦੇ ਹੱਥ ਹੇਠ ਤੇਰਾ ਜ਼ਿੰਮਾ ਏ... ਹੁਣ... ਚੰਗਾ...'

'ਜੀ...'

ਉਹਨੇ ਕੁਝ ਸਮੇਂ ਵਿੱਚ ਬੈਂਕ ਨੂੰ ਜਿੰਦਾ ਲਗਾ ਕੇ ਚਾਬੀਆਂ ਮੈਨੇਜਰ ਸਾਹਿਬ ਦੇ ਹਵਾਲੇ ਕਰ ਦਿੱਤੀਆਂ। ਬੰਦੂਕ ਨੂੰ ਮੋਢੇ ਪਾ ਕੇ, ਉੱਤੇ ਦੀ ਖ਼ੇਸੀ ਦੀ ਕਸ ਕੇ ਬੁੱਕਲ ਮਾਰ ਲਈ। ਤੇ ਘਰ ਵੱਲ ਨੂੰ ਚੱਲ ਪਿਆ।

ਪਰ ਜਦੋਂ ਉਹ ਸ਼ਹਿਰ ਦੇ 'ਜਟਾਣਾ ਚੌਂਕ' ਵਿੱਚ ਆਇਆ ਤਾਂ ਉੱਥੇ ਕਿੰਨੇ ਹੀ ਕਿਸਾਨਾਂ ਨੇ ਆਪਣੇ ਹੱਥਾਂ ਵਿੱਚ ਕਾਲ਼ੀਆਂ ਝੰਡੀਆਂ ਫੜ੍ਹ ਕੇ ਸਰਕਾਰ ਪ੍ਰਤੀ ਰੋਸ ਮੁਜ਼ਾਹਰਾ ਕੀਤਾ ਹੋਇਆ ਸੀ। ਪਰ ਕਿਸੇ ਨੂੰ ਵੀ ਆਉਣ ਜਾਣ ਦੀ ਕੋਈ

ਦਿੱਕਤ ਨਹੀਂ ਸੀ। ਸਾਰਿਆਂ ਦੇ ਲੰਘਣ ਲਈ ਰਸਤਾ ਛੱਡਿਆ ਹੋਇਆ ਸੀ। ਸਭ ਦੇ ਹੱਥਾਂ ਵਿੱਚ ਸੈਣੀ ਦੇ ਪੋਸਟਰ ਫੜ੍ਹ ਕੇ ਉਹਦੇ ਗਲ਼ ਵਿੱਚ ਜੁੱਤੀਆਂ ਦਾ ਹਾਰ ਪਾਇਆ ਸੀ। ਉਹਦੇ ਮੂੰਹ ਤੇ ਕਾਲਖ ਮਲ਼ੀ ਸੀ। ਕੰਧਾਂ ਉੱਤੇ ਇਨਕਲਾਬ-ਜ਼ਿੰਦਾਬਾਦ ਦੇ ਨਾਅਰੇ ਲਿਖੇ ਸੀ।

ਕੁਝ ਬੰਦੇ ਆਪਣੇ ਹੱਥਾਂ ਵਿੱਚ ਚੌਲਾਂ ਦੀਆਂ ਪਲੇਟਾਂ ਭਰ ਕੇ ਸਭ ਵਿੱਚ ਵਰਤਾ ਰਹੇ ਸੀ। ਜੋ ਇਸ ਧਰਨੇ ਵਿੱਚ ਭੁੱਖੇ-ਭਾਣੇ ਸੀ। ਪਰ ਸ਼ਹਿਰ ਵਿੱਚ ਕੁੱਝ ਭੁੱਖੇ-ਭਾਣੇ ਫਿਰਦੇ ਬੱਚੇ ਵੀ ਏਸ ਲੰਗਰ ਦਾ ਲੁਤਫ਼ ਉਠਾ ਰਹੇ ਸੀ।

ਚੜ੍ਹਤ ਸਿੰਘ ਦੀ ਨਜ਼ਰ ਸਟੇਜ 'ਤੇ ਖੜ੍ਹ ਕੇ ਆਪਣੇ ਹੱਥ ਵਿੱਚ ਫੜ੍ਹੇ ਸੈਣੀ ਦੇ ਬਲਦੇ ਪੁਤਲੇ ਵੱਲ ਉਂਗਲ ਕਰਕੇ ਭਾਸ਼ਣ ਦਿੰਦੇ ਤਰਲੋਚਨ ਵੱਲ ਗਈ। ਉਹਨੇ ਹੌਲ਼ੀ-ਹੌਲ਼ੀ ਉਹਦੇ ਤੱਕ ਜਾਣ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ।

ਤਰਲੋਚਨ ਦੇ ਸਿਰ 'ਤੇ ਕਾਲ਼ੀ ਪੱਟੀ ਬੰਨ੍ਹੀ ਸੀ ਤੇ ਉਹ ਗਰਜ ਰਿਹਾ ਸੀ...!

'ਮਜ਼ਾਕ ਬਣਾ ਕੇ ਰੱਖਿਆ ਏਨਾਂ ਨੇ ਸਾਡੀ ਜੱਟ ਕੌਮ ਦਾ, ਸਾਡੀ ਮਾਨ ਮਰਿਆਦਾ ਦੀ ਧੱਜੀ ਉਡਾਈ ਜਾ ਰਹੀ ਐ, ਭਾਜਪਾ ਦੇ ਮੰਤਰੀ ਕਹਿੰਦੇ ਨੇ ਕਿ ਕਾਂਗਰਸ ਨੇ ਸਾਡੇ ਨਾਲ਼ ਧੋਖਾ ਕੀਤਾ, ਉਨਾਂ ਨੇ ਕਨੂੰਨ ਲਾਗੂ ਨਹੀਂ ਕੀਤਾ... ਸਾਨੂੰ ਪੁਨਰ ਵਿਚਾਰ ਕਰਨਾ ਪਵੇਗਾ... ਕਾਂਗਰਸੀ ਕਾਂ-ਕਾਂ ਕਰੀ ਜਾਂਦੇ... ਕਿ ਭਾਜਪਾ ਦੀ ਨੀਤ ਵਿੱਚ ਖੋਟ ਐ... ਏਹ ਕੋਈ ਖਿਡੌਣਾ ਤਾਂ ਨਹੀਂ ਜੀਹਦਾ ਬੱਚਾ ਹੋਵੇ ਉਸੇ ਨੂੰ ਦਿੱਤਾ ਜਾਣਾ... ਹੁਣ ਬਹੁਤ ਹੋ ਗਿਆ... ਹੋਰ ਨਹੀਂ ਸਹਿਣ ਕਰਨਾ ਅਸੀਂ... ਚਿੜੀ ਤੋਂ ਲੈ ਕੇ ਕੀੜੀ ਤੱਕ ਏਸ ਦੁਨੀਆ ਦੇ ਸਾਰੇ ਜੀਵ ਐ... ਜਿੰਨਾ ਦੇ ਰੱਬ ਨੇ ਢਿੱਡ ਲਾਇਆ ਉਹ ਸਾਡੀ ਉਗਾਈ ਕਣਕ ਈ ਖਾਂਦੇ ਐ... ਫੇਰ ਅਸੀਂ ਕਿਉਂ ਨਹੀਂ ਹੱਕਦਾਰ...'

ਤਰਲੋਚਨ ਦੀ ਏਨੀ ਗੱਲ ਬਾਦ ਥੋੜੀ ਖੰਘ ਛਿੜ ਪਈ ਤਾਂ ਨਾਲ਼ ਦੇ ਸਾਥੀ ਨੇ ਅਵਾਜ਼ ਬੁਲੰਦ ਕਰ ਦਿੱਤੀ...।

'ਤੇ ਭਾਜਪਾ ਵਾਲ਼ੇ ਆਪਣੇ ਸੈਣੀ ਨੂੰ ਗੰਦੀ ਜੁਬਾਨ ਬੋਲਣ ਤੋਂ ਰੋਕ ਨਹੀਂ ਸਕਦੇ.... ਇਹ ਕੱਲੀ ਆਰਕਸ਼ਨ ਦੀ ਨਹੀਂ, ਜੱਟ ਸਵਾਭੀਮਾਣ ਦੀ ਰੈਲੀ ਐ... ਹੁਣ ਅਸੀਂ ਹੱਕ ਲੈ ਕੇ ਹੱਟਣਾ ਤੇ ਸੈਣੀ ਤੋਂ ਸ਼ਰੇਆਮ ਮਾਫ਼ੀ ਮੰਗਾ ਕੇ ਈ ਦਮ ਲਵਾਂਗੇ... ਸਾਡੇ ਜਿਤਾ ਕੇ ਭੇਜੇ ਜੱਟ ਮੰਤਰੀ ਕਿੱਥੇ ਨੇ... ਉਹ ਸਾਡੀ ਅਵਾਜ਼ ਕਿਉਂ ਨਹੀਂ ਬੁਲੰਦ ਕਰਦੇ...'

ਇਸ ਧਰਨੇ ਵਿਚ ਆਏ ਕੈਪਟਨ ਨੇ ਵੀ ਆਪਣੀ ਅਵਾਜ਼ ਜੱਟਾਂ ਦੇ ਹੱਕ ਵਿੱਚ ਭੁਗਤਾ ਦਿੱਤੀ, 'ਏਹ ਨਹੀਂ ਜਾਣਦੇ ਕਿ ਕਿਸੇ ਨੂੰ ਮੂਰਖ ਬਣਾਉਣ ਵਾਲ਼ੇ ਆਪ ਈ ਮੂਰਖ਼ ਹੁੰਦੇ ਨੇ, ਦੁਨੀਆਂ ਦੀਆਂ ਅੱਖਾਂ ਵਿੱਚ ਘੱਟਾ ਝੋਕ ਦਿਉਂਗੇ ਪਰ ਓਸ ਰੱਬ ਤੋਂ ਕਿਵੇਂ ਬਚੋਗੇ... ਮਰ ਕੇ ਜਾਨਾਂ ਤਾਂ ਸਭ ਨੇ ਉਹਦੇ ਥਾਂ ਤੇ ਹੀ ਐ... ਜੇ

ਆਪਾਂ ਕੱਠੇ ਮਰਗੇ ਨਾ ਸੈਣੀ ਫੇਰ ਰੱਬ ਤੀਕ ਪਹੁੰਚਣ ਤੋਂ ਪਹਿਲਾਂ-ਪਹਿਲਾਂ ਤੇਰੀ ਹੋਕੜੀ ਕੱਢਦੂੰ ਮੈਂ... ਮੈਂ ਮੰਤਰੀ ਸੈਣੀ ਦੀ ਇੱਜ਼ਤ ਕਰਦਾਂ, ਪਰ ਕੀ ਕਰੀਏ ਅੰਦਰ ਪਹਿਲਾਂ ਜੱਟ ਆਂ... ਮੰਤਰੀ ਤਾਂ ਤੁਸੀਂ ਭਰਾਵਾਂ ਨੇ ਵੋਟਾਂ ਪਾ ਕੇ ਬਣਾਇਆ...'

ਕੈਪਟਨ ਜਦੋਂ ਇੱਥੋਂ ਆਪਣੇ ਲੈਕਚਰ ਦੇ ਕੇ ਬੈਠ ਗਿਆ ਤਾਂ ਤਰਲੋਚਨ ਨੇ ਫਿਰ ਆਪਣੇ ਹੱਥ ਵਿੱਚ ਮਾਇਕ ਦੀ ਵਾਗਡੋਰ ਸੰਭਾਲ ਲਈ, 'ਜੇ ਯਾਦਵ ਤੇ ਗੁੱਜਰ ਬਰਾਦਰੀ ਨੂੰ ਰਾਖਵੇਂ ਹੱਕ ਮਿਲਦੇ ਨੇ ਤਾਂ ਫਿਰ ਜੱਟਾਂ ਨੂੰ ਕਿਉਂ ਨਹੀਂ... ਕਈ ਜੱਟ ਪਰਿਵਾਰ ਤਾਂ ਏਨਾਂ ਜਾਤਾਂ ਨਾਲ਼ੋਂ ਵੀ ਪਛੜੇ ਹੋਏ ਐ... ਸਾਨੂੰ ਆਪਣੀ ਗੱਲ ਸਭਾ ਵਿੱਚ ਰੱਖਣ ਦਾ ਹੱਕ ਵੀ ਐ ਤੇ ਇਹ ਧਰਨੇ ਜਲਸੇ ਸਾਰੇ ਸਾਡੇ ਸਘਰੰਸ਼ ਦਾ ਰਾਹ ਵੀ ਨੇ... ਪਰ ਹੁਣ ਭਾਜਪਾ ਵੀ ਬੱਸ ਰਾਜਨੀਤੀ ਕਰ ਰਹੀ ਐ, ਜੱਟਾਂ ਨੂੰ ਐਸ.ਬੀ.ਸੀ. 'ਚ ਦਸ ਫੀਸਦੀ ਤੇ ਹਰ ਵਰਗ ਦੇ ਗ਼ਰੀਬ ਲੋਕਾਂ ਨੂੰ ਈ.ਬੀ.ਪੀ. 'ਚ ਦਸ ਫੀਸਦੀ ਆਰਕਸ਼ਨ ਦਿੱਤਾ ਸੀ, ਪਰ ਓ.ਬੀ.ਸੀ. ਦੇ ਸਤਾਈ ਫੀਸਦੀ ਕੋਟੇ 'ਚ ਕੋਈ ਛੇੜਛਾੜ ਨਹੀਂ ਕੀਤੀ...'

ਤਰਲੋਚਨ ਨੇ ਆਪਣੇ ਹੱਥ ਵਿੱਚ ਫੜ੍ਹੇ ਕਾਗਜ਼ਾਂ ਤੋਂ ਪੜ੍ਹ ਕੇ ਪੂਰੇ ਅੰਕੜੇ ਬਿਆਨ ਕੀਤੇ, 'ਜੇ ਏਨਾਂ ਦੀ ਨੀਤ ਸਾਫ਼ ਐ ਤਾਂ ਸਾਡੇ ਨਾਲ਼ ਖਿਲਵਾੜ ਕਰਨਾ ਬੰਦ ਕਰਨ ਤੇ ਜੋ ਹੱਲ ਬਣਦਾ ਉਹਦੀ ਦਿਸ਼ਾ ਵਿੱਚ ਅੱਗੇ ਵਧਣ' ਧਰਨੇ ਵਿਚ ਖੜ੍ਹੇ ਸਾਰੇ ਲੋਕਾਂ ਨੇ ਉੱਚੀ ਅਵਾਜ਼ ਵਿੱਚ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ।

ਚਾਰੇ ਪਾਸੇ ਹੁਣ ਪੁਲੀਸ ਦੀਆਂ ਜੀਪਾਂ-ਵੈਨਾਂ ਆ ਕੇ ਰੁਕ ਗਈਆਂ। ਉਹਨਾਂ ਨੇ ਕੋਸ਼ਿਸ਼ ਕੀਤੀ ਕਿ ਮਹੌਲ ਕਿਸੇ ਵੀ ਤਰ੍ਹਾਂ ਵਿਗੜੇ ਨਾ।

ਕੈਪਟਨ ਨੇ ਡੀ.ਆਈ.ਜੀ. ਨੂੰ ਕਾਲ ਕਰਕੇ ਸਾਰੀ ਗੱਲ ਸਮਝਾ ਦਿੱਤੀ, 'ਏਹ ਮੇਰਾ ਵੋਟ ਬੈਂਕ ਐ... ਤੇ ਮੇਰੀ ਬਰਾਦਰੀ ਐ, ਕਿਸੇ ਦੀ ਬੇਕਦਰੀ ਨਹੀਂ ਹੋਣੀ ਚਾਹੀਦੀ, ਨਹੀਂ ਤਾਂ ਫੇਰ ਜੋ ਕਰੋਗੇ ਉਹਦੇ ਨਤੀਜੇ ਭੁਗਤਣ ਲਈ ਰਾਜ਼ੀ ਹੋ ਜਾਇਓ...'

ਕੈਪਟਨ ਇੱਥੇ ਆਪਣੀ ਸੀਟ ਪੱਕੀ ਕਰਕੇ ਕਾਰ ਵਿੱਚ ਸਵਾਰ ਹੋ ਕੇ ਦਿੱਲੀ ਵੱਲ ਨੂੰ ਰਵਾਨਾ ਹੋ ਗਿਆ। ਕੁਝ ਵਿਦੇਸ਼ੀ ਕੰਪਨੀਆਂ ਨਾਲ਼ ਮੀਟਿੰਗ ਸੀ। ਜਿੰਨ੍ਹਾਂ ਵਿੱਚ ਆਪਣੀ ਹਿੱਸੇਦਾਰੀ ਦਾ ਲੇਖਾ-ਜੋਖਾ ਕਰਨਾ ਸੀ।

ਕੈਪਟਨ ਚੰਗੀ ਤਰ੍ਹਾਂ ਜਾਣਦਾ ਸੀ ਕਿ ਜੇਕਰ ਏਥੇ ਕਿਸਾਨਾਂ 'ਤੇ ਲਾਠੀਚਾਰਜ ਹੋ ਗਿਆ ਤਾਂ ਉਨਾਂ ਨੇ ਆਉਣ ਵਾਲ਼ੀ ਚੋਣ ਵਿੱਚ ਇੱਕ ਖੋਟੀ ਵੋਟ ਵੀ ਨਹੀਂ ਪਾਉਣੀ। ਏਸ ਜਾਟ ਭਾਈਚਾਰੇ ਕਰਕੇ ਹੀ ਉਹ ਹੁਣ ਸੰਸਦ ਵਿੱਚ ਕੁਰਸੀ ਡਾਹ ਕੇ ਬੈਠਾ ਸੀ।

ਤਰਲੋਚਨ ਨੇ ਫਿਰ ਆਪਣੇ ਏਸ ਸੰਘਰਸ਼ ਦੀ ਰੂਪ ਰੇਖਾ ਬਿਆਨ ਕੀਤੀ, 'ਅਸੀਂ ਸਿਰਫ਼ ਸਰਕਾਰ ਨੂੰ ਵੀਹ ਦਿਨ ਦਿੱਤੇ ਐ... ਏਨੀ ਉਡੀਕ ਹੀ ਕਰ ਸਕਦੇ

ਹਾਂ, ਉਸਤੋਂ ਚਾਰ ਦਿਨ ਬਾਦ ਹੀ ਅਸੀਂ ਜਾਟ ਭਰਾ ਰਲ ਕੇ ਮੀਟਿੰਗ ਕਰਾਂਗੇ ਤੇ ਫੇਰ ਅਗਲੇ ਸੰਘਰਸ਼ ਦੀ ਰਣਨੀਤੀ ਬਣਾਈ ਜਾਵੇਗੀ...'

'ਇਨਕਲਾਬ ਜ਼ਿੰਦਾਬਾਦ...'

ਭੀੜ ਵਿੱਚ ਕੁਝ ਅਵਾਜ਼ਾਂ ਤਾਂ ਨਾਅਰੇ ਵਿੱਚ ਉੱਚੀਆਂ ਹੋਈਆਂ ਪਰ ਜਿਹੜੇ ਨਵੀਂ ਉਮਰ ਦੇ ਮੁੰਡੇ ਸੀ, ਉਨਾਂ ਨੇ ਆਪਣੀ ਅਵਾਜ਼ ਵਿੱਚ ਸਾਫ਼ ਇਨਕਾਰ ਕਰ ਦਿੱਤਾ, 'ਨਹੀਂ... ਏਹ ਸਾਨੂੰ ਨਹੀਂ ਮਨਜ਼ੂਰ'

'ਕਿਉਂ...।'

'ਨਹੀਂ ਮਨਜ਼ੂਰ... ਜੋ ਵੀ ਆਰ-ਪਾਰ ਦੀ ਲੜਾਈ ਹੋਣੀ ਐਂ ਉਹ ਹੁਣੇ ਤੋਂ ਹੀ ਸ਼ੁਰੂ ਹੋਵੇਗੀ... ਹੋਰ ਕਿੰਨੀ ਕੁ ਜਲਾਲਤ ਅਸੀਂ ਆਪਣੇ ਸਿਰ ਝੱਲਣੀ ਐਂ, ਹੋਰ ਕਿੰਨੀ ਕੁ ਪੱਗ ਜੱਟ ਭਰਾਵਾਂ ਦੀ ਏਨਾਂ ਬੁੱਚੜਾਂ ਦੇ ਪੈਰਾਂ ਵਿੱਚ ਰੋਲਣੀ ਐ...'

ਇਹ ਗੱਲ ਸੰਦੀਪ ਤੇ ਉਹਦੇ ਸਾਥੀ ਮਨੋਜ ਜੈਨ ਨੇ ਪੂਰੇ ਗ਼ੁੱਸੇ ਭਰੇ ਲਹਿਜ਼ੇ ਨਾਲ਼ ਐਲਾਨ ਕਰ ਕੇ ਆਖ ਦਿੱਤੀ।

ਚਾਰੇ ਪਾਸੇ ਚੁੱਪ ਛਾ ਗਈ।

ਫ਼ੀਟੀ ਤਲ਼ੀ ਉੱਤੇ ਜ਼ਰਦਾ ਮਲ ਕੇ, ਉਹਨੂੰ ਹੱਥ ਨਾਲ਼ ਥਾਪੜ ਕੇ ਜਦ ਮੂੰਹ ਵਿੱਚ ਚੂੰਡੀ ਭਰ ਕੇ ਲਾਉਣ ਲੱਗਿਆ ਤਾਂ ਉਹਦਾ ਤਾੜੀ ਵਰਗਾ ਖੜਾਕ ਸੁਣ ਕੇ, ਸਾਰਿਆਂ ਨੇ ਹੀ ਤਾੜੀਆਂ ਮਾਰ ਦਿੱਤੀਆਂ।

ਤਾੜੀਆਂ ਦੀ ਅਵਾਜ਼ ਸੁਣ ਕੇ ਜ਼ਰਦੇ ਨੂੰ ਛੇਤੀ ਨਾਲ਼ ਜਬਾੜੇ 'ਚ ਲਾ ਕੇ ਉਹ ਵੀ ਨਾ ਸਮਝੀ ਵਿੱਚ ਤਾੜੀ ਮਾਰਨ ਲੱਗ ਪਿਆ।

ਜਿੰਨੇ ਵੀ ਕਾਲਜਾਂ ਦੇ ਨੌਜਵਾਨ ਮੁੰਡੇ ਸੀ, ਜਿੰਨਾਂ ਦੀਆਂ ਨਾੜਾਂ ਵਿੱਚ ਤੱਤਾ ਲਹੂ ਵਗਦਾ ਸੀ, ਉਹਨਾਂ ਨੇ ਆਪਣੀ ਜ਼ਿੱਦ ਨਾਲ਼ ਸੰਦੀਪ ਦੀ ਮੂੰਹੋਂ ਕੱਢੀ ਗੱਲ 'ਤੇ ਪਕੀ ਮੋਹਰ ਲਾ ਦਿੱਤੀ।

'ਸੰਦੀਪ ਭੁੱਲਰ...'

'ਜ਼ਿੰਦਾਬਾਦ... ਜ਼ਿੰਦਾਬਾਦ...'

ਸੰਦੀਪ ਨੇ ਮੌਕਾ ਵੇਖ ਕੇ ਧਰਨੇ ਦੀ ਸਾਰੀ ਵਾਗਡੋਰ ਆਪਣੇ ਹੱਥ ਵਿੱਚ ਕਰਨ ਲਈ ਨਵਾਂ ਨਾਅਰਾ ਲਗਾ ਦਿੱਤਾ, 'ਤੁਸੀਂ ਮੈਨੂੰ ਖ਼ੂਨ ਦਿਓ... ਮੈਂ ਤੁਹਾਨੂੰ ਆਰਕਸ਼ਨ ਦੇਵਾਂਗਾ...'

ਤਰਲੋਚਨ ਸਿਰਫ਼ ਆਪਣੇ ਵੱਡੀ ਉਮਰ ਦੇ ਸਾਥੀਆਂ ਨਾਲ਼ ਇੱਕ ਦਰਸ਼ਕ ਬਣ ਕੇ ਹੀ ਰਹਿ ਗਿਆ। ਉਹਦੇ ਅੰਦਰ ਏਸ ਧਰਨੇ ਦੀ ਪ੍ਰਧਾਨਗੀ ਹੱਥਾਂ ਵਿੱਚੋਂ ਖੋਹੀ ਜਾਣ ਦਾ ਦੁਖ ਵੀ ਸੀ। ਇਹ ਦੁੱਖ ਨੂੰ ਧਰਨੇ ਵਿੱਚ ਬੈਠੇ ਸਾਰੇ ਲੋਕਾਂ ਨੂੰ ਕਿਸਾਨਾਂ ਦੇ ਦੁੱਖ ਦੀ ਤਰ੍ਹਾਂ ਜਾਪਿਆ।

ਉਹ ਆਪਣੇ ਸਾਥੀਆਂ ਨਾਲ਼ ਧਰਨੇ ਦੇ ਇੱਕ ਪਾਸੇ ਸਿਰ ਜੋੜ ਕੇ ਰਾਇ

ਕਰਨ ਲੱਗਿਆ ਤੇ ਬੋਲਿਆ, 'ਹੁਣ ਆਪਣੇ ਕੋਲ਼ ਕੋਈ ਚਾਰਾ ਨਹੀਂ, ਏਨਾਂ ਜਵਾਨਾਂ ਦੀ ਸਾਨੂੰ ਮੰਨਣੀ ਪੈਣੀ ਐ, ਨਹੀਂ ਤਾਂ ਏਹ ਸੰਘਰਸ਼ ਏਥੇ ਹੀ ਦੋਫਾੜ ਹੋ ਜਾਊ, ਕੁਝ ਵੀ ਹੱਥ-ਪੱਲੇ ਨਹੀਂ ਲੱਗਣਾ...'

'ਫੇਰ... ਏਹ ਮਛੋਹਰ ਮੱਤ ਦੇ ਬੰਦਿਆਂ ਨੂੰ ਅੰਦੋਲਨ ਦੀ ਵਾਗਡੋਰ ਦੇਦੀਏ.... ਸਾਡੀ ਸਾਰੀ ਉਮਰ ਲੰਘ ਗਈ-ਅਸੀਂ ਏਸ ਸੰਗਠਨ ਤੇ ਪਾਰਟੀ ਲਈ ਜਵਾਨੀ ਝੋਖਤੀ...।

'ਮੈਂ ਸਮਝਦਾਂ... ਪਰ ਹੁਣ ਖ਼ੁਸ਼ੀ ਖ਼ੁਸ਼ੀ ਏਨਾਂ ਨਾਲ ਚੱਲ-ਪੋ, ਜਿੰਨਾ ਚਿਰ ਸਾਡੇ ਕੋਲ਼ ਏਨਾਂ ਦੇ ਹੱਥੋਂ ਵਾਗਡੋਰ ਖੋਹਣ ਦਾ ਮੌਕਾ ਨਹੀਂ ਮਿਲਦਾ...' ਤਰਲੋਚਨ ਨੇ ਭੀੜ ਵਿੱਚ ਖੜ੍ਹੇ ਹੁੰਦਿਆ ਉੱਚੀ ਅਵਾਜ਼ ਵਿੱਚ ਕਿਹਾ, 'ਸਾਡੀ ਸਹਿਮਤੀ ਐ... ਅੰਦੋਲਨ ਲਈ ਜਾਨ ਵੀ ਵਾਰ ਸਕਦੇ ਆਂ ਅਸੀਂ... ਜਾਟ ਭਾਈਚਾਰਾ... ਜ਼ਿੰਦਾਬਾਦ...'

ਚੜ੍ਹਤ ਸਿੰਘ ਨੇ ਆਪਣੀ ਖ਼ੇਸੀ ਨੂੰ ਫੇਰ ਸਹੀ ਕਰ ਲਿਆ ਤੇ ਪਾਣੀ ਪੀਣ ਲਈ ਸਟੇਜ ਤੋਂ ਉਤਰੇ ਤਰਲੋਚਨ ਨੂੰ ਜਾ ਕੇ 'ਸਾਸਰੀ ਕਾਲ' ਬੁਲਾ ਦਿੱਤੀ। ਉਹਨੇ ਬਾਲਟੀ ਵਿੱਚੋਂ ਚੌਲਾਂ ਦਾ ਬੁੱਕ ਭਰ ਕੇ, ਇੱਕ ਪਿੰਨਾ ਵੱਟ ਲਿਆ ਤੇ ਦੋਵਾਂ ਹੱਥਾਂ ਨਾਲ਼ ਹੀ ਖਾ ਖਾਣ ਲੱਗ ਪਿਆ ਸੀ।

'ਸਾਸਰੀ ਕਾਲ... ਕੀ ਹਾਲ ਨੇ ਮੈਨੂੰ ਬੜੀ ਖ਼ੁਸ਼ੀ ਹੋਈ ਕਿ ਤੁਸੀਂ ਵੀ ਅੰਦੋਲਨ ਵਿੱਚ ਆਪਣਾ ਯੋਗਦਾਨ ਪਾ ਰਹੇ।'

'ਨਹੀਂ...'

'ਫੇਰ...'

'ਮੈਂ ਤਾਂ ਤੁਹਾਨੂੰ ਵੇਖ ਕੇ ਏਧਰ ਆ ਗਿਆ, ਚੱਲੋ ਸੋਚਿਆ ਗੱਲ ਕਰ ਲਵਾਂ, ਤੁਸੀਂ ਐਧਰ ਆ ਜੋ ਪਰਦੇ ਵਿੱਚ ਐਸੀਆਂ ਗੱਲਾਂ ਕੀਤੀਆਂ ਠੀਕ ਰਹਿਣੀਆਂ ਨੇ...' ਚੜ੍ਹਤ ਸਿੰਘ ਨਾਲ਼ ਤਰਲੋਚਨ ਵੀ ਭੀੜ ਦੇ ਪਿਛਲੇ ਪਾਸੇ ਜਾ ਕੇ ਖੜ੍ਹ ਗਿਆ। ਉਹ ਭੀੜ 'ਚੋਂ ਟੱਲੀਆਂ ਮਾਰਦਾ ਏਥੋਂ ਤੀਕ ਆ ਚੁੱਕਾ ਸੀ।

ਤਰਲੋਚਨ ਨੇ ਚੌਲਾਂ ਦਾ ਵੱਡਾ ਸਾਰਾ ਬੁਰਕ ਵੱਢ ਕੇ ਇਸ਼ਾਰੇ ਨਾਲ਼ ਗੱਲ ਕਰਨ ਲਈ ਕਿਹਾ, 'ਹਾਂ... ਹਾਂ...'

'ਉਹੀ ਗੱਲ ਕਰਨੀ ਸੀ, ਜੇ ਸੋਡੇ ਵੱਲੋਂ ਰਿਸ਼ਤਾ ਪੱਕਾ ਹੈ ਤਾਂ ਮੈਂ ਸਕੂਟਰ ਦੀ ਸਾਈ ਦੇ ਦੇਵਾਂ, ਸਸਤਾ ਮਿਲਦਾ, ਨਾਲ਼ੇ ਉਹ ਦੇ ਸਿੱਲਾਂ ਆਲੀ ਘੰਟੀ ਲੱਗੀ ਐ, ਬਸ ਏਹੀ ਰਾਏ ਕਰਨ ਲਈ ਮੈਂ ਥੋਡੇ ਕੋਲ਼ ਆਇਆਂ, ਕੱਲਾ ਕਹਿਰਾ ਕਾਕਾ... ਕੱਲੀ ਕਹਿਰੀ ਮੇਰੀ ਧੀ ਰਾਣੀ... ਦੋਵੇਂ ਆਉਣ ਜਾਣ ਵੇਲ਼ੇ ਸੌਖੇ ਰਹਿਣਗੇ...' ਚੜ੍ਹਤ ਸਿੰਘ ਨੇ ਪੂਰੇ ਚਾਅ ਨਾਲ਼ ਗੱਲ ਪੂਰੀ ਕਰਕੇ ਤਰਲੋਚਨ ਦੇ ਚਿਹਰੇ ਵੱਲ ਕਿਸੇ ਜਵਾਬ ਦੀ ਉਡੀਕ ਵਿੱਚ ਵੇਖਣਾ ਸ਼ੁਰੂ ਕਰ ਦਿੱਤਾ।

ਤਰਲੋਚਨ ਮਨ ਦੇ ਹੋਰ ਹੀ ਭੰਬਲਭੂਸੇ ਵਿੱਚ ਪੈ ਗਿਆ ਕਿ ਇਸ ਮੌਕੇ ਉਹ ਕੀ ਜਵਾਬ ਦੇਵੇ। ਸਭ ਤੋਂ ਪਹਿਲਾਂ ਤਾਂ ਉਹਨੇ ਖੁਦ ਨੂੰ ਕੋਸਿਆ, ਉਹ ਮੁੰਡੇ ਨਾਲ਼ ਕੁੜੀ ਵੇਖਣ ਲਈ ਗਿਆ ਹੀ ਕਿਉਂ... ਉਹਦੀ ਨਜ਼ਰ ਆਪਣੇ ਸਾਥੀ ਵੱਲ ਗਈ ਜੀਹਨੇ ਇਸ਼ਾਰੇ ਨਾਲ਼ ਪੁੱਛਿਆ, 'ਹੁਣ ਕੀ ਕਰੀਏ... ਕੀ ਹੋਊਗਾ'


'ਵੇਖਦੇ ਹਾਂ... ਲੱਗਦਾ ਨਹੀਂ ਕਿਸੇ ਗੱਲੋਂ ਕੋਈ ਨਾਂਹ ਹੋਊਗੀ... ਪਰ ਨਾਂਹ ਦੀ ਤਾਂ ਕੋਈ ਗੁੰਜਾਇਸ਼ ਨਹੀਂ ਬਣਦੀ... ਬਾਕੀ ਹਰ ਮੁੰਡੇ ਦੀ ਆਪਣੀ ਮਰਜ਼ੀ ਹੁੰਦੀ ਐ ਆਪਾਂ ਤਾਂ ਨਾਲ਼ ਆਂ...' ਤਰਲੋਚਨ ਨੇੜੇ ਆ ਢੁੱਕੇ ਸਾਥੀ ਨੂੰ ਸਟੇਜ 'ਤੇ ਖੜ੍ਹ ਕੇ ਮੁੱਛਾਂ ਨੂੰ ਤਾਅ ਦਿੰਦੇ ਸੰਦੀਪ ਵੱਲ ਵੇਖਦਿਆਂ ਜਵਾਬ ਦਿੱਤਾ ਕਿ ਸਰਕਾਰ ਨੂੰ ਹੁਣ 'ਸਾਡੀ ਮੰਨਣੀ ਹੀ ਪੈਣੀ ਹੈ।'

'ਹਾਂ ਜੀ... ਮੁੰਡਾ ਸੋਡੇ ਤੋਂ ਬਾਹਰ ਥੋੜ੍ਹਾ ਹੋਊਗਾ... ਮੈਂ ਸਾਈ ਦੇ ਹੀ ਦਿੰਨਾ ਫੇਰ ਜਾ ਕੇ...' ਚੜ੍ਹਤ ਸਿੰਘ ਨੇ ਤਰਲੋਚਨ ਸਿੰਘ ਨੂੰ 'ਸਾਸਰੀ ਕਾਲ' ਬੁਲਾਈ ਤੇ ਸਾਕ ਨੂੰ ਪੱਕੀ ਹਾਂ ਮੰਨ ਕੇ ਪੂਰੇ ਚਾਅ ਨਾਲ਼ ਇੱਥੋਂ ਚਲਾ ਗਿਆ।

ਉਹਨੂੰ ਆਪਣੇ ਮੋਢਿਆਂ ਤੋਂ ਕਾਫ਼ੀ ਭਾਰ ਹਲਕਾ ਹੋ ਗਿਆ ਜਾਪਿਆ ਪਰ ਘਰ ਵਿੱਚ 'ਕੱਲੇ ਰਹਿਣ ਦਾ ਦਰਦ ਵੀ ਅੱਖਾਂ ਵਿੱਚ ਸੀ। ਖ਼ੁਸ਼ੀ ਫਿੱਕੀ ਪੈ ਗਈ।

'ਧੀ ਤਾਂ ਰਾਣੇ ਮਹਾਂਰਾਣੇ ਨੀਂ ਘਰੇ ਰੱਖ ਸਕੇ... ਏਹ ਤਾਂ ਚਿੱਤ ਕਰੜੇ ਕਰਕੇ ਤੋਰਨੇ ਈ ਪੈਂਦੇ ਐ ਡੋਲੇ...'

ਉਹਨੇ ਸਾਈਕਲ ਨੂੰ ਪੈਡਲ ਮਾਰਦਿਆਂ ਦਿਲ ਨੂੰ ਤਸੱਲੀ ਦਿੱਤੀ।



ਦੀਵਾਲੀ ਦੇ ਦਿਨਾਂ ਵਿੱਚ ਥਾਈ ਵਿੱਚ ਬਹਿ ਕੇ ਪਿੰਡ ਦੇ ਗੱਭਰੂ ਮੁੰਡਿਆਂ ਦਾ ਟੋਲਾ ਜੂਆ ਖੇਡੀ ਜਾਂਦਾ ਸੀ। ਸਾਰਿਆਂ ਦੀਆਂ ਡੱਬਾਂ ਵਿੱਚ ਬੋਤਲਾਂ ਦੱਬੀਆਂ ਸੀ। ਇੱਕ ਸਾਂਝੀ ਬੋਤਲ ਵੀ ਢਾਣੀ ਵਿੱਚ ਘੁੰਮਦੀ ਜਾ ਰਹੀ ਸੀ। ਬਾਜ਼ੀ ਪੂਰੀ ਹੁੰਦੀ ਤਾਂ ਸਾਰੇ ਵਾਰੀ ਨਾਲ਼ ਹਾੜਾ ਲਾਉਂਦੇ। ਨਿੱਕੇ ਨੂੰ ਪਤਾ ਨਹੀਂ ਕੀ ਖੁੜਕੀ ਉਹ ਇਹ ਬਾਜ਼ੀ ਵਿੱਚੇ ਛੱਡ ਕੇ ਘਰ ਨੂੰ ਦਾਰੂ ਨਾਲ਼ ਰੱਜ ਕੇ ਝੂਲਦਾ ਹੋਇਆ ਚਲਾ ਗਿਆ।

ਨਿੱਕਾ ਜਦੋਂ ਚੌਧਰੀ ਦੀ ਹਵੇਲੀ ਕੋਲੋਂ ਆਪਣੀ ਘਰ ਵਾਲ਼ੀ ਗਲ਼ੀ ਪਿਆ ਤਾਂ ਅੱਗੋਂ ਦੀਪੋ ਨਾਲ਼ ਰਾਣੀ ਹੱਥ ਵਿੱਚ ਥਾਲੀ ਫੜ੍ਹ ਕੇ, ਜੀਹਦੇ ਵਿੱਚ ਘਿਉ ਦੇ ਦੀਵੇ ਬਲਦੇ ਪਏ ਸੀ, ਆਉਂਦੀ ਟੱਕਰ ਪਈ। ਉਹਦੀ ਚੁੰਨੀ ਦਾ ਗੋਟਾ ਬਿਨਾ ਧੁੱਪ ਤੋਂ ਵੀ ਚਿਲਕਾਰੇ ਮਾਰਦਾ ਪਿਆ ਸੀ।

ਦੀਪੋ ਉਹਦੀ ਰਮਜ਼ ਸਮਝ ਕੇ ਨਿਖੜ ਕੇ ਥੋੜ੍ਹੀ ਦੂਰ ਅੱਗੇ ਹੋ ਕੇ ਖੜ੍ਹ ਗਈ ਤਾਂ ਜੋ ਰਾਣੀ ਬੇਝਿਜਕ ਹੋ ਕੇ ਆਪਣੇ ਦਿਲ ਦਾ ਗੱਲ ਕਰ ਸਕੇ।

'ਗੱਲ ਸੁਣ ਵੇ ਤੈਨੂੰ ਓਦਣ ਮੈਂ ਚੰਗੀ ਤਰ੍ਹਾਂ ਸਮਝਾਇਆ ਸੀ ਬੰਦਿਆਂ ਵਾਂਙੂ, ਤੈਨੂੰ ਕੋਈ ਸ਼ਰਮ ਹਯਾ ਹੈ ਕੇ ਨਹੀਂ... ਕਿ ਹੁਣ ਤੈਨੂੰ ਬੇਜ਼ਤੀ ਕਰਾ ਕੇ ਈ ਗੱਲ ਸਮਝ ਆਊਗੀ...' ਰਾਣੀ ਨੇ ਧੌਂਸ ਦੇਣ ਦੀ ਕੋਸ਼ਿਸ਼ ਕੀਤੀ।

'ਓਦਣ ਤਾਂ ਮੈਨੂੰ ਤੁਸੀਂ ਕਈ ਗੱਲਾਂ ਸਮਝਾਈਆਂ ਸੀ, ਕੋਈ ਇੱਕ ਗੱਲ ਹੋਵੇ ਤਾਂ ਬੰਦਾ ਚੇਤੇ ਵੀ ਰੱਖੇ... ਤੂੰ ਦੱਸ ਕੇਹੜੀ ਗੱਲ ਦੀ ਗੱਲ ਕਰਦੀ ਐਂ' ਉਹਨੇ ਰਾਣੀ ਦੇ ਕੰਨਾਂ ਵਿੱਚ ਪਾਏ ਕਾਂਟੇ ਵੇਖ ਕੇ ਖ਼ੁਸ਼ੀ ਵੀ ਪ੍ਰਗਟ ਕੀਤੀ, 'ਊਂ ਇੱਕ ਗੱਲ ਦੱਸਾਂ... ਫੇਰ ਕਿਤੇ ਮੈਂ ਭੁੱਲ ਈ ਨਾ ਜਾਵਾਂ.... ਤੇਰੇ ਕਾਂਟੇ ਪਾਏ ਬੜੇ ਫੱਬਦੇ ਐ... ਮੈਂ ਤਾਂ ਗਾਨੀ ਵੀ ਲਿਆਂਦੀ ਸੀ, ਹਾਥੀ ਦੇ ਦੰਦਾਂ ਦੀ ਬਣਾਈ... ਪਰ ਉਦੋਂ ਯਾਦ-ਚੇਤੇ ਈ ਨਹੀਂ ਰਿਹਾ...'

ਰਾਣੀ ਦੇ ਦਿਲ ਵਿੱਚ ਉਹ ਗਾਨੀ ਲੈਣ ਦਾ ਹਰ ਔਰਤ ਵਾਂਙ ਲਾਲਚ ਜਿਹਾ ਵੀ ਜਾਗਿਆ, ਪਰ ਉਹਨੇ ਆਪਣੀ ਬਦਨਾਮੀ ਤੋਂ ਡਰਦਿਆਂ ਰੋਅਬ ਨਾਲ਼ ਗੱਲ ਕੀਤੀ, 'ਤੂੰ ਅੱਜ ਮੇਰੇ ਗਮ ਵਿੱਚ ਤਾਂ ਨਹੀਂ ਪੀ ਈ ਫਿਰਦਾ, ਜੇ ਮੇਰਾ ਨਾਂ ਲੈ ਕੇ ਤੂੰ ਲਲਕਾਰਾ ਮਾਰਤਾ ਨਾ ਮੇਰੀ ਮਿੱਟੀ ਪੱਟੀ ਜਾਣੀ ਐਂ... ਫੇਰ ਮੈਂ ਤੇ ਮੜ੍ਹੀ ਵੀ ਉਸੇ ਦਿਨ ਬਣਾ ਕੇ ਹਟੂੰ... ਤੇਰੇ ਸਿਰ ਚੜ੍ਹ ਕੇ ਮਰੂੰ...'

'ਭੋਲੀਏ ਮੈਂ ਤਾਂ ਤੇਰੇ ਲੜ ਲੱਗ ਕੇ ਮਰਨ ਨੂੰ ਫਿਰਦਾਂ ਤੂੰ ਹੋਰ ਈ ਗੱਲਾਂ ਕਰੀ ਜਾਨੀ ਐਂ, ਜੱਟ ਦੀ ਜ਼ੁਬਾਨ ਐ ਮੇਰੇ ਲਲਕਰਿਆਂ ਵਿੱਚ ਤੇਰਾ ਨਾਂ ਨਹੀਂ ਆਉਂਦਾ...'

'ਪੀ ਤਾਂ ਮੇਰੇ ਗ਼ਮ ਵਿੱਚ ਫਿਰਦਾ... ਮੈਂ ਤਾਂ ਮੁਸ਼ਕ ਸੁੰਘ ਕੇ ਦੱਸ ਦਿੰਨੀ ਐਂ.... ਹਾਂ ਵੇਖ ਤੇਰੇ ਹੱਥ ਆਲ਼ੀ ਬੋਤਲ ਤੇ ਵੀ ਰਾਣੀ ਲਿਖਿਆ...' ਰਾਣੀ ਨੇ ਸੱਜੇ ਹੱਥ ਨਾਲ਼ ਦੀਵਿਆਂ ਨਾਲ਼ ਭਰੀ ਥਾਲੀ ਬੋਚ ਕੇ ਬੋਤਲ ਆਲਾ ਹੱਥ ਫੜ ਕੇ ਹਿਲਾਇਆ, 'ਆ ਵੇ... ਤੇਰੀ ਪੀਣੀ ਤੋਂ ਡਰ ਲੱਗਦਾ...'

'ਤੂੰ ਕਾਤੋਂ ਡਰਦੀ ਐ ਰਾਣੀ ਤੇਰੇ ਪਿੱਛੇ ਤਾਂ ਮੈਂ ਦੁਨੀਆ ਡਰਾ ਕੇ ਰੱਖਦੂੰ, ਜੇ ਤੂੰ ਮੂੰਹੋਂ ਬੋਲ ਕੱਢੇ ਤਾਂ ਮੈਂ ਜਾ ਕੇ ਸ਼ਹਿਰ ਆਲੇ ਧਰਨੇ ਵਿੱਚ ਸ਼ਹੀਦੀ ਦੇਦੂੰ ਤੇਰਾ ਨਾਂ ਲੈ ਕੇ... ਫਾਹੇ ਲੱਗਜੂੰ... ਮੇਰੇ ਵਰਗੇ ਬੰਦੇ ਤੇਰੇ ਜਿਹੀ ਤੀਵੀਂ ਦੇ ਇਸ਼ਕ ਨੂੰ ਤੇ ਦੇਸ਼ ਨੂੰ ਘੱਟ ਈ ਰਾਸ ਆਉਂਦੇ ਐ ਰਾਣੀ... ਕਦੇ ਦਿਲ ਕਰਦਾ ਮੈਂ ਤੈਨੂੰ ਬੁੱਢੀ ਹੋਈ ਨਹੀਂ ਵੇਖ ਸਕਦਾ... ਮੈਂ ਪਹਿਲਾਂ ਈ ਮਰਜਾਂ...।

'ਮਰ ਜਾ ਫੇਰ... ਮੇਰੇ ਕਿਉਂ ਹਲਕ 'ਚ ਤੋੜ ਬਣ ਕੇ ਅੜਿਆ ਪਿਆ...!' ਰਾਣੀ ਨੂੰ ਗ਼ੁੱਸਾ ਆਇਆ ਤੇ ਉਹਨੇ ਨਿੱਕੇ ਨੂੰ ਕਾਲਰ ਤੋਂ ਫੜ ਲਿਆ।

'ਮੇਰਾ ਟੱਬਰ ਰੁਲਜੂ... ਬੀਬੀ-ਭਾਪਾ... ਜਿਵੇਂ ਤੇਰੇ ਪਿੱਛੇ ਮੈਂ ਰੁਲਦਾ ਫਿਰਦਾਂ, ਤੂੰ ਤਾਂ ਦਿਲ ਦੀ ਚੰਗੀ ਐਂ, ਜੇੜਾ ਬੇਜ਼ਤੀ ਕਰਨ ਦੇ ਪੱਜ ਨਾਲ ਮੇਰਾ ਹਾਲ-ਚਾਲ ਪੁੱਛ ਲੈਣੀ ਐਂ, ਚਾਰ ਬੋਲ ਸਾਂਝੇ ਕਰਨ ਲੈਣੀ ਐਂ, ਉਨ੍ਹਾਂ ਦੀ ਤਾਂ ਕਿਸੇ ਨੇ ਬਾਤ ਨਹੀਂ ਪੁੱਛਣੀ... ਅੱਛਾ ਮੇਰੀ ਫਰਿਆਦ ਐ, ਜੇ ਮੈਨੂੰ ਤੇਰੇ ਗ਼ਮ 'ਚ ਕੁਝ ਹੋ ਗਿਆ ਨਾ ਮੇਰੇ ਬੀਬੀ-ਭਾਪੇ ਦੀ ਰੋਟੀ ਪੱਕਾ ਕੇ ਦੇਜਿਆ ਕਰੀਂ... ਸਵਾ ਕਿੱਲਾ ਜੱਟ ਕੋਲ਼ ਤੇ ਘਰੇ ਪਾਣੀ ਆਲ਼ੀ ਮੋਟਰ ਲੱਗੀ ਐ ਨਲਕੇ ਤੇ... ਐਸ਼ ਕਰੇਂਗੀ...' ਉਹਨੇ ਜੋਗੀ ਦੇ ਘਰ ਵੱਲ ਲੰਮੀ ਬਾਂਹ ਕਰਕੇ ਬੜਕ ਮਾਰੀ, 'ਆਹ ਜੀਹਦੇ ਪਿੱਛੇ ਤੂੰ ਪੈਰਾਂ ਦੀਆਂ

ਤਲੀਆਂ ਘਸਾਉਂਦੀ ਫਿਰਦੀ ਐਂ, ਉਹਦੀ ਮਾਂ ਸਾਡੇ ਘਰੇ ਈ ਲੀੜੇ ਧੋਣ ਆਉਂਦੀ ਐ... ਜੇ ਤੂੰ ਅਜੇ ਵੀ ਮੇਰੀ ਨਹੀਂ ਹੋਣਾਂ ਤਾਂ ਤੇਰੀ ਮਰਜ਼ੀ...'

'ਮੇਰੀ ਮਰਜ਼ੀ ਕਿੱਥੇ ਐ... ਮਾੜੇ ਕਰਮ ਲਿਖਾ ਕੇ ਆਈ ਆਂ... ਨਾ ਭਰਾ ਬਚਿਆ ਕੋਈ, 'ਕੱਲੀ ਤੁਰੀ ਫਿਰਦੀ ਆਂ... ਲੋਕੀਂ ਲੱਖਾਂ ਵਸਦੇ ਐ ਨਿੱਕਿਆ ਪਰ ਮੈਂ 'ਕੱਲੀ ਰਹਿਗੀ... ਮੈਂ ਆਪ ਨੂੰ ਤੇਰੀ ਨਹੀਂ ਹੋਣ ਦੇਣਾ ਤੇ ਜੱਗ ਨੇ ਜੋਗੀ ਨੂੰ ਮੇਰਾ ਨਹੀਂ ਹੋਣ ਦੇਣਾ...' ਰਾਣੀ ਅੱਖਾਂ ਵਿੱਚ ਹੰਝੂਆਂ ਦੀ ਸਲਾਬ ਲੈ ਕੇ ਦੀਪੋ ਨਾਲ਼ ਰਲ ਕੇ ਪਿੱਪਲ ਤੇ ਦੀਵਾ ਬਾਲਣ ਲਈ ਚਲੀ ਗਈ।

ਪਿੱਪਲ ਦੇ ਥੱਲ੍ਹੇ ਬਣੇ ਥੜ੍ਹੇ 'ਤੇ ਪਿੰਡ ਦੀਆਂ ਔਰਤਾਂ ਗੋਹਾ ਮਿੱਟੀ ਲਾ ਰਹੀਆਂ ਸੀ। ਨਿਆਣੇ ਉੱਥੇ ਪ੍ਰਸ਼ਾਦ ਦੇ ਰੂਪ ਵਿੱਚ ਕੋਈ ਖਾਣ ਵਾਲ਼ੀ ਚੀਜ਼ ਮਿਲਣ ਦੀ ਆਸ ਵਿੱਚ ਸਿਰ ਤੇ ਰੁਮਾਲ ਲੈ ਕੇ ਬੈਠੇ ਸੀ। ਰਾਣੀ ਨੇ ਜਾ ਕੇ ਬਲਦੇ ਦੀਵੇ ਨੂੰ ਪਿੱਪਲ ਦੇ ਮੁੱਢ ਵਿੱਚ ਧਰਿਆ ਤਾਂ ਨੀਵੀਂ ਪਾਉਣ ਕਰਕੇ ਉਹਦੇ ਹੰਝੂ ਤਿਪ-ਤਿਪ ਕਰਕੇ ਦੀਵੇ ਵਿੱਚ ਡਿੱਗ ਪਏ। ਕਿੰਨਾ ਚਿਰ ਹੀ ਉਵੇਂ ਹੱਥ ਜੋੜ ਕੇ ਡੁਸਕਦੀ ਰਹੀ।

'ਕੁੜੀਏ ਜੇ ਮੱਥਾ ਟੇਕ ਲਿਆ ਤਾਂ ਪੁੱਤ ਥੱਲੇ ਆਜਾ...'

ਰਾਣੀ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਕਿੰਨੀਆਂ ਹੀ ਔਰਤਾਂ ਹੱਥਾਂ ਵਿੱਚ ਥਾਲੀਆਂ ਫੜ ਕੇ, ਮੱਥਾ ਟੇਕ ਕੇ ਦੀਵਾ ਬਾਲਣ ਦੀ ਵਾਰੀ ਉਡੀਕ ਕਰ ਰਹੀਆਂ ਸੀ। ਪਿੱਪਲ ਨਾਲ਼ ਖੰਮਣੀ ਬੰਨ ਕੇ ਰਾਣੀ ਆਈ ਤੇ ਥਾਲੀ ਵਿੱਚ ਰੱਖੇ ਲੱਡੂਆਂ ਦੇ ਭੋਰ ਨੂੰ ਸਭ ਵਿੱਚ ਵਰਤਾ ਦਿੱਤਾ।

ਪਰ ਕੁਝ ਜਵਾਕਾਂ ਨੇ ਪ੍ਰਸ਼ਾਦ ਲੈਣ ਤੋਂ ਮਨਾ ਕਰ ਦਿੱਤਾ ਕਿਉਂਕਿ ਉਨ੍ਹਾਂ ਨੇ ਬਾਬੇ ਮਿਲਖ਼ੀ ਦੀ ਥਾਲੀ ਵਿੱਚ ਬਰਫ਼ੀ ਦੇ ਟੁਕੜੇ ਵੇਖ ਲਏ ਸੀ। ਉਹ ਲੱਡੂ ਖਾ ਕੇ ਢਿੱਡ ਨਹੀਂ ਸੀ ਭਰਨਾ ਚਾਹੁੰਦੇ।

ਰਾਣੀ ਏਨੀ ਫੁਰਤੀ ਨਾਲ਼ ਏਸ ਪਿੱਪਲ ਕੋਲ਼ੋਂ ਆਪਣੇ ਘਰ ਵੱਲ ਗਈ ਕਿ ਉਹ ਨਾਲ਼ ਆਈ ਦੀਪੋ ਤੋਂ ਕਿੰਨੀ ਵਿੱਥ ਪਾ ਗਈ। ਘਰ ਵਿੱਚ ਵੜਨ ਤੋਂ ਪਹਿਲਾਂ ਉਹਦੀ ਨਜ਼ਰ ਆਪ-ਮੁਹਾਰੇ ਹੀ ਜੋਗੀ ਦੇ ਘਰ ਵੱਲ ਚਲੀ ਗਈ। ਜੋਗੀ ਆਪਣੇ ਮੋਢੇ 'ਤੇ ਸੁੱਕੀ ਲੱਕੜ ਦਾ ਮੁੱਡ ਚੱਕ ਕੇ ਘਰ ਵੜਦਾ ਵਿਖਾਈ ਦਿੱਤਾ।

ਰਾਣੀ ਨੇ ਬੂਹੇ ਵਿੱਚ ਦੀ ਅੰਦਰ ਭਰਾ ਬਣ ਕੇ ਖੜ੍ਹੇ ਅੰਬ ਦੇ ਬੂਟੇ ਕੋਲ਼ ਜਾ ਕੇ ਮੱਥਾ ਟੇਕਿਆ। ਤੇ ਉਹਦੀ ਹੇਠਾਂ ਲਮਕੀ ਟਾਹਣੀ ਦੇ ਪੱਤਿਆਂ ਨਾਲ਼ ਸਿਰ ਪਲੋਸ ਕੇ ਅਸ਼ੀਰਵਾਦ ਲਿਆ। ਪੱਤੇ ਤੇ ਥਾਲੀ ਵਿਚੋਂ ਹਲਦੀ ਤੇ ਚੌਲ ਦਾ ਟਿੱਕਾ ਲਾ ਕੇ ਪਿਆਰ ਦਿੱਤਾ। ਥਾਲੀ ਲੈ ਕੇ ਜਦ ਚੜ੍ਹਤ ਸਿੰਘ ਕੋਲ਼ ਪ੍ਰਸ਼ਾਦ ਦੇਣ ਲਈ ਗਈ ਤਾਂ ਉਹ ਵਿਹੜੇ ਵਿੱਚ ਬੈਠਾ ਬੰਦੂਕ ਦੇ ਬੱਟ ਦਾ ਪੇਚ ਚਾਕੂ ਦੀ ਨੋਕ ਨਾਲ਼ ਕਸਦਾ ਪਿਆ ਸੀ। ਜੀਹਦੇ ਵੱਲ ਉਹ ਦਾ ਧਿਆਨ ਉੱਕਾ ਵੀ ਨਹੀਂ ਸੀ ਗਿਆ। ਮੰਜੇ ਦੇ ਪਾਵੇ ਤੇ ਰੌਂਦਾਂ ਆਲ਼ਾ ਪਟਾ ਲਟਕ ਰਿਹਾ ਸੀ।

'ਬਾਪੂ...'

'ਹਾਂ... ਅੱਛਾ...!' ਚੜ੍ਹਤ ਸਿੰਘ ਨੇ ਮੂੰਹ ਖੋਲ੍ਹ ਕੇ ਉਹਦੇ ਅੱਗੇ ਕਰ ਦਿੱਤਾ ਕਿ ਰਾਣੀ ਨੇ ਥਾਲੀ ਵਿੱਚ ਪਏ ਲੱਡੂਆਂ ਦੇ ਭੋਰ ਨੂੰ ਫੇਰ ਨਿੱਕੇ ਜਿਹੇ ਲੱਡੂ ਵਿੱਚ ਵੱਟ ਕੇ ਉਹਦੇ ਮੂੰਹ ਵਿੱਚ ਪਾ ਦਿੱਤਾ।

ਬਟ ਦਾ ਪੇਚ ਕਸ ਕੇ ਚੜ੍ਹਤ ਸਿੰਘ ਨੇ ਇਹਦੇ ਨਾਲ਼ ਨਿਸ਼ਾਨਾ ਸਿੰਨ ਕੇ ਵੇਖਿਆ ਤਾਂ ਗਲ਼ੀ ਵਿੱਚੋਂ ਲੰਘਦੇ ਭੂਚਰਾ ਬੰਦੂਕ ਵੇਖ ਕੇ ਡਰ ਗਿਆ।

'ਵੇਖੀ ਉਏ ਚਾਚਾ... ਐਵੇਂ ਨਾ ਘੋੜਾ ਦੱਬ ਦੀਂ... ' ਭੂਚਰੇ ਦੀ ਜਿਵੇਂ ਜਾਨ ਹਲਕ ਵਿੱਚ ਆ ਗਈ ਸੀ। ਉਹਨੇ ਫਿਰ ਪਿੱਛੇ ਮੁੜ ਕੇ ਨਹੀਂ ਵੇਖਿਆ ਤੇ ਜਿਹੜਾ ਕੰਮ ਕਰਨ ਲਈ ਉਹ ਏਧਰ ਆਇਆ ਸੀ ਉਹ ਵੀ ਭੁੱਲ ਗਿਆ।

ਚੜ੍ਹਤ ਸਿੰਘ ਨੇ ਬੰਦੂਕ ਦੀ ਨਾਲ਼ ਵਿੱਚ ਉਂਗਲ ਪਾ ਕੇ ਵੇਖਿਆ ਤਾਂ ਜੰਗਾਲ ਦਾ ਖਾਕੀ ਰੰਗ ਉਂਗਲ ਨੂੰ ਲੱਗ ਗਿਆ। ਉਹਨੇ ਚੌਧਰੀ ਨੂੰ ਇੱਕ ਵਾਰ ਬੰਦੂਕ ਸਾਫ਼ ਕਰਦੇ ਵੇਖਿਆ ਸੀ। ਸੋ ਉਹਨੇ ਇੱਕ ਪਤਲੀ ਜਿਹੀ ਮਜਬੂਤ ਤੂਤ ਦੀ ਛਮਕ ਨਾਲ਼ ਟਾਕੀ ਨੂੰ ਫੰਬਾ ਬਣਾ ਕੇ ਬੰਨ ਲਿਆ। ਤੇਲ ਲਾਉਣ ਦੀ ਵਾਰੀ ਆਈ ਤਾਂ ਘਰ ਵਿੱਚ ਤੇਲ ਨਹੀਂ ਸੀ। ਉਹਨੇ ਸੋਚਿਆ ਕਿ ਜੇ ਜੋਗੀ ਦੀ ਮਾਂ ਸਿੰਦਰ ਕੋਲ਼ ਕੱਪੜੇ ਸਿਉਣ ਵਾਲ਼ੀ ਮਸ਼ੀਨ ਹੈ। ਸੋ ਉਹੀ ਤੇਲ ਏਸ ਬੰਦੂਕ ਦੀ ਨਾਲ਼ ਨੂੰ ਲਾਉਣਾ ਠੀਕ ਰਹੂਗਾ।

ਬੰਦੂਕ ਦੇ ਖਿਲਾਰੇ ਉੱਤੇ ਉਹਨੇ ਅੰਦਰੋਂ ਲਿਆ ਕੇ ਚਾਦਰ ਵਿਛਾ ਦਿੱਤੀ ਤੇ ਜੋਗੀ ਦੇ ਘਰ ਅੱਗੇ ਜਾ ਖੜ੍ਹਾ। ਬੂਹੇ ਅੱਗੇ ਸਰ੍ਹੀਂ ਬੰਨਿਆ ਸੀ, ਜੀਹਦੇ ਪੱਤੇ ਤਾਂ ਸੁਕ ਕੇ ਝੜ ਗਏ ਸੀ, ਪਰ ਹੁਣ ਸਿਰਫ਼ ਵਾਣ ਦੀ ਰੱਸੀ ਹੀ ਲਟਕਦੀ ਰਹਿ ਗਈ। ਚਾਰ ਪੰਜ ਇਹਦੇ ਵਿੱਚ ਗੰਢਾਂ ਸੀ।

ਬੂਹਾ ਖੋਲ੍ਹ ਕੇ ਜਦ ਘਰ ਦੇ ਵਿਹੜੇ ਵਿੱਚ ਵੇਖਿਆ ਤਾਂ ਸਿੰਦਰ ਨੇ ਆਪਣੇ ਸਿਰ ਤੇ ਛੇਤੀ ਨਾਲ਼ ਚੁੰਨੀ ਕਰ ਲਈ ਤੇ 'ਸਾਸਰੀ ਕਾਲ' ਬੁਲਾ ਕੇ ਉਹਦੇ ਬੈਠਣ ਲਈ ਕੰਧ ਨਾਲ਼ ਖੜ੍ਹਾ ਕੀਤਾ ਮੰਜਾ ਡਾਹ ਦਿੱਤਾ।

'ਸਾਸਰੀ ਕਾਲ਼ ਭਾਈ, ਮੈਨੂੰ ਦੋ ਕੁ ਘੁੱਟਾਂ ਮਸ਼ੀਨ ਨੂੰ ਲਾਉਣ ਆਲ਼ਾ ਤੇਲ ਤਾਂ ਦਿਆ ਜੇ, ਬੰਦੂਕ ਦੀਆਂ ਨਾਲ਼ਾਂ ਰੈਲੀਆਂ ਕਰਨੀਆਂ ਨੇ, ਪੁੱਛੋ ਨਾ ਸਰਕਾਰ ਦੇ ਮਾੜੇ ਹਾਲ ਈ ਐ... ਕਿਸੇ ਚੀਜ਼ ਦੀ ਵੀ ਖੈਰ-ਗੁਆਹ ਨਹੀਂ...'

'ਬੰਦੂਕ...!' ਸਿੰਦਰ ਨੇ ਇਹ ਲਫਜ਼ ਸੁਣਦਿਆਂ ਹੈਰਾਨੀ ਪ੍ਰਗਟ ਕੀਤੀ ਪਰ ਹੋਰ ਕੋਈ ਸਵਾਲ ਨਹੀਂ ਕੀਤਾ। ਅੰਦਰ ਜਾ ਕੇ ਤੇਲ ਆਲੀ ਕੁੱਪੀ ਲਿਆ ਕੇ ਉਹਦੇ ਹੱਥ ਫੜਾ ਦਿੱਤੀ।

ਚੜ੍ਹਤ ਸਿੰਘ ਨੇ ਸਾਰੇ ਘਰ ਵਿੱਚ ਤੈਰਦੀ ਨਜ਼ਰ ਮਾਰੀ, ਕਿੰਨੇ ਵਰ੍ਹਿਆਂ ਬਾਦ ਏਸ ਘਰ ਵਿੱਚ ਪੈਰ ਪਾਇਆ ਸੀ। ਬਨੇਰੇ ਦੀ ਪਰਦੀ 'ਤੇ ਰੰਗੀਨ ਪੱਤਰਾਂ ਨਾਲ਼ ਦੋ

ਹਜ਼ਾਰ ਦਸ ਲਿਖਿਆ ਸੀ। ਪਰ ਇਹ ਘਰ ਬਹੁਤ ਪੁਰਾਣਾ ਸੀ। ਘਰ ਦੀ ਮੁਰੰਮਤ ਕਰਨ ਵੇਲ਼ੇ ਉਹਨਾਂ ਨੇ ਇਹ ਨੰਬਰ ਲਿਖ ਦਿੱਤੇ ਸੀ। ਹਰ ਕਮਰੇ ਦੇ ਬੂਹੇ ਉੱਤੇ ਕਿਸੇ ਨਾ ਕਿਸੇ ਦੇਵੀ-ਦੇਵਤੇ ਦੀ ਤਸਵੀਰ ਆਲ਼ੀ ਪਲੇਟ ਲੱਗੀ ਸੀ।

ਉਹਨੇ ਆਪਣੇ ਆਪ ਨੂੰ ਹੀ ਕੋਈ ਗੱਲ ਸੁਣਾਉਣ ਲਈ ਹੌਲ਼ੀ ਅਵਾਜ਼ ਵਿੱਚ ਬੋਲਿਆ, 'ਘਰਾਂ ਵਿੱਚ ਖੇੜੇ ਦੀ ਲੁੱਡੀ ਪੈਂਦੀ ਰਹੇ... ਏਹਦੇ ਲਈ ਰੱਬ ਨਾਲ਼ ਬਣਾ ਕੇ ਰੱਖਣੀ ਪੈਂਦੀ ਐ, ਤੀਵੀਂ ਤੋਂ ਬਿਨਾ ਕਿੱਥੇ ਘਰਾਂ 'ਚ ਬਰਕਤ... ਬੰਦੇ ਨੂੰ ਤਾਂ ਏਹ ਨੀ ਪਤਾ ਹੁੰਦਾ ਕਿਹੜੇ ਦੇਵੀ-ਦੇਵਤੇ ਨੂੰ ਖ਼ੁਸ਼ ਰੱਖਣਾ, ਕਿਹਨੂੰ ਘਰੇ ਵਾੜਨਾ... ਖ਼ੈਰ ਆਪਣਾ ਤਾਂ ਰੱਫੜ ਈ ਰਿਹਾ...'

'ਬਾਈ ਕੁੱਝ ਕਿਹਾ, ਤੁਸੀਂ।'

'ਨਹੀਂ ਭਾਈ ਮੈਂ ਤਾਂ ਆਪਣੇ-ਆਪ ਨਾਲ਼ ਗੱਲ ਜੀ ਕਰਦਾ, ਕਈ ਗੱਲਾਂ ਆਵਦੇ ਨਾਲ਼ ਈ ਕਰਨ ਆਲ਼ੀਆਂ ਹੁੰਦੀਆਂ... ਕਿਉਂ ਬਈ ਚੋਬਰਾ ' ਚੜ੍ਹਤ ਸਿੰਘ ਨੇ ਕੰਧ ਨਾਲ਼ ਢੋਆ ਲਗਾ ਕੇ ਜੋਗੀ ਨੂੰ ਹੁੰਗਾਰਾ ਭਰਾਉਣ ਲਈ ਛੇੜਿਆ, 'ਬੋਲਦਾ ਨੀ, ਮੂੰਹ ਜਿਹਾ ਮੋਟਾ ਕਰੀ ਖੜ੍ਹਾਂ... ਮਾਂ ਤੇਰੀ ਤੰਗ ਤਾਂ ਨਹੀਂ ਕਰਦੀ...!'

'ਰਹਿਣ ਦੇ ਯਾਰ ਚਾਚਾ...' ਜੋਗੀ ਨੇ ਮੂੰਹ ਜਿਹਾ ਪਾਸੇ ਨੂੰ ਭੰਵਾ ਲਿਆ।

'ਮੁੰਡਾ ਤਾਂ ਭਾਈ ਤੂੰ ਬਾਹਲਾ ਈ ਔਖਾ ਕਰੀ ਬੈਠੀ ਐਂ'

'ਔਖਾ ਤਾਂ ਔਖਾ ਰਹੇ, ਏਹ ਨੀ ਸੌਖਾ ਹੁੰਦਾ ਮਰ ਕੇ ਵੀ, ਚੰਗੇ ਭਲੇ ਨੂੰ ਪਤਾ ਨਹੀਂ ਕੀ ਸੂਲ ਚੱਲਿਆ ਰਹਿੰਦਾ, ਰੋਜ਼ ਨਵੀਂ ਸਿੰਗੀ ਛੇੜ ਕੇ ਬਹਿ ਜਾਂਦੈ, ਐਦੀਆਂ ਨੀ ਫਰਮੈਸ਼ਾਂ ਪੂਰ ਹੁੰਦੀਆਂ ਮੈਥੋਂ... ਹੁਣ ਆਂਹਦਾ ਮੈਨੂੰ ਮੋਟਰਸਾਈਕਲ ਲਿਆ ਕੇ ਦੇਹ' ਸਿੰਦਰ ਨੇ ਕੱਪੜੇ ਧੋਂਦਿਆਂ ਥਾਪੇ ਨੂੰ ਹੋਰ ਜ਼ੋਰ ਨਾਲ਼ ਮਾਰਨਾ ਸ਼ੁਰੂ ਕਰ ਦਿੱਤਾ।

ਉਹਦੇ ਵੱਜਦੇ ਥਾਪੇ ਕਰਕੇ ਸਰਫ਼ ਦੀ ਝੱਗ ਵਿਹੜੇ ਵਿੱਚ ਬੈਠੇ ਚੜ੍ਹਤ ਸਿੰਘ ਦੇ ਪੈਰਾਂ 'ਤੇ ਵੀ ਆ ਪਈ।

'ਜੇ ਗੁੰਜੇਸ਼ ਐ ਤਾਂ ਭਾਈ ਲੈ ਦਿਉ... ਜੇ ਨਹੀਂ ਤਾਂ ਫੇਰ ਏਹਨੂੰ ਵੀ ਸਮਝਣਾ ਚਾਹੀਦਾ...' ਉਹਨੇ ਦੋਵਾਂ ਧਿਰਾਂ ਦੇ ਪੱਖ ਦੀ ਗੱਲ ਕੀਤੀ।

'ਗੁੰਜੈਸ਼ ਨੂੰ ਤਾਂ ਕੀ ਐ... ਬੰਦਾ ਮਰਦਾ ਸੌ ਅੱਕ ਚੱਬਦਾ ਔਲਾਦ ਲਈ, ਪਰ ਆਹ ਜੇੜ੍ਹਾ ਇਹਦਾ ਪਿਉ ਘਰੇ ਖੜ੍ਹਾ ਸਕੂਟਰ, ਏਹਦਾ ਫੇਰ ਕੀ ਰੋਟ ਪਕਾ ਕੇ ਲੋਕਾਂ 'ਚ ਵੰਡੀਏ...'

ਚੜ੍ਹਤ ਸਿੰਘ ਨੇ ਵਿਹੜੇ ਵਿੱਚ ਹੁਣੇ ਧੋਤੇ ਸਕੂਟਰ ਵੱਲ ਨੀਝ ਨਾਲ ਵੇਖਿਆ। ਧੁੰਦਲਾ ਜਿਹਾ ਪਰਛਾਵਾਂ ਆਪਣਾ ਵੀ ਇਹਦੇ ਵਿੱਚ ਵੇਖਿਆ। ਉਹ ਖ਼ਿਆਲਾਂ ਵਿੱਚ ਰਾਣੀ ਨੂੰ ਉਸ ਦਿਨ ਵੇਖਣ ਆਏ ਮੁੰਡੇ ਨਾਲ਼ ਵੇਖਣ ਲੱਗ ਪਿਆ।

'ਅੱਛਾ ਐਂ ਕਰੋ... ਏਹ ਸਾਨੂੰ ਦੇ ਦੋ... ਕੈ ਰੁਪਈਆਂ ਦਾ ਮੁੱਲ ਵੱਟਣਾ, ਦੱਸੋ....? ਆਪਾਂ ਹੁਣੇ ਸੌਦਾ ਖ਼ਰਾ ਕਰ ਲੈਨੇ ਆਂ'

'ਤੇਥੋਂ ਚਾਚਾ ਕਾਹਦਾ ਮੁੱਲ ਲੈਣਾ... ਜੋ ਤੈਨੂੰ ਠੀਕ ਸਹੀ ਲੱਗੇ ਉਹ ਈ ਦੇਦੀ... ਊਂ ਐਦਾ ਦਸ ਹਜ਼ਾਰ ਮੁੱਲ ਲਾਗਿਐ... ਗਾਣਿਆਂ 'ਚ ਨਾਂ ਆਉਣ ਕਰਕੇ ਏਨਾਂ ਦਾ ਫੈਸ਼ਣ ਫੇਰ ਚੱਲ ਪਿਆ... ਚਲਾ ਚਲਾ ਕੇ ਮੈਂ ਅੱਕ ਗਿਆਂ...!' ਜੋਗੀ ਨੇ ਘਰ ਆਇਆ ਗਾਹਕ ਵੇਖ ਕੇ ਦਿਲ ਵਿੱਚ ਜਸ਼ਨ ਮਨਾਇਆ ਤੇ ਕੰਧ ਕੋਲੋਂ ਤੁਰ ਕੇ ਉਹਦੇ ਕੋਲ਼ ਆ ਕੇ ਖੜ੍ਹ ਗਿਆ।

'ਦੱਸੋ ਭਾਈ ਮਾਂ ਪੁੱਤ ਰਾਏ ਕਰਕੇ...?'

'ਵੇਖਲਾ ਜੋਗੀ ਵਾਕਈ ਦਸ ਹਜ਼ਾਰ ਦੀ ਚੀਜ਼ ਐ, ਕਿਤੇ ਗਵਾਂਢ ਮੱਥੇ ਹੋਰ ਈ ਨਾ ਭਸੂੜੀ ਪਾ ਕੇ ਬਹਿਜੀਂ...'

'ਹਾਂ ਬੀਬੀ ਸੌਂਹ ਲੱਗੇ ਤੇਰੀ... ਏਨੇ 'ਚ ਤਾਂ ਜਦੋਂ ਮਰਜ਼ੀ ਵੇਚਦਿਆਂ ਮੇਰੇ ਆੜੀ ਨੇ ਦੱਸ ਪਾਈ ਸੀ... ਉਹ ਬੈਂਕ 'ਚ ਰੂਪ ਸਿੰਘ ਐ ਨਾਂ ਸ਼ਹਿਰ 'ਚ ਉਹਨੇ ਈ ਲੈਣਾ ਸੀ...' ਜੋਗੀ ਨੇ ਆਪਣੇ ਆਖੇ ਦੀ ਗਵਾਹੀ ਭਰ ਦਿੱਤੀ ਤੇ ਕਦੇ ਦੋ ਕਦਮ ਆਪਣੀ ਮਾਂ ਵੱਲ ਜਾਂਦਾ ਤੇ ਕਦੇ ਚੜ੍ਹਤ ਸਿੰਘ ਵੱਲ, ਸਕੂਟਰ ਵਿਕਣ ਦੇ ਚਾਅ ਵਿੱਚ।

'ਸਕੂਟਰ ਵੇਚ ਕੇ ਮੋਟਰਸਾਇਕਲ ਤੂੰ ਲੈਣਾ ਸੌਹਾਂ ਮੇਰੀਆਂ ਪਾਈ ਜਾਨਾਂ ਨਪੁੱਤੀ ਦਿਆ....' ਸਿੰਦਰ ਕੋਲ਼ ਪਏ ਟੱਬ ਵਿੱਚੋਂ ਗੜਵੀ ਚਾਕੇ ਉਹਦੇ ਗਿੱਟਿਆਂ ਵਿੱਚ ਦੇਹ ਮਾਰੀ। ਗੜਵੀ ਫਰਸ਼ ਤੇ ਵੱਜ ਕੇ ਪਰਾਂ ਸਕੂਟਰ ਨਾਲ਼ ਵੱਜੀ, 'ਫੇਰ ਐਦਾ ਫਾਹਾ ਵੱਢਿਆ ਕਿਉਂ ਨਹੀਂ'

'ਬੱਸ ਥੋੜੇ ਰੁਪਈਆਂ ਦਾ ਈ ਰੌਲਾ ਪੈ ਗਿਆ, ਉਹ ਆਂਹਦਾ ਮੈਂ ਹਜ਼ਾਰ ਘੱਟ ਦੇਣਾ ਮੈਂ ਕਿਹਾ ਦੁੱਕੀ ਨੀ ਘੱਟ ਲੈਣੀ, ਚੱਲ ਊਂ ਤਾਂ ਮੈਂ ਮੰਨ ਵੀ ਜਾਂਦਾ, ਬਸ ਆਵਦੀ ਅਫ਼ਸਰੀ ਦਾ ਰੋਅਬ ਜਿਹਾ ਝਾੜਦਾ ਸੀ... ਅੜ-ਫਸ ਜਿਹੀ 'ਚ ਈ ਸੌਦਾ ਨੀ ਪੂਰ ਚੜ੍ਹਿਆ...'

'ਚੱਲ ਐਂ ਕਰ ਜੇੜ੍ਹਾ ਰੌਲਾ ਉੱਥੇ ਪਿਆ ਸੀ ਉਹ ਬਾਈ ਨਾਲ਼ ਨਵੇੜ ਲੈ... ਨੌਂ ਹਜ਼ਾਰ ਠੀਕ ਐ...' ਸਿੰਦਰ ਨੇ ਆਪਣੇ ਵੱਲੋਂ ਪੂਰੀ ਗੱਲ ਟੁਣਕਾ ਕੇ ਕੀਤੀ।

'ਭਾਈ ਜੋ ਤੂੰ ਕਹਿਤਾ ਸੋ ਕਹਿਤਾ, ਤੇਰਾ ਬੋਲ ਨਹੀਂ ਮੈਂ ਮੋੜ ਸਕਦਾ... ਜਦੋਂ ਰਾਣੀ ਦੀ ਮਾਂ ਮਰਗੀ ਸੀ, ਤੂੰਹੀ ਉਹਨੂੰ ਆਵਦਾ ਦੁੱਧ ਪਿਆਇਆ ਸੀ' ਚੜ੍ਹਤ ਸਿੰਘ ਨੇ ਕਿਸੇ 'ਹਾਂ-ਨਾਂਹ' ਦਾ ਟੈਂਟਾ ਹੀ ਮੁਕਾ ਦਿੱਤਾ। ਉਹਨੂੰ ਦੀਵਾਲੀ ਕਰਕੇ ਮੈਨੇਜਰ ਨੇ ਇੱਕ ਹਜ਼ਾਰ ਰੁਪਏ ਦਿੱਤਾ ਸੀ।

ਸਿੰਦਰ ਦੇ ਇਸ਼ਾਰੇ ਤੇ ਜੋਗੀ ਨੇ ਪੰਜ ਸੌ ਦਾ ਨੋਟ ਫੜ੍ਹ ਕੇ ਉਹਦੀ ਚੁੰਨੀ ਨਾਲ਼ ਲਿਆ ਕੇ ਬੰਨ ਦਿੱਤਾ।

'ਲੈ ਭਾਈ ਐ ਚੀਜ਼ ਅੱਜ ਤੋਂ ਸੋਡੀ ਅਮਾਨਤ ਹੋ ਗਈ ਐ...'

'ਨਹੀਂ ਭਾਈ ਤੇਰ ਮੇਰ ਕੀ... ਏਹ ਕੇੜ੍ਹਾ ਦੁੱਧ ਦਿੰਦਾ ਐ ਬੀ ਕੋਈ ਚੋਅ ਕੇ ਲੈਜੂਗਾ, ਕਿਤੇ ਸਾਡੇ ਘਰੇ ਓਪਰਾ ਈ ਨਾ ਕਰਜੇ... ਐਥੇ ਏਹਦਾ ਜੀਅ ਲੱਗਿਆ,

ਮੈਂ ਆਉਂਦੀ ਤਨਖਾਹ 'ਤੇ ਪੈਸੇ ਦੇ ਕੇ ਇਹਦਾ ਮੁੱਲ ਤਾਰਦੂੰਗਾ ਥੋੜ੍ਹਾ-ਘਣਾ...' ਚੜ੍ਹਤ ਸਿੰਘ ਕੁੱਪੀ ਨੂੰ ਹੱਥ ਵਿੱਚ ਫੜ ਕੇ ਖੜ੍ਹਾ ਹੋ ਗਿਆ, 'ਮੇਰੇ ਲਈ ਤਾਂ ਬਾਹਲੇ ਚਾਅ ਦੀ ਗੱਲ ਐ, ਬਈ ਰਾਣੀ ਦੇ ਪ੍ਰਾਉਣੇ ਲਈ ਜੇੜ੍ਹਾ ਸਕੂਟਰ ਲੱਭੀ ਜਾਂਦੇ ਸੀ ਉਹ ਐਥੋਂ ਈ ਲੱਭ ਗਿਆ, ਹੁਰ ਕੀ... ਧੀ ਦਾ ਦਾਜ ਬਣ ਗਿਆ...'

'ਜੇ ਰਾਣੀ ਦਾ ਨਾਂ ਲਿਆ ਤਾਂ ਫੇਰ ਪੰਜ ਸੌ ਮੇਰੇ ਵੱਲੋਂ ਹੋਰ ਛੱਡਿਆ, ਏਹ ਦੀ ਵੀ ਤਾਂ ਭੈਣਾਂ ਅਰਗੀ ਐ...'

ਆਪਣੀ ਮਾਂ ਦੇ ਮੂੰਹੋਂ ਇਹ ਗੱਲ ਸੁਣ ਕੇ ਜੋਗੀ ਦੇ ਸਾਹ ਖਿੱਚੇ ਗਏ। ਜੇ ਉਹਨੂੰ ਪਤਾ ਹੁੰਦਾ, ਇਹ ਸਕੂਟਰ ਰਾਣੀ ਦੇ ਦਾਜ ਲਈ ਮੰਗਿਆ ਜਾ ਰਿਹਾ ਹੈ ਤਾਂ ਕਦੇ ਵੀ ਹਾਂ ਨਾ ਕਰਦਾ।

'ਬੀਬੀ ਮੈਨੂੰ ਲੱਗਦਾ ਏਸ ਸਕੂਟਰ ਦੇ ਟਾਇਰ ਮਾੜੇ ਐ... ਨਾਲੇ ਲੈਟ ਵੀ ਡਿਮ ਈ ਚੱਲਦੀ ਐ... ਕਾਹਨੂੰ ਰਾਣੀ ਦੇ ਸਾਉਰਿਆਂ ਤੋਂ ਉਲਾਂਭਾ ਲੈਣਾ...' ਜੋਗੀ ਸਿੰਦਰ ਦੀ ਚੁੰਨੀ ਦੇ ਲੜ ਨਾਲ਼ ਬੰਨਿਆ ਨੋਟ ਖੋਲ੍ਹਣ ਲਈ ਅੱਗੇ ਹੀ ਹੋਇਆ ਸੀ ਕਿ ਉਹਨੇ ਥਾਪਾ ਵਿਖਾਉਂਦਿਆਂ, 'ਟਿਕ-ਜਾ ਟਿਕ... ਹੁਣ ਤਾਂ ਜਬਾਨ ਹੋਗੀ ਐ... ਬਥੇਰੀ ਲੈਟ ਐ ਐਦੀ... ਨਵਾਂ ਬਲਬ ਪਵਾ-ਲਾਂਗੇ... ਬਾਈ ਤੂੰ ਨਿਚੰਤ ਰਹੀਂ ਸਕੂਟਰ ਮੈਂ ਟਨਕਾ ਕੇ ਦੇਊਂਗੀ, ਸਾਰੇ ਨੁਕਸ ਕਢਾ ਕੇ...'

ਚੜ੍ਹਤ ਸਿੰਘ ਨੇ ਸਕੂਟਰ ਵੱਲ ਕਿਸੇ ਮੋਹ ਨਾਲ਼ ਵੇਖਿਆ ਤੇ ਫਿਰ ਘਰ ਆ ਕੇ ਬੰਦੂਕ ਨੂੰ ਤੇਲ ਦੇਣ ਲੱਗ ਪਿਆ।

□ □ □

ਸਾਰੇ ਅਗਵਾੜ ਵਿੱਚ ਰਾਤੋ-ਰਾਤ ਇਹ ਗੱਲ ਤੂੜੀ ਦੀ ਪੰਡ ਵਾਂਗ ਖਿੱਲਰ ਗਈ ਕਿ ਚੜ੍ਹਤ ਸਿੰਘ ਨੇ ਆਪਣੇ ਨਾਲ਼ ਰਫ਼ਲ ਰੱਖਣੀ ਸ਼ੁਰੂ ਕਰ ਦਿੱਤੀ।

ਕਿੰਨੇ ਹੀ ਲੋਕਾਂ ਦੀ ਨੀਂਦ ਉੱਡ ਗਈ।

ਕਿਸੇ ਅਣਹੋਣੀ ਦਾ ਡਰ ਸਭ ਦੀਆਂ ਹਿੱਕਾਂ 'ਤੇ ਨਵੀਂ ਮੁਹਾਰਨੀ ਪਾ ਰਿਹਾ ਸੀ।

ਆਪਣੀ ਹੁਣ ਤੱਕ ਦੀ ਜੀਵੀ ਜ਼ਿੰਦਗੀ ਤੇ ਗਹਿਰੀ ਝਾਤ ਮਾਰ ਕੇ ਵੇਖਦੇ ਪਏ ਸੀ। ਕਿਤੇ ਉਹਨਾਂ ਨੇ ਤਾਂ ਨਹੀਂ ਜਾਣੇ ਅਣਜਾਣੇ ਵਿੱਚ ਉਹਦੇ ਨਾਲ਼ ਬਤਮੀਜ਼ੀ ਕੀਤੀ। ਜਿੰਨਾਂ ਨੇ ਕੀਤੀ ਸੀ, ਉਹ ਮਾਫ਼ੀ ਮੰਗਣ ਦੇ ਪੱਜ ਬਣਾਉਣ ਲੱਗ ਪਏ।

ਬੰਦੂਕ ਦਾ ਵੱਖਰਾ ਹੀ ਰੋਅਬ ਸੀ...!!

ਡਰ ਸੀ...!!

'ਸੁਣਿਆ ਜੇ ਸਿਰਹਾਣੇ ਬੰਦੂਕ ਪਈ ਹੋਵੇ ਤਾਂ ਸਾਲਾ ਮੱਛਰ ਨੀ ਲੜਦਾ ਬੰਦੇ ਦਾ ਤਾਂ ਫੇਰ ਮਾਜਰਾ ਈ ਕੀ ਹੁੰਦੈ...!' ਭੁੱਚਰੇ ਨੇ ਸ਼ੇਰੇ ਕੇ ਬੂਹੇ ਅੱਗੇ ਬਲਦੀ ਧੂਣੀ 'ਤੇ ਆਪਣੀ ਗੱਲ ਕੀਤੀ।

'ਏਹ ਤਾਂ ਮੇਰਾ ਸਾਲਾ ਲੋਹਾ ਈ ਬੈੜਾ ਹੁੰਦਾ... ਇਹ ਦੇ ਮੁੱਠੇ ਨੂੰ ਹੱਥ ਪਾਉਂਦਿਆਂ

ਈ ਸਰੀਫ਼ ਬੰਦੇ ਨੂੰ ਆਪਣੇ ਵੈਰ-ਵਿਰੋਧ ਚੇਤੇ ਆਉਣ ਲੱਗ ਪੈਂਦੇ ਐ... ਹਿੱਕ 'ਚ ਪਿੱਤਲ ਭਰ ਕੇ ਈ ਦਮ ਲੈਂਦਾ...' ਸ਼ੇਰੇ ਨੇ ਆਪਣੇ ਕੀਤੇ ਤਜਰਬੇ ਨੂੰ ਦੱਸਿਆ, ਜਦੋਂ ਪਿਛਲੇ ਸਾਲ ਉਹਨੇ ਮੇਲੇ ਤੇ ਗੁਬਾਰੇ ਤੇ ਨਿਸ਼ਾਨੇ ਲਾਉਣ ਆਲੀ ਬੰਦੂਕ ਦੇ ਬੱਟ ਨੂੰ ਆਪਣੀ ਵੱਖੀ ਨਾਲ਼ ਲਾਇਆ ਸੀ। ਉਹਨੂੰ ਆਪਣੇ ਕਿੰਨੇ ਹੀ ਬੰਦੇ ਯਾਦ ਆਏ, ਜਿੰਨ੍ਹਾਂ ਨਾਲ਼ ਉਹਦੀ ਥੋੜ੍ਹੀ ਬਹੁਤੀ ਅੜ ਫਸ ਸੀ। ਪਰ ਫੇਰ ਕੋਈ ਵੀ ਐਸਾ ਕਾਰਣ ਨਹੀਂ ਸੀ ਲੱਭਿਆ ਜੀਹਦੇ ਕਰਕੇ ਉਹ ਕਿਸੇ ਦੀ ਜਾਨ ਲੈ ਲਵੇ।

ਛੀਟੀ, ਜੋ ਚਾਹੇ ਉਮਰ ਵਿੱਚ ਏਨ੍ਹਾਂ ਸਭ ਤੋਂ ਛੋਟਾ ਸੀ, ਪਰ ਰਿਸ਼ਤੇ ਵਿੱਚ ਚਾਚਾ ਲੱਗਦਾ ਸੀ, ਬੋਲਿਆ, 'ਮੈਂ ਜਿਵੇਂ ਸੁਣਿਆ, ਏਹਦੇ ਦੋ ਨਾਲ਼ਾਂ ਨੇ, ਚੌਧਰੀ ਦੀ ਬੰਦੂਕ ਤਾਂ ਇੱਕ ਨਾਲ਼ੀ ਐ... ਏਸ ਸਾਬ ਨਾਲ਼ ਤਾਂ ਬਾਈ ਬੰਦੇ ਨੂੰ ਦੋ ਆਰੀ ਮਾਰਦੀ ਹੋਣੀ ਐਂ... ਕਿ ਨਾ...'

'ਛੀਟੀ ਤੂੰ ਮਾੜਾ ਜਿਹਾ ਬੱਚ ਕੇ ਰਹੀ, ਤੇਰੇ ਪੁੜੇ ਸੇਕੇ ਜਾਣੇ ਐਂ, ਤੇਰੀ ਬੇਲਣ ਦਾ ਕੀ ਨਾਉਂ ਐ, ਉਹ ਪਰਲੀ ਫਿਰਨੀ ਆਲ਼ੀ ਐ ਲੰਮ-ਢੀਂਗ ਜੀ...' ਭੂੱਚਰੇ ਨੇ ਡੱਕੇ ਨਾਲ਼ ਧੂਣੀ ਦੀ ਅੱਗ ਫਰੋਲੀ, ਜੀਹਦੇ ਵਿੱਚ ਤਿੰਨਾਂ ਦੇ ਸਿਰਾਂ ਦੇ ਪਰਛਾਵੇਂ ਪੈ ਰਹੇ ਸੀ।

'ਆਪਣੀ ਬੇਲਣ ਐ... ਦੀਪੋ ਐ... ਦੀਪੋ... ਉਹ ਤਾਂ ਬੱਸ ਕੋਈ ਦਿਨ ਈ ਜਾਂਦਾ ਮੈਂ ਮਨਾ ਕੇ ਈ ਛੱਡਣੀ ਐਂ, ਭਾਵੇਂ ਦੀ ਕੁਝ ਵੀ ਹੋ ਜਾਵੇ ਵੀਰੇ...' ਉਹਨੂੰ ਚੇਤੇ ਕਰਕੇ ਛੀਟੀ ਨੇ ਸ਼ੇਰੇ ਨੂੰ ਜੱਫੀ ਪਾ ਕੇ ਗੱਲ 'ਤੇ ਚੁੰਮਣ ਕਰ ਲਿਆ।

'ਜਿੱਦੇਂ ਤੂੰ ਉਹਨੂੰ ਸਾਗ ਤੋੜਦੀ ਨੂੰ ਪਿੱਛੋਂ ਜੱਫਾ ਮਾਰਿਆ ਸੀ ਨਾ ਉਸੇ ਦਿਨ ਦੀ ਉਹ ਤੈਨੂੰ ਭਾਲਦੀ ਫਿਰਦੀ ਐ, ਮੈਨੂੰ ਵੀ ਸਿਣਿਆ ਲਾਤਾ ਸੀਗਾ, ਬਈ ਆਖਦੀਂ ਆਵਦੇ ਯਾਰ ਨੂੰ ਜਿੱਦੇ ਟੱਕਰ ਗਿਆ ਮੈਂ ਸੀਰਮੇਂ ਪੀ-ਜੂੰਗੀ ਵੱਡੇ ਆਸ਼ਕ ਦੇ...'

'ਮੈਂ ਤਾਂ ਉਹਤੇ ਊਈ ਮਰਿਆ ਪਿਆ ਹੁਣ ਕੀ ਸੀਰਮੇਂ ਪੀਊਗੀ ਮੇਰੇ...' ਛੀਟੀ ਨੇ ਚਾਅ ਵਿੱਚ ਖ਼ੁਦ ਨੂੰ ਜੱਫ਼ੀ ਪਾ ਲਈ ਘੁੱਟ ਕੇ।

'ਤੇਰਾ ਮਰਨ ਆਲ਼ਾ ਚਾਅ ਵੀ ਹੁਣੇ ਪੂਰਾ ਹੋਇਆ ਈ ਲੈ... ਅੱਧੀ ਦੀਵਾਲੀ ਨੀ ਵੇਂਹਦਾ ਬੇਲੀਆ...' ਫੇਰ ਭੂੱਚਰੇ ਨੇ ਸਾਰੀ ਗੱਲ ਉਹਦੇ ਖ਼ਾਨੇ ਪਾਉਣ ਦੀ ਵਿੱਢ ਬਣਾਈ, 'ਦੀਪੋ ਸਹੇਲੀ ਐ ਰਾਣੀ ਦੀ, ਉਹ ਵੀ ਪੱਕੀ ਐ, ਚੜ੍ਹਤ ਸਿੰਘ ਚਾਚਾ ਜੀ ਉਹਨੂੰ ਆਵਦੀ ਧੀ ਨਾਲ਼ੋਂ ਵੱਧ ਈ ਮੰਨਦਾ... ਜੇ ਉਹਨੇ ਕਮਲੀ ਨੇ ਚਾਚੇ ਕੋਲ਼ ਕਮਲ ਮਾਰਤਾ... ਕੇ ਛੀਟੀ ਨੇ ਛੇੜਿਆ ਤਾਂ ਵੇਖ-ਲਾ ਤੇਰੇ ਨਾਲ਼ ਕੀ ਹੋਊਗੀ।'

'ਕੀ ਹੋਊਗੀ ਓਏ... ਨਾਲ਼ੇ ਮੈਂ ਕੇੜ੍ਹਾ ਭੈਣ ਦੇਣਾ ਜੰਮ ਕੇ ਸਿੱਟਿਆਂ, ਮੇਰੀ ਜੜ੍ਹ ਡੂੰਘੀ ਐ... ਸਾਡਾ ਲਾਣਾ ਪਤਾ ਕਿੰਨਾ ਵੱਡਾ... ਜੇ ਆਈ 'ਤੇ ਆਗੇ ਚਪੇੜਿਆਂ ਨਾਲ਼ ਈ ਬੰਦਾ ਕੁੱਟ-ਕੁੱਟ ਕੇ ਮਾਰ ਦੀਏ...' ਛੀਟੀ ਨੇ ਖੜ੍ਹੇ ਹੋ ਕੇ ਆਪਣੀ ਬਾਂਹ ਦੀ ਕਫ਼ ਉੱਪਰ ਚਾੜ੍ਹ ਲਈ।

ਸ਼ੇਰੇ ਨੇ ਬੈਠਿਆਂ ਈ ਝੋਕਾ ਲਗਾ ਕੇ ਫੂਕ ਮਾਰ ਕੇ ਧੂਣੀ ਵਿੱਚ ਲਾਟ ਬਾਲ ਦਿੱਤੀ, 'ਬਹਿਜਾ ਓਏ ਜਾਣਦਾ ਮੈਂ ਸੌਡੇ ਜਿਉਣੇ ਕੇ ਲਾਣੇ ਨੂੰ... ਬੜਾ ਤੇਰਾ ਡਰੋਕਲ ਐ... ਅਜੇ ਵੀ ਆਵਦੀ ਬੀਬੀ ਨਾਲ਼ ਸੌਂਦਾ... ਉਹ ਨੀ ਤੇਰੇ ਕਿਸ਼ਨੇ ਦਾ ਬਦਲਾ ਲੈਂਦਾ ਮੌੜ ਬਣ ਕੇ... ਮੈਂ ਦੱਸਾਂ... ਲਾਣੇ ਦੀ ਧੌਂਸ ਕਾਹਦੀ ਐ ਤੇਰੀ... ਦਾਤੀ ਸੌਨੂੰ ਉਹ ਮੰਗਵੀਂ ਨੀ ਦਿੰਦੇ... ਭੱਜਣ ਨੂੰ ਰਾਹ ਨੀ ਲੱਭਣਾ ਸੌਨੂੰ... ਜੇ ਚੱਲੇ ਕਾਰਤੂਸ ਦਾ ਖੋਖਾ ਵਿਖਾ ਕੇ ਮੂੰਹ ਨਾਲ਼ ਠਾਹ ਕਰਤੀ ਨਾ ਸਾਰਾ ਟੱਬਰ ਇੱਕ-ਦੂਜੇ ਦੀ ਗੋਦੀ ਚੜ੍ਹਦੇ ਫਿਰੋਂਗੇ... ਤੂੰ ਕਜੀਏ 'ਚੋਂ ਜਾਨ ਛੁਡਾਉਣ ਦੀ ਗੱਲ ਕਰ'

ਛੀਟੀ ਆਪਣੀ ਸਮੱਸਿਆ ਦਾ ਹੱਲ ਹੁੰਦਾ ਵੇਖ ਕੇ ਪੈਰਾਂ ਭਾਰ ਹੋ ਕੇ ਬਹਿ ਗਿਆ, 'ਕਿਸੇ ਸਾਬ ਕਢਾਓ ਫੇਰ ਕਜੀਏ 'ਚੋਂ...'

'ਏਹ ਤਾਂ ਭਰਾਵਾ ਹੁਣ ਤੂੰ ਕਿਵੇਂ ਨਾ ਕਿਵੇਂ ਮਿੰਨਤ ਮੁਥਾਜ ਕਰਕੇ ਆਵਦਾ ਚੂਕਣਾ ਬਚਾ ਲੈ, ਉੱਤੋਂ ਆਹ ਭੈਣ ਦੇਣੀ ਸਰਕਾਰ ਨੇ ਖਪੇ ਖ਼ੂਨ ਕੀਤਾ ਪਿਆ, ਸਾਰਾ ਗ਼ੁੱਸਾ ਕਿਤੇ ਤੇਰੇ 'ਤੇ ਨਾ ਨਿਕਲਜੇ ਬਾਈ ਜਿਲ੍ਹਿਆਂ ਦਾ...'

'ਨਾ ਹੁਣ ਕੀ ਕਰਾਂ ਮੈਂ, ਕੱਲੀ ਮਿੰਨਤ ਈ ਐ ਕਰ ਲੈਨੇ ਆਂ...' ਛੀਟੀ ਵਿਚਾਰਾ ਜਿਹਾ ਹੋ ਕੇ ਬੈਠਾ ਰਿਹਾ।

ਹੁਣ ਤਿੰਨਾਂ ਕੋਲ਼ ਕੋਈ ਵੀ ਗੱਲ ਕਰਨ ਲਈ ਨਹੀਂ ਸੀ।

ਅੱਖਾਂ ਵਿੱਚ ਨੀਂਦ ਆਉਣ ਕਰਕੇ ਘੂਕੀ ਚੜ੍ਹਦੀ ਸੀ। ਸੋ ਉਹ 'ਚੰਗਾ ਬਈ ਸੌਂਵੀਏ ਜਾ ਕੇ...' ਕਹਿ ਕੇ ਆਪੋ-ਆਪਣੇ ਘਰਾਂ ਨੂੰ ਤੁਰ ਗਏ। ਪਰ ਛੀਟੀ ਦਾ ਮਨ ਦਾ ਬੋਝ ਏਨਾ ਵਧ ਗਿਆ ਸੀ ਕਿ ਉਹਦੇ ਤੋਂ ਤੁਰਿਆ ਨਹੀਂ ਸੀ ਜਾ ਰਿਹਾ।

ਉਹਨੇ ਆਪਣੀ ਬਾਕੀ ਸਾਰੀ ਰਾਤ ਬਾਹਰ ਮੋਟਰ 'ਤੇ ਕੱਟਣ ਦੀ ਸੋਚੀ।

ਜਦ ਉਹ ਪਿੱਪਲ ਕੋਲ਼ ਦੀ ਲੰਘਣ ਲੱਗਿਆ ਤਾਂ ਉਹ ਦੀਆਂ ਟਾਹਣੀਆਂ ਨਾਲ਼ ਬੰਨ੍ਹੀਆਂ ਕਿੰਨੀਆਂ ਹੀ ਰੱਖੜੀਆਂ ਲਿਸ਼ਕ ਪਈਆਂ ਸੀ। ਜੋ ਪਿੰਡ ਦੀਆਂ ਔਰਤਾਂ ਨੇ ਆਪਣੇ ਪੁੱਤਾਂ ਤੇ ਵੀਰਾਂ ਦੀ ਲੰਮੇਰੀ ਉਮਰ ਲਈ ਦੁਆ ਵਿੱਚ ਬੰਨ੍ਹੀਆਂ ਸਨ। ਇੱਥੇ ਪੱਕੀ ਤਿੱਥ ਸੀ ਕਿ ਜੋ ਵੀ ਕਮੀ ਘਰ ਵਿੱਚ ਹੈ ਉਹੀ ਸੰਗਰਾਂਦ ਨੂੰ ਏਥੇ ਰੱਖ ਜਾਵੇ ਉਹੀ ਮਿਲ ਜਾਂਦੀ ਹੈ।

ਏਥੇ ਕਿੰਨੇ ਹੀ ਖਿਡੌਣੇ ਸੁੱਖ 'ਚ ਰੱਖ ਜਾਂਦੇ ...

ਜੋ ਜਵਾਕ ਚੱਕ ਲੈ ਜਾਂਦੇ।

ਜੀਹਦੇ ਘਰ ਕੋਈ ਲਵੇਰਾ ਨਾ ਹੁੰਦਾ ਉਹ ਸੰਗਲ ਰੱਖ ਦਿੰਦਾ।

ਜੀਹਦੇ ਕੋਈ ਔਲਾਦ ਨਾ ਹੁੰਦੀ ਉਹ ਗੁੱਡੀ-ਪਟੋਲੇ ਦੀ ਜੋੜੀ ਰੱਖ ਜਾਂਦਾ।

ਉਹ ਕਿੰਨਾ ਚਿਰ ਏਸ ਪਿੱਪਲ ਅੱਗੇ ਆਪਣਾ ਨੱਕ ਰਗੜ ਕੇ ਸੁੱਖਾਂ ਸੁੱਖਦਾ ਰਿਹਾ। ਆਪਣੀ ਕੀਤੀ ਭੁੱਲ ਬਖ਼ਸ਼ਾਈ ਗਿਆ। ਕਦੇ ਕਦੇ ਦਿਲ ਵਿੱਚੋਂ ਪਿੱਪਲ ਨੂੰ ਉਲਾਂਭਾ ਵੀ ਦਿੰਦਾ, 'ਬਾਬਾ ਮੈਂ ਤਾਂ ਇਸ਼ਕ 'ਚ ਉਹਨੂੰ ਮੰਗਿਆ ਹੀ ਸੀ, ਲਾਵਾਂ

ਲੈਣ ਨੂੰ ਵੀ ਤਿਆਰ ਹਾਂ... ਪਰ ਉਹਦੇ ਖ਼ਾਨੇ ਗੱਲ ਨਹੀਂ ਪਈ... ਮੈਨੂੰ ਹੁਣ ਤੂੰ ਬਖਸ਼ਾ ਦੇ...!!

ਉਹ ਆਪਣੇ ਘਰ ਨੂੰ ਜਾਂਦਾ ਹੋਇਆ ਮੁੜ ਕੇ ਦੀਪੋ ਕੇ ਘਰ ਵੱਲ ਚਲਾ ਗਿਆ।

ਰਸਤੇ ਵਿੱਚ ਜਦੋਂ ਉਹ ਗੁਰੂ ਘਰ ਵਾਲ਼ੀ ਗਲ਼ੀ ਮੁੜਿਆ ਤਾਂ ਸਾਹਮਣੇ ਮੋਮਬੱਤੀ ਦੇ ਚਾਨਣੇ ਨਿੱਕਾ ਬੈਠਕ ਵਿੱਚ ਬੈਠਾ ਰੋਈ ਜਾਂਦਾ ਸੀ।

ਉਹਦੇ ਹੱਥ ਵਿੱਚ ਚਾਂਦੀ ਦੀ ਬਣਾਈ ਗਾਨੀ ਸੀ...!

ਇੱਕ ਗਾਨੀ ਸੀ ਹਾਥੀ ਦੇ ਦੰਦ ਦੀ ਬਣਾਈ ਹੋਈ..!!

ਉਹਨੇ ਅੱਗੇ ਜਾ ਕੇ ਛਟੀਆਂ ਦੇ ਲੱਗੇ ਛੌਰ ਤੋਂ, ਜਿਹੜਾ ਦੀਪੋ ਕੇ ਘਰ ਦੀ ਕੰਧ ਨਾਲ਼ ਲੱਗਦਾ ਸੀ, ਸਿੱਧਾ ਹੀ ਵਿਹੜੇ ਵਿੱਚ ਉੱਤਰ ਗਿਆ। ਕੰਧ 'ਤੇ ਟੁੱਟੀ ਬੋਤਲ ਦਾ ਪਿਆ ਕੱਚ ਉਹਦੀ ਤਲੀ ਵਿੱਚ ਖੁੱਭ ਗਿਆ ਸੀ ਪਰ ਬਹੁਤਾ ਚੀਰ ਨਹੀਂ ਆਇਆ। ਬਚਾ ਹੋ ਗਿਆ। ਲਹੂ ਤਾਂ ਨਿਕਲ ਹੀ ਗਿਆ। ਵਿਹੜੇ ਵਿੱਚ ਮੰਜੇ ਡਾਹ ਕੇ ਸੁਆਤ ਦੇ ਬੂਹੇ ਅੱਗੇ ਦੀਪੋ ਦਾ ਬਾਪੂ ਤੇ ਬੇਬੇ ਪਈ ਸੀ। ਉਹਦਾ ਬਾਰ੍ਹਾਂ ਕੁ ਸਾਲਾਂ ਦਾ ਭਰਾ ਜਿਹੜਾ ਦੀਪੋ ਤੋਂ ਕਰੀਬ ਦਸ ਸਾਲਾਂ ਦੇ ਵਕਫ਼ੇ ਬਾਦ ਜੰਮਿਆ ਹੋਇਆ ਸੀ, ਉਹ ਅੰਦਰ ਦੀਪੋ ਕੋਲ਼ ਪਿਆ ਸੀ।

ਫ਼ੀਟੀ ਜਾ ਕੇ ਦੀਪੋ ਦੇ ਸਿਰਹਾਣੇ ਬਹਿ ਕੇ ਉਹਦੇ ਕੰਨਾਂ ਨੂੰ ਹੱਥ ਲਗਾ ਕੇ ਹੌਲ਼ੀ-ਹੌਲ਼ੀ ਉਹਨੂੰ ਜਗਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਡਰਦਾ ਵੀ ਸੀ, ਕਿਤੇ ਓਪਰਾ ਬੰਦਾ ਘਰ ਵੇਖ ਕੇ ਚੀਖ ਹੀ ਨਾ ਮਾਰਦੇ। ਉਹਨੇ ਦਿਲ ਨੂੰ ਤਸੱਲੀ ਦੇਣ ਲਈ ਦੂਜਾ ਜਟਕਾ ਦਾਅ ਵਰਤ ਲਿਆ। ਉਹਦੀ ਛਾਤੀ 'ਤੇ ਪਏ ਦੋਵੇਂ ਹੱਥਾਂ ਨੂੰ ਆਪਣੇ ਖੱਬੇ ਹੱਥ ਵਿੱਚ ਫੜ ਕੇ, ਸੱਜੇ ਹੱਥ ਨਾਲ਼ ਉਹਦੇ ਮੂੰਹ ਨੂੰ ਦੱਬ ਲਿਆ। ਉਹਦੇ ਲੱਕ 'ਤੇ ਜਚ ਕੇ ਬਹਿ ਗਿਆ।

ਦੀਪੋ ਜਾਗੀ ਤੇ ਥੋੜੀ ਜਿਹੀ ਫੜਫੜਾਈ।

ਉਹਦੇ ਤੋਂ ਆਪਣੇ ਆਪ ਨੂੰ ਛੁਡਾਉਣ ਲਈ ਜ਼ੋਰ ਲਾਉਂਦਿਆਂ ਅੱਖਾਂ ਦੇ ਆਨੇ ਬਾਹਰ ਆਉਣ ਨੂੰ ਕਰਦੇ ਸੀ। ਅੱਖਾਂ ਵੱਡੀਆਂ ਹੋ ਗਈਆਂ ਸੀ। ਮੂੰਹ 'ਤੇ ਰੱਖੇ ਹੱਥ ਥੱਲੇ ਆਉਂਦੀ ਅਵਾਜ਼ ਦੀ ਪੀਪਨੀ ਵੱਜਦੀ ਸੀ।

'ਰੌਲਾ ਨਾ ਪਾਵੀਂ ਨਹੀਂ ਤਾਂ ਤੇਰੀ ਮਿੱਟੀ ਪੱਟੀ ਜਾਊਗੀ, ਕਿ ਰਾਤ ਨੂੰ ਘਰੇ ਮੁੰਡੇ ਸੱਦਦੀਂ ਐ... ਚੁੱਪ... ਚੁੱਪ ਕਰਕੇ ਮੇਰੀ ਗੱਲ ਸੁਣਲਾ, ਮੈਂ ਜਾਵਦੂੰ ਫੇਰ... ਜਿਵੇਂ ਕਹੇਗੀ ਉਵੇਂ ਕਰਲੂੰ...' ਉਹਨੇ ਮੂੰਹ ਤੋਂ ਹੱਥ ਪਾਸੇ ਕਰ ਲਿਆ।

'ਹਾਂ ਦੱਸ ਤੂੰ ਐਸ ਵੇਲ਼ੇ ਐਥੇ ਕੀ ਮਰਦਾ ਫਿਰਦਾਂ...' ਦੀਪੋ ਨੇ ਜ਼ੋਰ ਨਾਲ਼ ਇੱਕ ਮੁੱਕੀ ਉਹਦੇ ਮੂੰਹ 'ਤੇ ਦੇ ਮਾਰੀ।

'ਤੈਥੋਂ ਮਾਫ਼ੀ ਮੰਗਣ ਆਇਆਂ ਮੈਨੂੰ ਮਾਫ਼ ਕਰਦੇ, ਮੈਂ ਕੱਖ ਨੀ ਕਰਦਾ, ਅੱਜ ਤੋਂ ਬਾਦ ਕਦੇ ਵੀ ਤੇਰੇ ਵੰਨੀ ਝਾਕਦਾ ਨੀਂ, ਤੈਨੂੰ ਦੂਰੋਂ ਆਉਂਦਿਆਂ ਵੇਖ ਕੇ ਨੀਵੀਂ

ਪਾ ਲਿਆ ਕਰੂੰ, ਪਰ ਤੂੰ ਚੜ੍ਹਤ ਸਿੰਘ ਤੋਂ ਫੇਰ ਨਾ ਠੁਕਾਂਦੀ...' ਫ਼ੀਟੀ ਮਿੰਨਤ ਨਾਲ਼ ਉਹਦੀਆਂ ਲੱਤਾਂ ਘੁੱਟਣ ਲੱਗ ਪਿਆ। ਦੋਵਾਂ ਦੀਆਂ ਅਵਾਜ਼ਾਂ ਰਗਾਂ ਵਿੱਚ ਬੋਲਦੀਆਂ ਸੀ।

'ਰੱਬ ਦਾ ਵਾਸਤਾ ਐਥੋਂ ਜਾਵੜਾ; ਜੇ ਕਿਸੇ ਵੇਖ ਲਿਆ ਸਿਰ ਤੇ ਤੋਹਮਤ ਲੱਗਜੂ..'

'ਨਹੀਂ ਵੇਂਹਦਾ ਕੋਈ ਤਾਂ ਹੀ ਤਾਂ ਹਨੇਰੇ 'ਚ ਆਇਆਂ...'

'ਜੇ ਕਿਸੇ ਨੇ ਵਾਜ ਸੁਣ ਲਈ... ਪਤਾ ਲੱਗਜੂ'

'ਨਹੀਂ... ਪਤਾ ਤਾਂ ਲੱਗੂ ਜੇ ਤੂੰ ਰੌਲਾ ਪਾਵੇਂਗੀ, ਪਰ ਮੈਂ ਤਾਂ ਓਨਾ ਚਿਰ ਨੀ ਜਾਂਦਾ ਜਿੰਨਾ ਚਿਰ ਤੂੰ ਮੈਨੂੰ ਮਾਫ਼ ਨੀ ਕਰਦੀ... ਮੇਰੀ ਗੱਲ ਸੁਣ ਲੈ' ਫ਼ੀਟੀ ਨੂੰ ਸਬਰ ਆ ਗਿਆ ਕਿ ਦੀਪੋ ਹੁਣ ਰੌਲਾ ਤਾਂ ਨਹੀਂ ਪਾਉਂਦੀ, ਜੇ ਰੌਲਾ ਪਾਉਣਾ ਹੁੰਦਾ ਹੁਣ ਨੂੰ ਚੀਕਾਂ ਮਾਰ ਕੇ ਟੱਬਰ ਉਠਾ ਦੇਣਾ ਸੀ। ਉਹਨੇ ਬਾਹਰ ਪਏ ਉਹਦੇ ਬਾਪੂ ਤੇ ਬੇਬੇ ਵੱਲ ਵੀ ਝਾਤ ਮਾਰ ਲਈ।

'ਮੈਂ ਤੇਰੀ ਉਹ ਵੀ ਮੰਨੀ ਜੋ ਤੇਰੇ ਦਿਲ 'ਚ ਐਂ, ਕਿਸੇ ਕੋਲ਼ੇ ਭਾਫ਼ ਨੀਂ ਕੱਢਦੀਂ, ਤੂੰ... ਤੇਰੇ ਮੂਹਰੇ ਹੱਥ ਬੱਧੇ ਤੂੰ ਐਥੋਂ ਜਾਵੜਾ'

ਦੀਪੋ ਨੇ ਆਪਣੇ ਮੂੰਹ 'ਤੇ ਖ਼ੇਸ ਤਾਣ ਲਿਆ।

'ਮੈਨੂੰ ਤਾਂ ਘਰ ਦੇ ਵਿਆਉਣ ਨੂੰ ਫਿਰਦੇ ਐ, ਹੁਣ ਜੇੜ੍ਹਾ ਵੀ ਸਾਕ ਆਇਆ, ਮੈਂ ਪੱਕੀ ਹਾਂ ਈ ਕਰ ਦੇਣੀ ਐ, ਜੇ ਤੂੰ ਨਹੀਂ ਤਾਂ ਫੇਰ ਕੋਈ ਵੀ ਚੱਲੂ ਗੀ... ਬੱਸ ਤੂੰ ਨਾ ਚਾਚੇ ਤੋਂ ਫਾਇਰ ਮਰਾਦੀਂ...' ਫ਼ੀਟੀ ਮੰਜੇ ਤੋਂ ਥੱਲੇ ਉੱਤਰ ਕੇ ਉਹਦੇ ਪੈਰ ਦੱਬਣ ਲੱਗ ਪਿਆ, 'ਨਾਲ਼ੇ ਤੇਰੀ ਪਸਿੰਦ ਦਾ ਸੂਟ ਮੈਂ ਆਵਦੀ ਬੇਬੇ ਤੋਂ ਦਵਾਦੂੰ ਹੈ ਕਿ ਨਹੀਂ... ਜਾਗੋ ਵੀ ਤੂੰ ਹੀ ਚੱਕੀਂ ਸਿਰ ਤੇ... ਬੱਸ ਮਿੰਨਤ ਮੰਨ ਲੀ ਭੌਰ ਦੀ...'

'ਫ਼ੀਟੀ ਮੈਂ ਤਾਂ ਤੈਨੂੰ ਆਵਦਾ ਮੰਨੀ ਬੈਠੀ ਸਾਂ... ਆਹ ਵੇਖ ਤੇਰੇ ਲਈ ਕਿੱਡਾ ਵੱਡਾ ਲੈਟਰ ਲਿਖਾਇਆ ਸੀ ਰਾਣੀ ਤੋਂ...' ਉਹਨੇ ਆਪਣੇ ਗਲਾਵੇਂ ਚੋਂ ਖ਼ਤ ਕੱਢ ਕੇ ਉਹਨੂੰ ਵਖਾਇਆ, ਜੀਹਦੇ ਤੇ ਰਾਣੀ ਦਾ ਨਾਉਂ ਹਰ ਥਾਂ ਤੋਂ ਕੱਟ ਕੇ ਫ਼ੀਟੀ ਲਿਖਿਆ ਸੀ।

ਇਹ ਖ਼ਤ ਤਾਂ ਜੋਗੀ ਨੇ ਰਾਣੀ ਨੂੰ ਪਾਇਆ ਸੀ।

'ਤੂੰ ਐ ਕੰਮ ਛੱਡ ਦੇ... ਆਪਾਂ ਅਗਲੇ ਜਰਮ 'ਚ ਇੱਕ ਹੋਜਾਂਗੇ... ਐਸ ਜਰਮ 'ਚ ਮੇਰਾ ਖਹਿੜਾ ਛੁਡਾ ਆਪਣੇ ਆਪ ਤੋਂ... ਭੈਣ-ਭਰਾ ਈ ਚੰਗੇ ਐ... ਨਾਲ਼ੇ ਪਿੰਡ ਦੀ ਕੁੜੀ ਨਾਲ਼ ਅੱਖ-ਮੱਟਕਾ ਅਣਖ਼ੀ ਬੰਦੇ ਨੂੰ ਸੋਂਹਦਾ ਨੀਂ...'

ਫ਼ੀਟੀ ਨੇ ਉਹਦਾ ਖ਼ਤ ਮਰੋੜ ਕੇ ਪਰੇ ਸੁੱਟ ਦਿੱਤਾ। ਉਹਦੇ ਪੈਰਾਂ 'ਤੇ ਸਿਰ ਰੱਖ ਕੇ ਮਾਫ਼ੀ ਮੰਗਣ ਲੱਗ ਪਿਆ।

'ਠੀਕ ਐ... ਮਹਾਰਾਜੇ ਦੀ ਸੌਂਹ ਲੱਗੇ...' ਦੀਪੋ ਨੇ ਦੋਵੇਂ ਹੱਥ ਜੋੜ ਕੇ ਜੰਗਲੇ ਵਿੱਚੋਂ ਦੀ ਦਿਸਦੇ ਗੁਰੂ ਘਰ ਦੇ ਨਿਸ਼ਾਨ ਸਾਹਿਬ ਵੱਲ ਕਰ ਦਿੱਤੇ, 'ਹੁਣ ਤਾਂ ਹੋ ਗਿਆ ਯਕੀਨ... ਜਾ...'

'ਯਕੀਨ ਤਾਂ ਹੋ ਗਿਐ ਪਰ ਤਸੱਲੀ ਨਈਂ ਹੋਈ... ਸੱਚ ਮੰਨੇਂ ਮੈਂ ਫੇਰ ਕੰਧਾਂ ਟੱਪਦਾ ਫਿਰੂੰਗਾ... ਤੂੰ ਅੱਜ ਈ ਨਬੇੜਾ ਕਰਦੇ... ਉਠ...'

ਉਹਨੂੰ ਬਾਹੋਂ ਖਿੱਚ ਕੇ ਖੜ੍ਹਾ ਕਰ ਲਿਆ ਤੇ ਬਾਹਰ ਵਿਹੜੇ ਵਿੱਚ ਪਏ ਮੰਜਿਆਂ ਕੋਲ ਲੈ ਆਇਆ। ਦੀਪੋ ਪੂਰੀ ਰੋਣ-ਹਾਕੀ ਹੋਈ ਖੜ੍ਹੀ ਸੀ ਤੇ ਆਪਣੇ ਪੂਰੇ ਜ਼ੋਰ ਨਾਲ਼ ਖ਼ੁਦ ਨੂੰ ਅੰਦਰ ਵੱਲ ਖਿੱਚਦੀ ਪਈ ਸੀ।

'ਐਂ ਕਰ...'

'ਹਾਂ...'

'ਆਵਦੇ ਮਾਂ-ਪਿਓ ਦੇ ਸਿਰ 'ਤੇ ਹੱਥ ਰੱਖ ਕੇ ਸੌਂਹ ਖਾ, ਕਿਸੇ ਕੋਲ਼ ਗੱਲ ਨੀ ਕਰਦੀ...' ਛੀਟੀ ਨੇ ਵਿਹੜੇ ਵਿੱਚ ਘੂਕ ਸੁੱਤੇ ਪਏ ਉਹਦੇ ਬਾਪੂ ਤੇ ਬੇਬੇ ਤੇ ਸਿਰ ਤੇ ਵਾਰੋ-ਵਾਰੀ ਹੱਥ ਰੱਖਵਾ ਕੇ ਦੀਪੋ ਤੋਂ ਪੱਕੀ ਸੌਂਹ ਖਵਾ ਲਈ। ਫਿਰ ਉਹਦੇ ਬੁੱਲ੍ਹਾਂ ਤੇ ਕਿਸੇ ਰੂਹਾਨੀ ਖ਼ੁਸ਼ੀ ਦੀ ਚਮਕ ਆਈ। ਜਿਵੇਂ ਕਿਸੇ ਜੱਟ ਨੇ ਆਪਣੇ ਸਿਰ 'ਤੇ ਚੜ੍ਹੇ ਵਰ੍ਹਿਆਂ ਦੇ ਸਾਰੇ ਕਰਜ਼ੇ ਨੂੰ ਲਾ ਦਿੱਤਾ ਹੋਵੇ।

ਉਹ ਹੌਲ਼ੀ-ਹੌਲ਼ੀ ਖੁਰਲੀ ਉੱਤੋਂ ਦੀ ਕੰਧ ਚੜ੍ਹ ਕੇ ਗਲ਼ੀ ਵਿੱਚ ਉਤਰ ਗਿਆ।

ਦੀਪੋ ਮੰਜੇ 'ਤੇ ਪਈ ਧੌਣ ਉੱਚੀ ਕਰਕੇ ਉਸਨੂੰ ਕੰਧ ਚੜ੍ਹਦੇ ਨੂੰ ਵੇਖਦੀ ਰਹੀ ਤੇ ਫੇਰ ਉਹਦੇ ਮਰੋੜ ਕੇ ਸੁੱਟੇ ਖ਼ਤ ਨੂੰ ਮੰਜੇ ਥੱਲਿਉਂ ਲੱਭ ਕੇ ਕੁੜਤੀ ਦੇ ਗਲਾਵੇਂ ਵਿੱਚ ਪਾ ਲਿਆ।

ਛੀਟੀ ਮੁੱਛਾਂ ਨੂੰ ਤਾਅ ਦਿੰਦਾ ਹੋਇਆ, ਆਪਣੇ ਹੱਥ ਦੀ ਤਲ਼ੀ ਨੂੰ ਮਲ਼ਦਾ ਹੋਇਆ, ਜੀਹਦੇ ਤੇ ਦੀਪੋ ਨੇ ਦੰਦੀ ਵੱਢ ਦਿੱਤੀ ਸੀ, ਪਿੱਪਲ ਕੋਲ਼ ਦੀ ਲੰਘ ਰਿਹਾ ਸੀ।

ਬੰਦੂਕ-ਨਾਮਾ

ਦੂਜੀ ਮਾਫ਼ੀ ਮੰਗਣ ਦਾ ਖ਼ਿਆਲ ਆਇਆ ਨਿੱਕੇ ਦੇ ਬਾਪੂ ਸੁਲੱਖਣ ਸਿੰਘ ਨੂੰ, ਜਦੋਂ ਉਹ ਬੈਠਕ ਵਿੱਚ ਘਰ ਦੀ ਛੱਤ ਦੇ ਬਾਲਿਆਂ ਵੱਲ ਬੇਵਜ੍ਹਾ ਵੇਖੀ ਜਾਂਦਾ ਸੀ। ਗਲ਼ੀ ਵਿੱਚੋਂ ਲੰਘਦੇ ਬੰਦਿਆਂ ਦੇ ਮੂੰਹੋਂ ਚੜ੍ਹਤ ਸਿੰਘ ਦੀ ਬੰਦੂਕ ਦੀ ਚਰਚਾ ਸੁਣੀ ਸੀ, ਚਾਹੇ ਇਹ ਚਰਚਾ ਕੰਨੋਂ-ਕੰਨੀਂ ਹੁੰਦੀ ਹੋਈ ਚੌਧਰੀ ਦੀ ਹਵੇਲੀ ਦੀ ਹਿੱਕ ਨਾਲ਼ ਵੀ ਜਾ ਵੱਜੀ ਸੀ।

ਕਦੇ-ਕਦੇ ਕਿਸੇ ਜਵਾਕ ਦੇ ਦੂਰ ਚਲਾਏ ਪਟਾਖੇ ਦੀ ਅਵਾਜ਼ ਕੰਨਾਂ ਵਿੱਚ ਪੈਂਦੀ। ਪਰ ਕਿਸੇ ਸ਼ਰਾਰਤੀ ਨਿਆਣੇ ਨੇ ਪਟਾਖੇ ਨੂੰ ਅੱਗ ਲਾ ਕੇ ਸੁਲੱਖਣ ਸਿੰਘ ਦੇ ਮੰਜੇ ਥੱਲੇ ਸੁੱਟਿਆ ਤਾਂ ਉਹਦਾ ਖੜਾਕ ਸੁਣ ਕੇ ਉਹਦੇ ਅਸਾਊਣ ਮਾਰੇ ਗਏ। ਇਉਂ ਲੱਗਿਆ ਜਿਵੇਂ ਚੜ੍ਹਤ ਸਿੰਘ ਦਾ ਫਾਇਰ ਉਹਦੀ ਹਿੱਕ ਵਿੱਚ ਠੰਡਾ ਹੋ ਗਿਆ।

ਉਹਨੇ ਆਪਣੇ ਧੜਕਦੇ ਦਿਲ ਤੇ ਹੱਥ ਰੱਖਿਆ।

ਸਾਹ ਚੜ੍ਹਿਆ ਪਿਆ ਸੀ।

ਧੜਕਣ ਕਦੇ ਵੀ ਏਨੀ ਤੇਜ਼ ਨਹੀਂ ਸੀ ਹੋਈ ਚਾਹੇ ਉਹ ਕਿੰਨੇ ਹੀ ਮੀਲ ਭੱਜ ਕੇ ਆਇਆ ਹੋਵੇ। ਇਹ ਦਿਲ ਦੀ ਧੜਕਣ ਅਜੀਬ ਸੀ। ਉਹਨੇ ਅਲਮਾਰੀ ਵਿੱਚ ਪਏ ਵੱਟਿਆਂ ਵੱਲ ਵੇਖਿਆ ਤਾਂ ਚੇਤਾ ਆਇਆ...!!

ਗੱਲ ਕੋਈ ਦੋ ਸਾਲ ਪੁਰਾਣੀ ਹੈ...!!

ਸੁਲੱਖਣ ਨੇ ਆਪਣੇ ਘਰ ਵਿੱਚ ਕਣਕ ਦਾ ਬੋਲ ਲਾ ਲਿਆ ਸੀ। ਆੜਤੀਏ ਨੇ ਘਰ ਵਿੱਚ ਹੀ ਕਣਕ ਤੋਲ ਕੇ ਲਿਜਾਣ ਦਾ ਪੱਕਾ ਵਾਅਦਾ ਕਰ ਦਿੱਤਾ ਸੀ। ਮੰਡੀ ਵਿੱਚ ਤਾਂ ਥਾਂ ਪੱਕੀ ਨਹੀਂ ਸੀ। ਕੁੱਝ ਕਣਕ ਉਹਨੇ ਪਿੰਡ ਦੇ ਲੋਕਾਂ ਵਿੱਚ ਵੇਚਣ ਦੀ ਸਕੀਮ ਬਣਾ ਲਈ। ਕੋਈ ਜੱਟ ਭਰਾ ਕਣਕ ਨੂੰ ਅਗਲੇ ਸਾਲ ਬੀਜ ਵਜੋਂ ਰੱਖਣੀ ਚਾਹੁੰਦਾ ਸੀ।

ਚੜ੍ਹਤ ਸਿੰਘ ਵੀ ਆਪਣੀ ਖਾਣ ਲਈ ਦੋ ਕੁਇੰਟਲ ਕਣਕ ਲੈਣ ਲਈ ਬੋਰੀ ਲੈ ਕੇ ਖੜ੍ਹਾ ਸੀ। ਸੁਲੱਖਣ ਨੇ ਕੰਡੇ 'ਤੇ ਜਦ ਕਣਕ ਪਾਈ ਤੇ ਤੋਲ ਕੇ ਬੋਲਿਆ,

'ਛੱਤੀ ਕਿਲੋ ਹੋਗੀ ਆ... ਪੂਰੇ ਦੋ ਕੁਵੰਟਲ ਤੋਲ ਹੋ ਗਿਆ ਬੀ... ਅਸੀਂ ਏਨੂੰ ਤੋਲ ਕੇ ਪਾਸੇ ਰੱਖ ਦਿਨੇ ਐਂ, ਆਪੇ ਇੱਕ ਦੋ ਦਿਨਾਂ 'ਚ ਲੈ ਜੀ ਜਿਵੇਂ ਤੇਰਾ ਦਿਲ ਕਰਿਆ...'

'ਇਹ ਤਾਂ ਕੱਤੀ ਕਿਲੋ ਐ...' ਚੜ੍ਹਤ ਸਿੰਘ ਨੇ ਪਜਾਮੇ ਨਾਲ਼ ਲੱਗੀਆਂ ਕਣਕ ਦੀਆਂ ਘੁੰਡੀਆਂ ਨੂੰ ਝਾੜਿਆ, 'ਭੁਲੇਖਾ ਲਾ ਗਿਆ ਛੱਤੀ ਦਾ...'

'ਮੈਂ ਕਹਿਤਾ ਨਾ ਛੱਤੀ ਐ, ਸਾਰੇ ਪਿੰਡ ਨੇ ਮੈਨੂੰ ਸਹਿਮਤੀ ਨਾਲ਼ ਮੰਬਰ ਬਣਾਇਆ, ਤੂੰ ਮੇਰੇ ਉੱਤੇ ਈ ਉਂਗਲ ਚੱਕੀ ਜਾਨਾਂ... ਆਹ ਵੀਹ ਬੰਦੇ ਖੜ੍ਹੇ ਐ... ਨਾਲ਼ੇ ਪੰਜ ਕਿਲੋ ਦਾਣਿਆਂ ਨਾਲ਼ ਕੀ ਭੜੋਲੇ ਭਰ ਲੂੰਗਾ' ਸੁਲੱਖਣ ਨੇ ਆਪਣੀ ਮੂੰਗੀਆ ਪੱਗ ਦਾ ਉਪਰਲਾ ਲੜ ਖੋਲ੍ਹ ਕੇ ਫੇਰ ਕਸ ਕੇ ਬੰਨ੍ਹਿਆ।

'ਮੰਬਰ ਈ ਚੁਣਿਆ ਰੱਬ ਤਾਂ ਨਹੀਂ ਚੁਣ ਲਿਆ, ਏਨ੍ਹਾਂ ਖੋਟੇ ਲੋਕਾਂ ਦੇ ਚੁਣੇ ਮੰਤਰੀਆਂ ਨੇ ਕਦੇ ਸਵਾਰਿਆ ਕੁਸ ਮੁਲਖ ਦਾ... ਹਰਖ਼ ਕਾਤੋਂ ਮੰਨਦਾ... ਦੂਮਾਰੇ ਤੋਲ ਲੈਨੇਂ ਐਂ...'

'ਹੁਣ ਚਾਰ ਸੇਰ ਦਾਣਿਆ ਪਿੱਛੇ ਮੈਂ ਫੇਰ ਤੋਲਾ ਲਾਵਾਂ...!' ਉਹਨੇ ਫੇਰ ਕਣਕ ਦੇ ਵੱਡੇ ਵੱਡੇ ਦੋ ਬੁੱਕ ਭਰ ਕੇ ਬੋਰੀ ਵਿੱਚ ਪਾਏ ਤੇ ਬੋਲਿਆ, 'ਬੱਸ ਹੋਗੀ ਤਸੱਲੀ ਪੂਰੀ ਐ ਕਣਕ ਹੁਣ, ਲੈ ਜਾ ਚਾਕੇ...'

'ਨਹੀਂ ਦੋ-ਕੁ ਬੁੱਕ ਹੋਰ ਪਾਵੇਂਗਾ ਫੇਰ ਕਿਤੇ ਜਾ ਕੇ ਸਾਬ ਦਾ ਗੁਣੀਆ ਫਿੱਟ ਬੈਠੂ ਤਾਊ...' ਅੱਗੇ ਹੋ ਕੇ ਆਪ ਦੋ ਬੁੱਕ ਕਣਕ ਦੇ ਪਾਉਣ ਲੱਗਿਆ ਤਾਂ ਸੁਲੱਖਣ ਨੇ ਝਟਕਾ ਮਾਰਿਆ ਤੇ ਕਿਹਾ, 'ਜੇ ਲੈ ਕੇ ਜਾਣੀ ਐਂ ਤਾਂ ਲੈ-ਜਾ ਨਹੀਂ ਤਾਂ ਪਈ ਰਹਿਣ ਦੇ ਏਥੇ... ਹੈ ਨਹੀਂ ਸਾਡੇ ਕੋਲ਼ੇ... ਆਹ ਚੱਕ ਆਵਦੇ ਪੈਸੇ...'

ਸੁਲੱਖਣ ਨੇ ਜੇਬ ਵਿੱਚੋਂ ਪੈਸੇ ਕੱਢ ਕੇ ਉਹਦੇ ਹੱਥ 'ਤੇ ਧਰ ਕੇ ਮੁੱਠੀ ਮੀਚ ਦਿੱਤੀ। ਢਾਕਾਂ 'ਤੇ ਹੱਥ ਰੱਖ ਕੇ ਉਹ ਖ਼ੁਦ ਦੇ ਝੂਠ ਨੂੰ ਰੋਅਬ ਨਾਲ਼ ਸੱਚ ਬਣਾਉਣਾ ਚਾਹੁੰਦਾ ਸੀ। ਉਹ ਦੀ ਉੱਚੀ ਅਵਾਜ਼ ਸੁਣ ਕੇ ਇੱਕ ਅਵਾਰਾ ਕੁੱਤਾ, ਜੋ ਹਮੇਸ਼ਾ ਈ ਰਾਣੀ ਦੇ ਹੱਥੋਂ ਰੋਟੀ ਖਾਂਦਾ ਸੀ, ਸੁਲੱਖਣ ਵੱਲ ਮੂੰਹ ਕਰਕੇ ਭੌਂਕਣ ਲੱਗ ਪਿਆ।

'ਆ ਕਤੀੜ ਨੂੰ ਕੀ ਸੂਲ ਚੱਲ ਗਿਆ...' ਸੁਲੱਖਣ ਨੇ ਕੋਲ਼ ਪਈ ਬੋਰੀ ਵਿੱਚੋਂ ਕਣਕ ਦੀ ਮੁੱਠ ਭਰ ਕੇ ਕੁੱਤੇ ਦੇ ਡਲੇ ਵਾਂਙ ਮਾਰੀ।

'ਜੇ ਰਾਜੇ-ਮਹਾਰਾਜੇ ਸ਼ੇਰ ਪਾਲ ਸਕਦੇ ਐ, ਆਪਾਂ ਏਨੇ ਗਏ ਗੁਜ਼ਰੇ ਤਾਂ ਨੀ ਬਈ ਕੁੱਤਾ ਈ ਨਾ ਪਾਲ ਸਕੀਏ... ਏਹ ਵੀ ਉਹੀ ਆਂਹਦਾ ਤਾਇਆ ਜੋ ਮੈਂ ਆਨ੍ਹਾਂ, ਚੱਲ ਜੋ ਰੱਬ ਨੂੰ ਭਾਵੇ...' ਉਹਨੇ ਕਣਕ ਦੀ ਬੋਰੀ ਦਾ ਆਪਣੇ ਹੱਥ ਨਾਲ਼ ਘੁੱਟ ਕੇ ਮੂੰਹ ਬੰਨ੍ਹਿਆ 'ਤੇ ਮੋਡੇ ਤੇ ਰੱਖ ਕੇ ਘਰ ਨੂੰ ਤੁਰ ਪਿਆ, 'ਸੋਚਲਾਂਗੇ ਚਾਰ ਰੋਟੀਆਂ ਕਿਸੇ ਕੁੱਤੇ ਨੂੰ ਵੱਧ ਪਾਤੀਆਂ...!'

ਸੁਲੱਖਣ ਨੂੰ ਇਹ ਗੱਲ ਬਹੁਤ ਰੜਕੀ ਪਰ ਓਨਾ ਚਿਰ ਕੁਝ ਨਹੀਂ ਬੋਲਿਆ ਜਿੰਨਾ ਚਿਰ ਚੜ੍ਹਤ ਸਿੰਘ ਕਣਕ ਦੀ ਬੋਰੀ ਲੈ ਕੇ ਘਰੋਂ ਬਾਹਰ ਨਹੀਂ ਸੀ ਚਲਿਆ ਗਿਆ, 'ਜੇੜ੍ਹੇ ਦੋ ਬੁੱਕ ਮੈਂ ਵੱਧ ਪਾਏ ਐ ਉਹ ਵੀ ਨੀ ਰਾਸ ਆਉਂਦੇ...'

ਹੁਣ ਦੋ ਸਾਲਾਂ ਬਾਅਦ ਇਹ ਗੱਲ ਸੁਲੱਖਣ ਨੂੰ ਰੜਕ ਗਈ।

ਉਹ ਸੋਚਣ ਲੱਗਿਆ, 'ਜੇ ਕੱਲ੍ਹ ਨੂੰ ਊਂਨੀ ਇੱਕੀ ਹੋਗੀ, ਲੋਕਾਂ ਨੇ ਆਖਣਾ ਕਿ ਮੈਂ ਆਵਦੀ ਜਾਨ ਸਿਰਫ਼ ਚਾਰ ਸੇਰ ਦਾਣਿਆਂ ਦੇ ਭਾਅ ਈ ਗਵਾ ਲਈ...'

ਚਾਹੇ ਉਹਨੇ ਪਿੱਛਲੇ ਕਈ ਦਿਨਾਂ ਤੋਂ ਕੋਈ ਔਖ ਆਲ਼ਾ ਕੰਮ ਨਹੀਂ ਸੀ ਕਰਿਆ, ਪਰ ਏਨਾਂ ਖ਼ਿਆਲਾਂ ਨੇ ਸਰੀਰ ਵਿੱਚ ਖੱਲੀਆਂ ਪਾ ਦਿੱਤੀਆਂ। ਉਹਦਾ ਮਨ ਉਕਤਾ ਗਿਆ। ਦੀਵਾਲੀ ਦਾ ਇਹ ਦਿਨ ਅਰਾਮ ਨਾਲ਼ ਮਾਨਣ ਲਈ ਆਪਣੀ ਸੋਚ ਨੂੰ ਹੋਰ ਪਾਸੇ ਲਾਉਣ ਦੀ ਬਥੇਰੀ ਕੋਸ਼ਿਸ਼ ਕੀਤੀ। ਪਰ ਜਦੋਂ ਹੀ ਕਿਸੇ ਪਟਾਖੇ ਦੀ ਅਵਾਜ਼ ਸੁਣਦੀ ਤਾਂ ਮੌਤ ਦਾ ਡਰ ਫੇਰ ਸਿਰ ਨੂੰ ਚੜ੍ਹ ਜਾਂਦਾ।

ਸੁਲੱਖਣ ਇਨ੍ਹਾਂ ਸੋਚਾਂ ਵਿੱਚ ਉਠ ਕੇ ਅੰਦਰ ਗਿਆ ਤੇ ਇੱਕ ਪਿੱਤਲ ਦੀ ਪਲੇਟ ਹਿੱਕ 'ਤੇ ਦਿਲ ਆਲ਼ੇ ਪਾਸੇ ਬੰਨ ਲਈ। ਜਿਵੇਂ ਤਸੱਲੀ ਕੀਤੀ ਹੋਵੇ ਗੋਲ਼ੀ ਵੱਜੀ ਤਾਂ ਦਿਲ ਵਿੱਚ ਨਾ ਲੱਗੂ। ਭੜੋਲੇ ਵਿੱਚੋਂ ਦਸ ਸੇਰ ਕਣਕ ਤੋਲ ਕੇ ਝੋਲੇ ਵਿੱਚ ਪਾ ਕੇ ਚੜ੍ਹਤ ਸਿੰਘ ਦੇ ਘਰ ਅੱਗੇ ਆ ਖੜ੍ਹਾ।

ਚੜ੍ਹਤ ਸਿੰਘ ਨੂੰ ਬੰਦੂਕ ਸਾਫ਼ ਕਰਦਿਆਂ ਵੇਖ ਕੇ ਕਾਫ਼ੀ ਹੌਂਸਲਾ ਹੋ ਗਿਆ, ਅਜੇ ਖ਼ਾਲੀ ਹੈ। ਕੋਲ਼ ਜਾ ਕੇ ਦਾਣਿਆਂ ਵਾਲ਼ਾ ਝੋਲਾ ਰੱਖਦਿਆਂ, 'ਕੀ ਹਾਲ ਐ... ਠੀਕ ਈ ਹੋਣੇ ਐਂ' ਉਹਦੇ ਜਵਾਬ ਦੀ ਉਡੀਕ ਕੀਤੇ ਬਗ਼ੈਰ ਆਪ ਮੋੜ ਦਿੱਤਾ, 'ਮੈਂ ਤਾਂ ਮਗਰਲੇ ਵਰ੍ਹੇ ਤੋਂ ਏਹਨੂੰ ਝੋਲੇ ਪਾ ਕੇ ਬੈਠਾ ਸੀ, ਕਦੇ ਮੇਲ-ਤੁਕਾਂਤ ਈ ਨਹੀਂ ਹੋਇਆ ਫੜਾਉਣ ਦਾ... ਉਦੋਂ ਤੂੰ ਭਾਈ ਸੱਚਾ ਸੈਂ'

'ਮੈਂ ਤਾਂ ਅੱਜ ਵੀ ਸੱਚਾਂ ਈ ਆਂ'

'ਏਹ ਵੀ ਗੱਲ ਖ਼ਰੀ ਐ... ਮੈਂ ਡਾਇਰੀ ਵੇਖੀ ਤਾਂ ਕੱਤੀ ਈ ਲਿਖਿਆ ਸੀ, ਮੈਂ ਐਵੇਂ ਈ ਛੱਤੀ-ਛੱਤੀ ਦੀ ਰੱਟ ਲਾਈ ਰੱਖੀ... ਗ਼ੁੱਸਾ ਗਿੱਲਾ ਭਾਈ ਮਾਫ਼... ਭਰਾ ਆਂ... ਉਹ ਕੁੜੀਏ...' ਨਾਲ਼ ਹੀ ਰਾਣੀ ਨੂੰ ਅਵਾਜ਼ ਮਾਰ ਕੇ ਕੋਲ਼ ਸੱਦ ਕੇ ਝੋਲਾ ਫੜਾਉਂਦਿਆਂ, 'ਧੀਏ ਕਦੇ ਖੇਤ-ਬੰਨੇ ਗੇੜਾ ਵੱਜੇ ਤਾਂ ਉਧਰੋਂ ਚਾਰ ਗੰਧਲਾਂ ਸਾਗ ਦੀਆਂ ਤੋੜ ਲਿਆਇਆ ਕਰੋ, ਸੋਡਾ ਆਵਦਾ ਖੇਤ ਐ...'

ਚੜ੍ਹਤ ਸਿੰਘ ਨੇ ਕਿਸੇ ਗੱਲ ਦਾ ਵੀ ਮੋੜ ਨਹੀਂ ਦਿੱਤਾ, ਸਗੋਂ ਉਵੇਂ ਹੀ ਆਪਣੇ ਕੰਮ ਵਿੱਚ ਰੁੱਝਿਆ ਰਿਹਾ ਤੇ ਪਟੇ ਵਿੱਚੋਂ ਰੌਂਦ ਕੱਢ ਕੇ ਬੰਦੂਕ ਵਿੱਚ ਪਾ ਲਏ।

'ਬੰਦੇ ਦਾ ਪਾਪ ਸਭ ਤੋਂ ਬੁਰਾ ਮੰਨਿਆ ਦੇਵੀ-ਦੇਵਤਿਆਂ ਨੇ, ਐਂਵੇ ਨਾ ਕਿਸੇ ਦੀ ਚੁੱਕ 'ਚ ਆ ਕੇ ਵਾਹਣ ਕਰਦੀਂ... ਬੰਦੇ ਦਾ ਮਤਾ ਰੰਗਤ ਵਟਾਉਂਦਾ ਰਹਿੰਦਾ, ਮੈਂ ਐਤਕੀ ਦੋ ਸਉ ਦੇ ਕਰੀਬ ਆਲ੍ਹਣੇ ਬਣਾ ਕੇ ਜਨੌਰਾਂ ਲਈ ਰੁੱਖਾਂ 'ਤੇ ਟੰਗ ਦਿੱਤੇ ਐ, ਬੀ ਏਨ੍ਹਾਂ ਦਾ ਪੁੰਨ-ਧਰਮ ਹੋ-ਜੂਗਾ... ਬੇ-ਜੁਬਾਨਾਂ ਦਾ'

'ਬੰਦੇ ਦਾ ਭਲਾ ਨਾ ਵਚਾਰੀਓ, ਜੀਹਦੀ ਕਾਈ ਜੁਬਾਨ ਨੀ ਹੁੰਦੀ ਉਹੀ ਆ ਕੇ ਕਹੂ... ਮੈਂ ਬੇ-ਜੁਬਾਨਾਂ ਦਾ ਸ਼ੇਰ-ਗਵਾਹ ਆਂ...' ਚੜ੍ਹਤ ਸਿੰਘ ਨੇ ਬੰਦੂਕ ਦੀ ਨਾਲ਼ੀ ਵਿੱਚ ਫੂਕ ਮਾਰ ਕੇ ਆਖਿਆ, 'ਬੰਦਿਆਂ ਦਾ ਸੋਚੋ, ਪੰਛੀ ਤਾਂ ਆਵਦਾ ਆਪ ਈ ਸੋਚ ਲੇਂਦੇ ਐ, ਏਹ ਕੇੜ੍ਹਾ ਇੱਕ-ਦੂਏ ਦਾ ਸਾਡੇ ਵਾਨੂੰ ਕੂੰਸ ਵਿਗਾੜਦੇ ਐ...'

ਸੁਲੱਖਣ ਨੂੰ ਕੋਈ ਗੱਲ ਨਹੀਂ ਔਂੜੀ ਤਾਂ ਬੱਸ ਹੁੰਗਾਰਾ ਈ ਭਰਿਆ, 'ਹੂੰ...'

'ਹੂੰ ਕੀ...'

'ਹਾਂ ਤੇਰੀ ਗੱਲ ਖ਼ਰੀ ਐ, ਪਰ ਪੁੰਨ ਧਰਮ ਤਾਂ ਪੁੰਨ ਧਰਮ ਈ ਹੁੰਦਾ...'

'ਕੋਈ ਪੁੰਨ ਧਰਮ ਨੀ, ਐਂਵੇ ਢੌਂਕਵੰਜ ਕਰਦੀ ਐ ਖ਼ਲਕਤ, ਹੁਣ ਨਾ ਸਰਕਾਰਾਂ ਨੇ ਮਾਤੜ ਬੰਦਿਆਂ ਨੂੰ ਬਰੋਬਰ ਦੇ ਹੱਕ ਦੇ ਕੇ ਊਚ-ਨੀਚ 'ਤੇ ਸਵਾਗਾ ਫੇਰ ਕੇ ਰੜਾ ਮੈਦਾਨ ਕਰਤਾ, ਜੇੜ੍ਹੀ ਚੀਜ਼ ਵੀ ਆਪ ਪੁੰਨ ਕਰਨ ਦੀ ਕੋਸ਼ਿਸ਼ ਕਰਦੇ ਐ, ਉਹ ਅਗਲੇ ਕੋਲ਼ ਪਹਿਲਾਂ ਈ ਹੁੰਦੀ ਐ, ਜੀਹਦੀ ਲੋੜ ਈ ਨਹੀਂ ਫੇਰ ਉਹਦਾ ਕਾਹਦਾ ਪੁੰਨ ਧਰਮ ਹੋਇਆ...'

ਚੜ੍ਹਤ ਸਿੰਘ ਦਾ ਮਤਾ ਹੁਣ ਹੋਰੂ ਜਿਹੇ ਹੋ ਗਿਆ ਸੀ। ਜਿਹੜੀ ਗੱਲ ਕਦੇ ਚਿੱਤ ਵਿੱਚ ਰੱਖਦਾ ਸੀ ਉਹ ਹੁਣ ਮੂੰਹ-ਫੱਟ ਹੋ ਕੇ ਪਟੱਕ ਦਿਣੇ ਅਗਲੇ ਦੇ ਮੱਥੇ ਮਾਰ ਦਿੰਦਾ।

'ਤੇਰੀਆਂ ਤੇਰੇ ਨਾਲ਼ ਈ ਐ ਚੜ੍ਹਤਿਆ' ਸੁਲੱਖਣ ਨੇ ਦੋਗਲਾ ਜਿਹਾ ਹੁੰਗਾਰਾ ਭਰਿਆ ਕਿਤੇ ਹੋਰ ਈ ਨਾ ਜੱਬ ਪੈ ਜਾਵੇ।

'ਬਈ ਪੁੰਨ ਧਰਮ ਤਾਂ ਪੁੱਛ ਕੇ ਕਰਨਾ ਚਾਹੀਦਾ ਨਾ, ਬਈ ਭਾਈ ਤੈਨੂੰ ਕਿਸ ਸ਼ੈਅ ਕੀ ਲੋੜ ਐ... ਦੱਸੋ...? ਉਹ ਦੇਈਏ... ਪਰ ਨਹੀਂ ਸੱਜਰੀ ਰੋਟੀ ਕੋਈ ਨਹੀਂ ਪਾਉਂਦਾ, ਬੇਹੀਆਂ ਦੇਣ ਦੀ ਆਦਤ ਐ...' ਉਹਨੇ ਬੰਦ ਕਰ ਕੇ ਖ਼ਾਲੀ ਬੰਦੂਕ ਦਾ ਨਿਸ਼ਾਨਾ ਘਰ ਵਿੱਚ ਸਿਨਿਆ, 'ਜੇੜ੍ਹੀ ਸ਼ੈਅ ਜਨੌਰ ਆਪ ਬਣਾ ਸਕਦੇ ਐ, ਸਾਡੇ ਨਾਲ਼ੋਂ ਵੀ ਵਧੀਆ, ਉਹ ਦੇਣ ਦੀ ਕੀ ਲੋੜ ਐ, ਉਹ ਦੇਣੀ ਤਾਂ ਮਹਾਂ-ਪਾਪ ਐ, ਮੇਰੇ ਸਾਬ 'ਚ... ਨਾਲ਼ੇ ਬੰਦੇ ਦਾ ਆਵਦੇ ਬਣਾਏ ਘਰਾਂ ਵਿੱਚ ਤਾਂ ਆਵਦਾ ਦਮ ਘੁੱਟਦਾ, ਫੇਰ ਉਹਦੇ ਬਣਾਏ ਆਲ੍ਹਣਿਆਂ 'ਚ ਉਹ ਕਿਵੇਂ ਚੈਨ ਨਾਲ਼ ਵੱਸਣਗੇ, ਬਸ ਅਸਾਨ ਕਰਕੇ ਉਹਨਾਂ ਤੋਂ ਮਿਹਨਤ ਖੋਹਣੀ ਐ...'

'ਨਹੀਂ ਊਂ... ਪੰਛੀ ਬਣਾ ਕੇ ਟੰਗੇ ਆਲ੍ਹਣਿਆਂ ਵਿੱਚ ਆਵਦੀ ਮਰਜ਼ੀ ਨਾਲ਼ ਵੀ ਤੀਲੇ ਰੱਖੀ ਜਾਂਦੇ ਐ...'

'ਰੱਖਣੇ ਈ ਐਂ... ਸਿਆਣੀ ਗੱਲ ਐ, ਪਤਾ ਉਨ੍ਹਾਂ ਨੂੰ ਬਈ ਆਵਦੇ ਹੱਥੀਂ ਬਣਾਏ ਘਰ ਦੀ ਕੀਮਤ ਕੀ ਹੁੰਦੀ ਐ...'

'ਚੰਗਾ ਮੈਂ ਜਾਨਾਂ...'

'ਓਏ ਭਰਾ ਚਾਹ ਤਾਂ ਪੀ ਜਾ...'

ਸੁਲੱਖਣ ਨੇ ਪਿੱਛੇ ਵੇਖੇ ਬਿਨ ਹੀ ਜੁਆਬ ਦਿੱਤਾ, 'ਫੇਰ ਕਿਤੇ ਸਹੀ...' ਤੇ ਆਪਣੇ ਗੱਲ ਵਿੱਚੋਂ ਮਰਿਆ ਸੱਪ ਲਾਹ ਦਿੱਤਾ। ਆਨੀਂ-ਬਹਾਨੀਂ ਹੋਰ ਵੀ ਕਿੰਨੇ ਲੋਕ ਉਹਦੇ ਤੋਂ ਮਾਫ਼ੀ ਮੰਗ ਗਏ ਸੀ। ਕਿਸੇ ਨੇ ਤਾਂ ਉਹਦੇ ਘਰ ਆ ਕੇ ਦੀਵਾਲੀ ਕਰਕੇ ਬਣਾਈ ਮਠਿਆਈ ਦੇ ਦਿੱਤੀ। ਚੜ੍ਹਤ ਸਿੰਘ ਨੇ ਜਦ ਕੰਧੋਲੀ ਵੱਲ ਵੇਖਿਆ ਤਾਂ ਉੱਥੇ ਕਿੰਨੀ ਹੀ ਮਠਿਆਈ ਤੇ ਫਲ-ਫਰੂਟ ਪਏ ਸੀ।

ਦੀਵਾਲੀ ਦਾ ਇਹ ਦਿਨ ਪਿੰਡ ਦੇ ਉਹਨਾਂ ਲੋਕਾਂ ਲਈ ਖ਼ਾਸ ਹੁੰਦਾ ਸੀ, ਜਿਹੜੇ ਥੋੜ੍ਹੇ ਜਿਹੇ ਵੇਲ-ਪੁਣੇ ਵਿੱਚ ਪੈਰ ਰੱਖਣ ਲਈ ਉਤਾਵਲੇ ਸੀ ਜਾਂ ਸ਼ੌਕੀਨ ਵੀ ਸੀ। ਉਹਨਾਂ ਨੇ ਸਿਰਫ਼ ਬੰਦੂਕ ਚੱਲਦੀ ਫ਼ਿਲਮਾਂ ਵਿੱਚ ਹੀ ਵੇਖੀ ਸੀ ਜਾਂ ਫੇਰ ਇਸ ਦਿਨ ਉਹ ਚੌਧਰੀ ਦੀ ਹਵੇਲੀ ਵਿੱਚ ਰਾਤ ਨੂੰ ਫ਼ਾਇਰ ਚੱਲਦਾ ਵੇਖਦੇ ਸੀ...!!

ਸਾਰੇ ਰਾਏ ਕਰਕੇ ਚੌਧਰੀ ਦੀ ਗਲ਼ੀ ਵਿੱਚ ਜਾ ਕੇ ਬੈਠ ਜਾਂਦੇ। ਧੂਣੀ ਬਾਲ ਕੇ ਬਹਿ ਜਾਂਦੇ...!!

ਕਈ ਬੰਦੇ ਤਾਂ ਧੂਣੀ ਦੀ ਅੱਗ ਨੂੰ ਡੋਲੂ ਵਿੱਚ ਪਾ ਕੇ ਨਾਲ਼ ਲੈ ਜਾਂਦੇ ਤੇ ਹੱਥ ਵਿੱਚ ਕਰਕੇ ਸੇਕੀ ਜਾਂਦੇ। ਚੌਧਰੀ ਚੁਬਾਰੇ ਵਿੱਚ ਅੱਧੀ ਰਾਤ ਨੂੰ ਬਾਹਰ ਆਉਂਦਾ ਤਾਂ ਅੱਧ-ਸੁੱਤੇ ਲੋਕ ਫ਼ਾਇਰ ਦਾ ਖੜਾਕ ਚੰਗੀ ਤਰ੍ਹਾਂ ਸੁਣਨ ਲਈ, ਕੰਨਾਂ ਉੱਤੋਂ ਪੱਗ ਦਾ ਲੜ ਦੂਰ ਕਰ ਲੈਂਦੇ। ਜੇ ਕਿਸੇ ਦੇ ਪੈਰ ਦਾ ਖੜਾਕ ਵੀ ਹੁੰਦਾ ਤਾਂ ਉਹਨੂੰ ਘੂਰਦੇ। ਫ਼ਾਇਰ ਕਰਨ ਤੋਂ ਬਾਦ ਚੌਧਰੀ ਏਹ ਖੋਲ਼ ਚੱਕ ਕੇ ਥੱਲੇ ਗਲ਼ੀ ਵਿੱਚ ਖੜ੍ਹੇ ਲੋਕਾਂ ਵਿੱਚ ਸੁੱਟ ਦਿੰਦਾ।

ਕਿਸੇ ਹੀਰੇ ਵਾਂਙ ਚੱਲਿਆ ਕਾਰਤੂਲ ਲੱਭਣ ਲਈ ਸਭ ਵਿੱਚ ਹਫ਼ੜਾ-ਦਫੜੀ ਮੱਚ ਜਾਂਦੀ।

ਇੱਕ ਦੂਜੇ ਨਾਲ਼ ਲੜਦੇ...

ਕਦੇ ਕੋਈ ਮੁੱਕੀ ਮਾਰ ਦਿੰਦਾ।

ਏਹ ਚੱਲੇ ਕਾਰਤੂਸ ਲਈ ਹੀ ਪਿੰਡ ਦੇ ਲੋਕ ਆਉਂਦੇ ਸੀ...!!

ਕਿਉਂਕਿ...!!

ਜਿਸ ਬੰਦੇ ਕੋਲ ਇਹ ਕਾਰਤੂਸ ਹੁੰਦਾ, ਉਹਨੂੰ ਸਵੇਰੇ ਹਵੇਲੀ ਦੀ ਬਣੀ ਰਸਮ-ਰਿਵਾਜ ਅਨੁਸਾਰ ਸਵਾ ਮਣ ਕਣਕ ਤੇ ਇੱਕ ਰਾਮ ਗਾਂ ਦਿੰਦਾ ਸੀ। ਕਈ ਲੋਕਾਂ ਨੇ ਗਲਾਂ ਵਿੱਚ ਉਹਦੇ ਚਲਾਏ ਕਾਰਤੂਸ ਤਵੀਤ ਬਣਾ ਕੇ ਪਾਏ ਸੀ।

ਪਰ ਅੱਜ ਦੀ ਦੀਵਾਲੀ 'ਤੇ ਕੁਝ ਹੋਰ ਵਾਪਰ ਗਿਆ...!!

ਚੌਧਰੀ ਨੇ ਚਾਦਰੇ ਦੇ ਵੱਲ ਕੱਢੇ ਤੇ ਕੋਲ਼ ਪਈ ਪਰੌਂਸ ਨੂੰ ਛਾਤੀ 'ਤੇ ਫੇਰ ਕੇ ਕੁੜਤੇ ਦਾ ਵਲ ਕੱਢ ਲਿਆ। ਬੰਦੂਕ ਵਿੱਚੋਂ ਰੌਂਦ ਕੱਢ ਕੇ ਆਪਣੇ ਮੂੰਹ ਵਿੱਚ ਦੱਬ ਲਿਆ ਤਾਂ ਜੋ ਲੋਕਾਂ ਦੇ ਅੱਗੇ ਬੰਦੂਕ ਵਿੱਚ ਰੌਂਦ ਪਾਉਣ ਦਾ ਨਜ਼ਾਰਾ ਤੇ ਰੋਅਬ ਵੱਖਰਾ ਹੀ ਹੁੰਦਾ। ਬਨੇਰਿਆਂ 'ਤੇ ਬਲ਼ਦੇ ਦੀਵਿਆਂ ਦੇ ਚਾਨਣ ਕਰਕੇ ਚਿਲਕਣੇ ਕੁੜਤੇ ਤੇ ਵਾਹੀਆਂ ਤਿੱਤਲੀਆਂ ਹੋਰ ਚਮਕਾਰੇ ਮਾਰਨ ਲੱਗੀਆਂ।

ਗਲਾਸ ਵਿੱਚ ਪਈ ਜੂਠੀ ਦਾਰੂ ਕਾਮੇ ਨੂੰ ਪੀਣ ਲਈ ਇਸ਼ਾਰਾ ਕੀਤਾ ਤਾਂ ਉਹਨੇ ਲੱਕ ਵਿੱਚ ਕੁੱਬ ਪਾ ਕੇ ਬੁੱਕ ਬਣਾ ਕੇ ਅੱਗੇ ਕਰ ਦਿੱਤਾ। ਇਹ ਦੇ ਵਿੱਚ ਦਾਰੂ ਪਵਾ ਕੇ ਪੀ ਗਿਆ। ਉਹਨੇ ਤਖ਼ਤਿਆਂ ਨੂੰ ਠੁੱਡਾ ਮਾਰ ਕੇ ਖੋਲਿਆ ਤਾਂ ਕੋਲ਼ ਪੀੜ੍ਹੀਆਂ 'ਤੇ ਬੈਠੇ ਕੁੱਤਿਆਂ ਨੇ ਪੂਛ ਹਿਲ ਕੇ ਵਫ਼ਾਦਾਰੀ ਦੀ ਗਵਾਹੀ ਭਰੀ।

ਚੌਧਰੀ ਨੂੰ ਮੂੰਹ ਵਿੱਚੋਂ ਕਾਰਤੂਸ ਕੱਢ ਕੇ ਬੰਦੂਕ ਵਿੱਚ ਪਾਇਆ ਤੇ ਅਕਾਸ਼ ਵੱਲ ਸਿੰਨ ਕੇ ਜਦ ਥੱਲੇ ਗਲ਼ੀ ਵਿੱਚ ਵੇਖਿਆ ਤਾਂ ਕੋਈ ਵੀ ਬੰਦਾ ਨਹੀਂ। ਚਾਰੇ ਪਾਸੇ ਚੱਕਰ ਕੱਟ ਕੇ ਵੇਖਿਆ ਕਿਸੇ ਦੀ ਵਾਈ-ਧਾਈ ਨਹੀਂ ਲੱਭੀ। ਚੌਧਰੀ ਦੀਆਂ ਹਰਖ ਨਾਲ ਦੋਵੇਂ ਮੁੱਠੀਆਂ ਬੰਦ ਹੋਈਆਂ ਤੇ ਘੋੜਾ ਨੱਪਿਆ ਗਿਆ। ਫਾਇਰ ਹੋਇਆ ਪਿੱਪਲ ਦਾ ਖੋਖਾ ਥੱਲੇ ਡਿੱਗ ਪਿਆ, ਜਦ ਘੋੜਾ ਪਿੱਛੇ ਖਿੱਚਿਆ।

ਕਾਮੇ ਨੂੰ ਚਾਅ ਸੀ...!!

ਇਸ ਕਾਰਤੂਸ ਨੂੰ ਚੱਕਣ ਵਾਲ਼ਾ ਕੋਈ ਹੋਰ ਨਹੀਂ ਬਚਿਆ, ਸਗੋਂ ਉਹੀ ਕੱਲ੍ਹ ਆਪਣੇ ਘਰੇ ਰਾਮ ਗਾਂ ਤੇ ਸਵਾ ਮਣ ਕਣਕ ਲੈ ਕੇ ਜਾਵੇਗਾ।

ਚੌਧਰੀ ਨੇ ਕਰੋਧ ਨਾਲ਼ ਭਰੀ ਨਜ਼ਰ ਨਾਲ਼ ਸਾਰੇ ਪਿੰਡ ਵੱਲ ਵੇਖਿਆ ਤੇ ਇੱਕ ਹੋਰ ਫ਼ਾਇਰ ਕਰ ਦਿੱਤਾ ਚੜ੍ਹਤ ਸਿੰਘ ਦੇ ਘਰ ਵੱਲ, ਜਿੱਥੇ ਲੋਕਾਂ ਦਾ ਵੱਡਾ ਸਾਰਾ ਇੱਕਠ ਜੁੜਿਆ ਸੀ। ਬਨ੍ਹੇਰਿਆਂ 'ਤੇ ਬਣੇ ਬਾਜਾਂ ਦੀਆਂ ਅੱਖਾਂ ਵਿੱਚ ਲਾਈਆਂ ਕੱਚ ਦੀਆਂ ਗੋਲੀਆਂ ਦਗ ਰਹੀਆਂ ਸੀ। ਜਿਵੇਂ ਉਹਦਾ ਗੁੱਸਾ ਉਨ੍ਹਾਂ ਦੀਆਂ ਬਣੀਆਂ ਕੱਚ ਦੀਆਂ ਅੱਖਾਂ ਵਿੱਚ ਵੀ ਉਤਰ ਗਿਆ ਸੀ।

ਚੌਧਰੀ ਨੇ ਪੰਚਾਂ ਨੂੰ ਚੜ੍ਹਤ ਸਿੰਘ ਦੇ ਘਰ ਮੰਜਿਆਂ 'ਤੇ ਬੜੇ ਹੀ ਮਾਣ-ਇੱਜ਼ਤ ਨਾਲ਼ ਬੈਠਿਆਂ ਵੇਖਿਆ ਤੇ ਕਚੀਚੀ ਲੈ ਕੇ ਆਪਣੇ ਸੌਣ ਕਮਰੇ ਵਿੱਚ ਜਾ ਕੇ, ਬਾਕੀ ਦੀ ਰਾਤ ਵਿੱਚ ਦਾਰੂ ਪੀਂਦਾ ਰਿਹਾ।

ਚੜ੍ਹਤ ਸਿੰਘ ਨੇ ਆਪਣੇ ਘਰ ਦੀ ਚਾਰ ਦੀਵਾਰੀ ਦੀਆਂ ਕੰਧਾਂ ਤੋਂ ਇੱਟਾਂ ਚੁੱਕ ਕੇ ਖੜ੍ਹੇ ਲੋਕਾਂ ਲਈ ਇੰਜ ਰੱਖ ਦਿੱਤੀਆਂ ਜਿਵੇਂ ਕੁਰਸੀਆਂ ਡਾਹ ਰਿਹਾ ਹੋਵੇ। ਕੁਝ ਲੋਕਾਂ ਨੇ ਆਪ ਹੀ ਇੱਟਾਂ ਚੱਕ ਕੇ ਬੈਠਣ ਦੀ ਖੇਚਲ਼ ਕੀਤੀ।

ਬਾਬੇ ਮਿਲਖ਼ੀ ਨੇ ਸਾਰੇ ਬੰਦਿਆਂ ਦੇ ਚਿਹਰਿਆਂ ਤੇ ਮਾਣ ਨਾਲ਼ ਨਜ਼ਰ ਮਾਰੀ ਤਾਂ ਸਭ ਦੀਆਂ ਹਿੱਕਾਂ ਚੌੜੀਆਂ ਤੇ ਮੋਢੇ ਤਣੇ ਹੋਏ ਸੀ। ਕੋਠੇ ਵਿੱਚ ਸਾਹਮਣੇ ਬਣੀ ਅੰਗੀਠੀ ਤੇ ਪਈ ਬੰਦੂਕ ਦੇ ਰੌਂਦਾਂ ਵਾਲ਼ੇ ਪਟੇ ਵੱਲ ਵੇਖ ਕੇ ਇੱਕ ਦੂਜੇ ਦੇ ਕੰਨਾਂ ਵਿੱਚ ਖੁਸਰ-ਮੁਸਰ ਹੁੰਦੀ ਪਈ ਸੀ।

'ਸਾਰੇ ਆਗੇ ਬਈ... ਕੋਈ ਰਹਿ ਤਾਂ ਨਹੀਂ ਗਿਆ... ਪਟਾਕਾ ਪਵਾਈਏ ਫੇਰ...'

ਬਾਬੇ ਨੇ ਲੰਮੇ-ਲੰਮੇ ਘੁੰਡ ਕੱਢ ਕੇ ਖੜ੍ਹੀਆਂ ਤੀਵੀਆਂ ਵੱਲ ਵੀ ਨਿਗਾਹ ਮਾਰੀ।

'ਹਾਂ ਜੀ ਸਾਰੇ ਆਗੇ ਐ...' ਉਹਨੇ ਲੋਕਾਂ ਦੀਆਂ ਅੱਖਾਂ ਵਿੱਚ ਬੰਦੂਕ ਚੱਲਦੀ ਵੇਖਣ ਦੀ ਅਜੀਬ ਤਾਂਘ ਵੇਖੀ ਤੇ ਪੱਗ ਦਾ ਤੁਰਲਾ ਸਹੀ ਕਰਕੇ ਮੁੱਛਾਂ ਨੂੰ ਤਾਅ

ਦਿੰਦਿਆਂ, 'ਹੁਣ ਚੜ੍ਹਤ ਸਿਆਂ ਸ਼ੇਰ ਬਣ ਕੇ ਫ਼ਾਇਰ ਕਰਕੇ ਗੁਰੂਆਂ ਨੂੰ ਸ਼ਰਧਾਜਲੀ ਦੇ ਕੇ ਸਾਰਿਆਂ ਨੂੰ ਫਾਰਗ ਕਰਦੇ... ਏਹ ਤਾਂ ਉਧਰ ਚੌਧਰੀ ਆਲ਼ੇ ਬੰਨੇ ਜਾਂਦੇ ਸੀਗੇ, ਮੈਂ ਆਖਿਆ ਆਵਦੇ ਅਗਵਾੜ ਵਿੱਚ ਬੰਦੂਕ ਐ... ਹੁਣ ਬਰਾਬਰ ਦੀ ਢੇਰੀ ਬਣਗੀ ਐ, ਸਾਨੂੰ ਤਾਂ ਪਤਾ ਨਹੀਂ ਕਿਉਂ ਲਸੰਸ ਈ ਨਹੀਂ ਪਾਸ ਕਰਿਆ ਕਦੇ ਡੀ.ਸੀ. ਨੇ... ਤੂੰ ਦੋ ਦਿਨਾਂ 'ਚ ਰਫ਼ਲ ਮੋਢੇ ਤੇ ਟੰਗ ਲਈ...'

'ਨਹੀਂ...' ਚੜ੍ਹਤ ਸਿੰਘ ਨੇ ਆਪਣੀ ਧੌਣ ਹਿਲਾ ਕੇ ਨਾ ਕਰ ਦਿੱਤੀ। ਮਿਲਖ਼ੀ ਨੂੰ ਬਾਬੇ ਮਿਲਖ਼ੀ ਨੂੰ ਇਉਂ ਭਰੀ ਪੰਚਾਇਤ ਵਿੱਚ ਆਪਣੀ ਹੇਠੀ ਹੁੰਦੀ ਵਿਖਾਈ ਦਿੱਤੀ। ਉਹਦੇ ਪੱਲੇ ਰਹਿਣਾ ਕੱਖ ਨਹੀਂ ਸੀ। ਲੋਕਾਂ ਨੇ ਚਾਹੇ ਉਹ ਦੇ ਮੂੰਹ 'ਤੇ ਤਾਂ ਨਹੀਂ ਸੀ ਬੋਲਣਾ ਪਰ ਪਿੱਠ ਪਿੱਛੇ ਜ਼ਰੂਰ ਮਿਹਣੇ ਮਾਰਨੇ ਸੀ ਕਿ ਇਹਦੀ ਵਜ੍ਹਾ ਕਰਕੇ ਆਪਾਂ ਚੌਧਰੀ ਦੀ ਬੰਦੂਕ ਚੱਲਦੀ ਵੇਖਣ ਦਾ ਸੁਭਾਗ ਵੀ ਗਵਾ ਲਿਆ। ਹੁਣ ਤਾਂ ਫੇਰ ਅਗਲੇ ਸਾਲ ਤੱਕ ਗੱਲ ਆਈ ਗਈ ਹੋ ਗਈ। ਨਾਲ਼ ਆਏ ਢੋਲੀ ਨੇ ਢੋਲ ਵਜਾਉਣਾ ਬੰਦ ਕਰ ਦਿੱਤਾ ਸੀ।

ਬਾਬਾ ਉਹਨੂੰ ਬਾਹੋਂ ਫੜ ਕੇ ਸਾਹਮਣੀ ਕੋਠੜੀ ਵਿੱਚ ਲੈ ਗਿਆ, ਜੀਹਦੇ ਵਿੱਚ ਬੈਠੀ ਰਾਣੀ ਚੁੰਨੀ ਨਾਲ ਕੰਨ ਵਲੇਟ ਕੇ ਬਾਹਰ ਵਿਹੜੇ ਵਿੱਚ ਆ ਕੇ ਕੰਧੋਲੀ ਉਹਲੇ ਨੀਵੀਂ ਪਾ ਕੇ ਬਹਿ ਗਈ। ਜੰਗਲੇ ਵਿੱਚ ਬਲਦੇ ਦੀਵੇ ਦੇ ਚਾਨਣ ਕਰਕੇ ਉਹਨਾਂ ਦੇ ਪਰਛਾਵੇਂ ਕੰਧਾਂ ਉੱਤੇ ਕਠਪੁਤਲੀਆਂ ਵਾਂਙ ਹਿਲਦੇ ਵਿਖਾਈ ਦਿੱਤੇ। ਚਾਨਣ ਨੇ ਕੋਈ ਉਹਲਾ ਨਹੀਂ ਸੀ ਰਹਿਣ ਦਿੱਤਾ। ਸਭ ਕੁਝ ਜੱਗ-ਜ਼ਾਹਿਰ ਕਰ ਦਿੱਤਾ।

'ਮੇਰੀ ਆਨ-ਸ਼ਾਨ ਮਿੱਟੀ 'ਚ ਰੁਲ-ਜੂ, ਜੇ ਤੂੰ ਅੱਜ ਮੇਰੇ ਆਖੇ 'ਤੇ ਫ਼ਾਇਰ ਨਾ ਕੀਤਾ, ਮੈਂ ਪਿੰਡ 'ਚ ਕਿਸੇ ਨੂੰ ਮੂੰਹ ਵਖਾਉਣ ਜੋਗਾ ਨਹੀਂ ਰਹਿਣਾ...' ਬਾਬਾ ਮਿਲਖ਼ੀ ਹੱਥ ਜੋੜ ਕੇ ਤਰਲਾ ਕਰਨ 'ਤੇ ਉਤਰ ਆਇਆ।

'ਨਹੀਂ... ਸਾਡੇ ਰੌਂਦ ਗਿਣੇ ਹੁੰਦੇ ਐ ਸਰਕਾਰ ਨੇ, ਮੈਂ ਫ਼ਾਇਰ ਨੀਂ ਕਰ ਸਕਦਾ... ਮੇਰੇ ਰੌਂਦ ਮੁੱਕ ਜਾਣਗੇ....' ਚੜ੍ਹਤ ਸਿੰਘ ਨੇ ਮਿਲਖ਼ੀ ਦੇ ਜੁੜੇ ਹੱਥ ਖੋਲ੍ਹ ਕੇ ਆਪਣੇ ਹੱਥ ਜੋੜ ਲਏ।

'ਨਹੀਂ... ਤੈਨੂੰ ਪੰਚਾਇਤ ਦੀ ਪੱਗ ਰੱਖਣੀ ਈ ਪਊਗੀ, ਪਿੰਡ 'ਚ ਰੱਬ ਵੱਸਦਾ, ਉਹਦਾ ਹੁਕਮ ਤਾਂ ਰੱਬ ਵੀ ਨਹੀਂ ਟਾਲ ਸਕਦਾ... ਗੁਰੂ ਸਾਬ ਨੇ ਵੀ ਪੰਜ ਪਿਆਰਿਆਂ ਦੇ ਆਖੇ ਲੱਗ ਕੇ ਰੱਬ ਦਾ ਹੁਕਮ ਮੰਨਿਆ ਸੀ...' ਬਾਬੇ ਨੇ ਸਿਰ ਤੋਂ ਪੱਗ ਲਾਹ ਕੇ ਉਹਦੇ ਅੱਗੇ ਰੱਖਣ ਦੀ ਕੋਸ਼ਿਸ਼ ਕੀਤੀ ਤੇ ਫੇਰ ਨਵੀਂ ਖੁੰਦਕ ਛੇੜ ਦਿੱਤੀ, 'ਤੇਰੀ ਬੰਦੂਕ ਚਲਦੀ ਵੀ ਐ ਕਿਤੇ ਫੂਕਣੀ ਤਾਂ ਨਹੀਂ ਚੱਕੀ ਫਿਰਦਾ...'

ਪਰ ਇਸ ਗੱਲ ਦਾ ਪੱਕਾ ਪਤਾ ਚੜ੍ਹਤ ਸਿੰਘ ਨੂੰ ਵੀ ਨਹੀਂ ਸੀ। ਉਹਨੇ ਕਦੇ ਇਹਦਾ ਫ਼ਾਇਰ ਕੀਤਾ ਹੀ ਨਹੀਂ ਸੀ। ਉਹਦੇ ਅੰਦਰ ਵੀ ਏਸ ਗੱਲ ਦਾ ਧੁੜਕੂ ਲੱਗ

ਗਿਆ, 'ਜੇ ਬੰਦੂਕ ਨਾ ਚੱਲਦੀ ਹੋਈ ਫੇਰ ਕੱਲ੍ਹ ਨੂੰ ਚੋਰ ਦਾ ਹੌਂਸਲਾ ਵੀ ਵੱਧ ਸਕਦਾ, ਮੈਂ ਵੇਖੀ ਜੇਮੀ ਏਹ ਬੰਦੂਕ ਦਾ ਫ਼ਾਇਰ ਕਰਕੇ ਵੇਖ ਈ ਲਵਾਂ... ਏਹ ਦੀ ਧੁੰਮ ਚਾਰੇ ਕੂਟਾਂ ਵਿੱਚ ਪੈ ਜਾਊਗੀ, ਇਲਾਕੇ ਦੇ ਚੋਰਾਂ ਤੇ ਡਾਕੂਆਂ ਦਾ ਕਦੇ ਵੀ ਏਸ ਵੱਲ ਮੂੰਹ ਕਰਨ ਦਾ ਹੀਆ ਨਾ ਪਵੇ...'

'ਠੀਕ ਐ...'

ਉਹਨੇ ਸਾਹਮਣੇ ਕੰਧ 'ਤੇ ਲਟਕ ਰਹੀ ਬੰਦੂਕ ਚੱਕ ਲਈ ਤੇ ਬਾਹਰ ਆ ਗਿਆ। ਬਾਬਾ ਰੌਂਦਾਂ ਆਲ਼ਾ ਪਟਾ ਆਪਣੇ ਹੱਥ ਵਿੱਚ ਫੜ੍ਹ ਕੇ ਮੁੱਛ ਨੂੰ ਤਾਅ ਦਿੰਦਾ ਨਾਲ਼ ਹੀ ਬਾਹਰ ਆ ਗਿਆ। ਬਾਹਰ ਵਿਹੜੇ ਵਿੱਚ ਖੜ੍ਹੇ ਬੰਦੇ ਬੈਠ ਗਏ। ਚੜ੍ਹਤ ਸਿੰਘ ਨੇ ਪਟੇ ਵਿੱਚੋਂ ਇੱਕ ਰੌਂਦ ਕੱਢ ਕੇ ਬੰਦੂਕ ਵਿੱਚ ਪਾਇਆ ਤੇ ਆਪਣੇ ਇਸ਼ਟ ਨੂੰ ਧਿਆਉਣ ਲੱਗ ਪਿਆ। ਨਿਸ਼ਾਨਾ ਹਵਾ ਵਿੱਚ ਲਾਉਣ ਲਈ ਚੰਦ ਦੀ ਸੇਧ ਕਰਨ ਲਈ ਜਦ ਬੰਦੂਕ ਨੂੰ ਘੁੰਮਾਇਆ ਤਾਂ ਜਿਸ ਪਾਸੇ ਵੱਲ ਵੀ ਬੰਦੂਕ ਦਾ ਮੂੰਹ ਹੋਇਆ ਸਾਰੇ ਲੋਕ ਧਰਤੀ 'ਤੇ ਵਿੱਛ ਗਏ।

ਕੰਨਾਂ 'ਤੇ ਦੋਵੇਂ ਹੱਥ ਘੁੱਟ ਕੇ ਰੱਖ ਲਏ ਕਈਆਂ ਨੇ।

ਜਦੋਂ ਉਹ ਘੋੜਾ ਦੱਬਣ ਲੱਗਿਆ ਤਾਂ ਭੱਜ ਕੇ ਅੰਦਰ ਚਲਾ ਗਿਆ। ਨਿੱਕੀ ਸੰਦੂਕੜੀ ਕੋਲ਼ ਪਈ ਟੇਪ ਵਾਲ਼ੀ ਫਿਰਕੀ ਚੱਕ ਕੇ ਬਾਹਰ ਲੈ ਆਇਆ। ਇਹਦੇ ਚੋਂ ਟੇਪ ਉਤਾਰ ਕੇ, ਦੰਦਾਂ ਨਾਲ਼ ਕੱਟ ਕੇ, ਬੰਦੂਕ ਵਿੱਚ ਪਾਏ ਰੌਂਦ ਨੂੰ ਬਾਹਰ ਕੱਢ ਲਿਆ। ਤੇ ਚੇਪੀ ਨੂੰ ਤਸੱਲੀ ਨਾਲ਼ ਰੌਂਦ 'ਤੇ ਲਾਇਆ।

ਰੌਂਦ ਬੰਦੂਕ ਵਿੱਚ ਪਾ ਕੇ ਫਿਰ ਹਵੇਲੀ ਦੇ ਕਿੰਗਰਿਆਂ ਦਾ ਨਿਸ਼ਾਨਾ ਸਿੰਨ ਕੇ ਘੋੜਾ ਦੱਬਿਆ ਤਾਂ ਰੌਂਦ ਮਿਸ ਹੋ ਗਿਆ। ਅਧਜਲੇ ਬਰੂਦ ਦਾ ਗੰਦਾ ਧੂੰਆਂ ਬਟ ਵਿੱਚੋਂ ਨਿਕਲ ਕੇ ਨਾਸਾਂ ਨੂੰ ਚੜ੍ਹ ਗਿਆ। ਖੰਘ ਛਿੜ ਗਈ, ਜੀਹਨੂੰ ਰੋਕਣ ਲਈ ਜਬਾੜਾ ਜ਼ੋਰ ਨਾਲ਼ ਘੁੱਟ ਲਿਆ।

ਰਾਣੀ ਭੱਜ ਕੇ ਘੜੇ ਵਿੱਚੋਂ ਪਾਣੀ ਦਾ ਗਲਾਸ ਭਰ ਕੇ ਉਹਨੂੰ ਪੀਣ ਲਈ ਦਿੱਤਾ।

'ਚੌਧਰੀ ਦੀ ਬੰਦੂਕ ਤਾਂ ਖੜਕਾ ਈ ਬੌਤ ਕਰਦੀ ਐ, ਏਹ ਤਾਂ ਕੁਸਕੀ ਈ ਨਹੀਂ...' ਲੋਕ ਇੱਕ ਦੂਜੇ ਦੇ ਮੂੰਹਾਂ ਵੱਲ ਸਵਾਲੀ ਨਜ਼ਰ ਵਿੱਚ ਝਾਕਣ ਲੱਗ ਪਏ।

ਚੜ੍ਹਤ ਸਿੰਘ ਨੇ ਹੱਥ ਦੇ ਪੱਲੇ ਨਾਲ਼ ਹਵਾ ਝੱਲ ਕੇ ਬੰਦੂਕ ਵਿਚੋਂ ਨਿਕਲਦੇ ਧੂੰਏਂ ਨੂੰ ਪਾਸੇ ਕੀਤਾ ਤੇ ਬੋਲਿਆ, 'ਚੌਧਰੀ ਨੇ ਕਦੇ ਕੋਈ ਬੰਦਾ ਮਾਰਿਆ, ਏਹ ਐਂ ਹੀ ਚੱਲਦੀ ਹੁੰਦੀ ਐ, ਜੇ ਖੜਕਾ ਕਰੂੰਗੀ ਤਾਂ ਫੇਰ ਅਗਲਾ ਭੱਜ ਨਾ ਜਾਊ'

'ਹਾਂ ਹਾਂ... ਨਾਲ਼ੇ ਚੌਧਰੀ ਕੋਲ਼ ਤਾਂ ਤਿੱਤਰ-ਕਬੂਤਰ ਮਾਰਨ ਆਲ਼ੀ ਬੰਦੂਕ ਐ, ਬੰਦੇ ਮਾਰਨ ਆਲ਼ੀ ਤਾਂ ਫੇਰ ਐਂ ਈ ਚੱਲਦੀ ਹੁੰਦੀ ਐ...' ਮਿਲਖੀ ਨੇ ਦਾੜ੍ਹੀ ਨੂੰ ਪਲੋਸ ਕੇ, ਵੱਟ ਚਾੜ੍ਹ ਕੇ ਥੱਲ਼ੇ ਗੰਢ ਮਾਰ ਲਈ। ਉਹਨੇ ਪਲੇਟ ਵਿੱਚੋਂ ਹਾਰ ਚੱਕ ਕੇ ਚੜ੍ਹਤ ਸਿੰਘ ਦੇ ਗਲ਼ ਪਾ ਕੇ ਹਲਦੀ ਦਾ ਟਿੱਕਾ ਲਾ ਦਿੱਤਾ।

ਤਾੜੀਆਂ ਮਾਰਦੇ ਹੋਏ ਲੋਕ ਘਰਾਂ ਵੱਲ ਚਲੇ ਗਏ...।

ਉਹ ਵਿਹੜੇ ਵਿੱਚ ਪਈਆਂ ਇੱਟਾਂ ਨੂੰ ਉਵੇਂ ਵੇਖਦਾ ਹੋਇਆ ਬੰਦੂਕ ਦੀ ਫਿਰ ਮੁਰੰਮਤ ਕਰਨ ਲੱਗ ਪਿਆ।

□ □ □

ਚੌਧਰੀ ਨੇ ਵਿਹੜੇ ਵਿੱਚ ਫਿਰਦੇ ਕੁੱਕੜ ਨੂੰ ਆਪਣੀ ਤਲੀ 'ਤੇ ਦਾਣੇ ਰੱਖ ਕੇ ਕੋਲ਼ ਬੁਲਾ ਲਿਆ। ਜਦ ਉਹਦੇ ਹੱਥ 'ਤੇ ਪਈ ਚੋਗ ਚੁਗਣ ਲੱਗਿਆ ਤਾਂ ਉਹਨੇ ਕੁੱਕੜ ਦੀ ਗਰਦਨ ਖਿੱਚ ਕੇ ਜੜ ਵਿੱਚੋਂ ਪੱਟ ਕੇ, ਥਮ੍ਹਲੇ ਨਾਲ਼ ਬੰਨ੍ਹੇ ਸ਼ਿਕਾਰੀ ਕੁੱਤੇ ਅੱਗੇ ਸੁੱਟ ਦਿੱਤਾ।

ਕੁੱਤੇ ਨੇ ਬਿੰਦ ਵਿੱਚ ਹੀ ਉਹਦੇ ਖੰਭ ਹਵਾ ਵਿੱਚ ਉਡਾ ਦਿੱਤੇ।

ਕੁੱਕੜ ਦਾ ਬੁਰਾ ਹੁੰਦਾ ਹਸ਼ਰ ਵੇਖ ਕੇ ਬਾਕੀ ਮੁਰਗਿਆਂ ਨੇ ਕੁੜ-ਕੁੜ ਕਰਨਾ ਸ਼ੁਰੂ ਕਰ ਦਿੱਤਾ। ਫਿਰ ਕੁੱਤੇ ਦੇ ਡਰ ਕਰਕੇ ਪਰ੍ਹਾਂ ਖੁੱਡਿਆਂ ਵਿੱਚ ਜਾ ਕੇ ਬੈਠ ਗਏ।

ਉਹ ਗਲ਼ੀ ਵਿੱਚ ਜਾਂਦੇ ਲੋਕਾਂ ਦੇ ਮੂੰਹਾਂ ਵਿੱਚੋਂ ਚੜ੍ਹਤ ਸਿੰਘ ਦੀ ਚਲਾਈ ਬੰਦੂਕ ਦੀ ਤਰੀਫ਼ ਸੁਣ ਕੇ ਵਿਊਂ ਘੋਲਦਾ ਪਿਆ ਸੀ। ਚੌਧਰਾਣੀ ਵੀ ਦੁੱਧ ਆਲ਼ੀ ਗੜਵੀ ਕੋਲ਼ ਰੱਖ ਕੇ ਪੈਰੀਂ ਹੱਥ ਲਗਾ ਕੇ ਬਿਨਾ ਕੁਝ ਬੋਲੇ ਅੰਦਰ ਚਲੀ ਗਈ। ਉਹ ਹਰਖ ਵਿੱਚ ਬੈਠਾ, ਲੋਕਾਂ ਦੇ ਚਿਹਰੇ 'ਤੇ ਖ਼ੁਮਾਰੀ ਬਣ ਕੇ ਚੜ੍ਹੀ ਖ਼ੁਸ਼ੀ ਨੂੰ ਛੇਤੀ ਹੀ ਕਿਸੇ ਤਰੀਕੇ ਨਾਲ਼ ਡੂੰਘੇ ਪਛਤਾਵੇ ਵਿੱਚ ਬਦਲਣ ਦੀ ਵਿਉਂਤ ਘੜਦਾ ਰਿਹਾ। ਪਰ ਕੋਈ ਸਿਰਾ ਨਹੀਂ ਸੀ ਲੱਭਦਾ ਪਿਆ।

ਕਾਮੇ ਨੇ ਆਪਣੇ ਬਾਂਹ ਦੀ ਕਫ਼ ਵਿੱਚ ਅੜਾਏ ਰਾਤ ਦੇ ਚੱਲੇ ਕਾਰਤੂਸ ਨੂੰ ਕੱਢ ਕੇ ਚੌਧਰੀ ਦੇ ਅੱਗੇ ਰੱਖਦਿਆਂ, 'ਚੌਧਰੀ ਸਾਬ...' ਤੇ ਨੀਵੀਂ ਪਾ ਕੇ ਪਿਛਾਂਹ ਹੋ ਕੇ ਖੜ੍ਹ ਗਿਆ।

ਚੌਧਰੀ ਨੇ ਕਾਰਤੂਸ ਵੱਲ ਵੇਖਿਆ ਤੇ ਫਿਰ ਕਿਸੇ ਗ਼ੁੱਸੇ ਨਾਲ਼ ਕਾਮੇ ਵੱਲ ਵੇਖਿਆ ਪਰ ਇਹ ਗ਼ੁਸਾ ਝਟ ਹੀ ਵਿਉਂਤ ਫੁਰਨ ਕਰਕੇ ਖ਼ੁਸ਼ੀ ਵਿੱਚ ਬਦਲ ਗਿਆ।

ਜਾਣੀ ਅਗਲੇ ਅੱਧੇ ਘੰਟੇ ਵਿੱਚ ਪਿੰਡ ਵਿੱਚ ਢੋਲ ਵਜਾ ਕੇ ਮਨਿਆਦੀ ਕਰ ਦਿੱਤੀ ਗਈ। ਪਿੱਛੇ ਚੌਧਰੀ ਦੀ ਜੀਪ ਚਲਦੀ ਜਾ ਰਹੀ ਸੀ। ਜੀਪ ਦੇ ਵਿੱਚ ਦੋ ਬੰਦੇ ਡਾਂਗਾਂ ਲੈ ਕੇ ਬੈਠੇ ਸੀ। ਇੱਕ ਬੰਦਾ ਪੈਰਦਾਨ ਤੇ ਖੜ੍ਹਾ ਸੀ, ਜੋ ਜੀਪ ਦਾ ਮਕੈਨੀਕਲ ਕੰਮ ਵੇਖਦਾ ਸੀ। ਉਹਦੇ ਗਾਤਰੇ ਇੱਕ ਵੱਡਾ ਸਾਰਾ ਬੈਗ ਪਾਇਆ ਸੀ, ਜੀਹਦੇ ਵਿੱਚ ਚਾਬੀਆਂ-ਪਾਨੇ ਸੀ। ਇੱਕ ਛੋਟਾ ਜੈਕ ਵੀ ਸੀ। ਚਾਹੇ ਜੀਪ ਵਿੱਚ ਬੈਠਣ ਦੀ ਥਾਂ ਸੀ। ਪਰ ਉਹਨੂੰ ਨਿੱਕੀ ਜਾਤ ਹੋਣ ਕਰਕੇ ਬਹਿਣ ਦੀ ਆਗਿਆ ਨਹੀਂ ਸੀ। ਜਦੋਂ ਵੀ ਕਿਸੇ ਰਸਤੇ ਵਿੱਚ ਜੀਪ ਖ਼ਰਾਬ ਹੋ ਜਾਂਦੀ ਤਾਂ ਉਹ ਠੀਕ ਕਰਦਾ।

ਫ਼ੇਰ ਢੋਲ ਦੇ ਪਿੱਛੇ-ਪਿੱਛੇ ਜੀਪ ਚਲਦੀ ਹੋਈ ਪਿੰਡ ਦੇ ਚਰੁਸਤੇ ਵਿੱਚ ਬਣੇ ਵੱਡੇ ਪਿੱਪਲ ਕੋਲ ਜਾ ਕੇ ਖੜ੍ਹ ਗਈ। ਢੋਲ 'ਤੇ ਡੱਗੇ ਲਾਉਣੇ ਬੰਦ ਕੀਤੇ ਤੇ ਫਿਰ ਉੱਚੀ ਅਵਾਜ਼ ਵਿੱਚ ਹੋਕਾ ਦਿੱਤਾ, 'ਸੁਣੋ ਬਈ ਪਿੰਡ ਦੇ ਮਾਲਕੋ... ਚੌਧਰੀ ਸਾਬ ਨੇ ਰਾਤੀਂ ਕਾਰਤੂਸ ਲੱਭ ਕੇ ਲਿਆਉਣ ਆਲੇ ਨੂੰ, ਚੱਲੀ ਆ ਰਹੀ ਪੁਰਖ਼ਿਆਂ ਦੀ ਰਵਾਇਤ ਨਾਲ਼ ਦਾਣਿਆਂ ਦੀ ਬੋਗੀ ਨਾਲ ਗਾਊ ਦੇ ਕੇ ਮਾਣ ਦੇਣਾ... ਪਰ ਐਸ ਵਾਰ ਇਹ ਮਾਣ ਹੋਰ ਰੋਖਾ ਹੋ ਗਿਆ... ਸਾਰੇ ਟੱਬਰ ਨੂੰ ਸੂਟ ਤੇ ਸੋਨੇ ਦੇ ਕੜੇ ਪਾਏ ਜਾਣਗੇ।

ਚੌਧਰੀ ਆਪਣੀ ਜੀਪ ਤੋਂ ਥੱਲੇ ਉਤਰਿਆ ਤੇ ਪਿੱਪਲ ਅੱਗੇ ਮੱਥਾ ਟੇਕਦਾ ਟੇਕਦਾ ਰੁੱਕ ਗਿਆ, 'ਨਹੀਂ ਏਹ ਤਾਂ ਪਿੰਡ ਆਲ਼ਿਆਂ ਦਾ ਰੱਬ ਐ... ਸਾਡਾ ਰੱਬ ਤਾਂ ਘਰੇ ਪਿਆ... ਭੋਲੇ ਨਾਥ... ਉਹ ਦੀ ਰੀਸ ਏਨਾ ਤੋਂ ਕਿੱਥੇ ਹੋਣੀ ਐ, ਜੋ ਸਾਨੂੰ ਸਾਡਾ ਰੱਬ ਦੇ ਸਕਦਾ ਉਹ ਏਨਾਂ ਦੇ ਰੱਬ ਦੇ ਵੱਸ ਵੀ ਨਹੀਂ...'

ਉਹ ਉੱਚਾ ਹੋ ਕੇ ਖੜ੍ਹਨ ਲਈ ਬਣਾਏ ਮੜੀ ਦੇ ਥੜ੍ਹੇ 'ਤੇ ਖੜ੍ਹ ਗਿਆ। ਪੈਰਾਂ ਥੱਲੇ ਰਾਤ ਦੇ ਬਾਲੇ ਦੀਵੇ ਜੋ ਬੁਝ ਚੁੱਕੇ ਸੀ, ਆ ਕੇ ਕੜੱਕ-ਕੜੱਕ ਕਰਕੇ ਟੁੱਟ ਗਏ। ਉਹਦੀ ਹਰ ਪੁਲਾਂਘ ਪੱਟਣ 'ਤੇ ਖੜਾਕ ਹੁੰਦਾ ਸੀ।

ਚੌਧਰੀ ਨੇ ਗਾਂ ਦਾ ਰੱਸਾ ਆਪਣੇ ਬੰਦੇ ਦੇ ਹੱਥੋਂ ਫੜ ਕੇ ਕਾਮੇ ਨੂੰ ਫੜਾ ਦਿੱਤਾ। ਰੱਸੇ ਨਾਲ਼ ਖੰਮਣੀ ਬੰਨੀ ਸੀ। ਫਿਰ ਵਾਰੋ-ਵਾਰੀ ਸਾਰੇ ਟੱਬਰ ਨੂੰ ਲੋਕਾਂ ਦੇ ਅੱਗੇ ਇੱਕ-ਇੱਕ ਸੂਟ ਦਿੱਤਾ। ਨਾਲ਼ੇ ਸੋਨੇ ਦੇ ਕੜੇ ਪਾ ਦਿੱਤੇ। ਉਹਨਾਂ ਨੂੰ ਢੋਲ 'ਤੇ ਨੱਚਣ ਲਈ ਇਸ਼ਾਰਾ ਕੀਤਾ। ਤੇ ਆਪਣੀ ਜੇਬ ਵਿੱਚ ਦਸਾਂ-ਦਸਾਂ ਦੇ ਨੋਟ ਕੱਢ ਕੇ ਉਹਨਾਂ ਦੇ ਸਿਰਾਂ ਉੱਤੋਂ ਦੀ ਵਾਰ ਦਿੱਤੇ।

ਪਿੰਡ ਦੇ ਕਈ ਬੰਦਿਆਂ ਨੇ ਹਵਾ ਵਿੱਚ ਉਡਦੇ ਨੋਟਾਂ ਨੂੰ ਹੀ ਕਾਬੂ ਕਰਕੇ ਜੇਬਾਂ ਵਿੱਚ ਪਾ ਲਿਆ। ਇਹ ਨਜ਼ਾਰਾ ਵੇਖਣ ਤੋਂ ਬਾਅਦ ਸਾਰੇ ਬੰਦਿਆਂ ਦੇ ਦਿਲਾਂ ਵਿੱਚ ਪਛਤਾਵਾ ਸੀ। ਜੇ ਉਹ ਕਾਰਤੂਸ ਲੱਭਣ ਲਈ ਹਵੇਲੀ ਵੱਲ ਜਾਂਦੇ ਤਾਂ ਸ਼ਾਇਦ ਉਹਨਾਂ ਦੇ ਹੱਥ ਇਹ ਰੱਸਾ ਤੇ ਰਸਦ ਹੋਣੀ ਸੀ। ਉਹਨਾਂ ਦੇ ਚਿਹਰਿਆ 'ਤੇ ਪਛਤਾਵੇ ਦੇ ਪਰਛਾਵੇਂ ਵੇਖ ਕੇ ਚੌਧਰੀ ਨੂੰ ਕਾਫ਼ੀ ਸਕੂਨ ਆਇਆ।

ਕਾਮੇ ਦਾ ਦਿਲ ਕਰਦਾ ਸੀ ਕਿ ਜਿਹੜੇ ਇਹ ਪੈਸੇ ਚੌਧਰੀ ਸਿਰੋਂ ਵਾਰ ਰਿਹਾ ਹੈ, ਉਹ ਵੀ ਆਪ ਹੀ ਚੁਗ ਲਵੇ। ਪਰ ਇਹ ਹਵੇਲੀ ਦੀ ਮਰਿਆਦਾ ਦੇ ਖ਼ਿਲਾਫ਼ ਸੀ। ਚੌਧਰੀ ਨੇ ਆਪਣੇ ਉਡਾਏ ਨੋਟਾਂ ਵਿੱਚੋਂ ਦੀ ਜਦ ਗਲ਼ੀ ਵਿੱਚ ਚੜ੍ਹਤ ਸਿੰਘ ਨੂੰ ਸਾਈਕਲ 'ਤੇ ਆਉਂਦੇ ਨੂੰ ਵੇਖਿਆ ਤਾਂ ਹਰਖ ਨਾਲ਼ ਮੁੱਛ ਨੂੰ ਏਨੀ ਜ਼ੋਰ ਨਾਲ਼ ਤਾਅ ਦਿੱਤੀ ਕਿ ਮੁੱਛਾਂ ਦੀਆਂ ਜੜਾਂ ਪੱਟੀਆਂ ਗਈਆਂ। ਉਹਦੇ ਮੋਢੇ ਪਾਈ ਬੰਦੂਕ ਜੋ ਉਹਦੇ ਅੜਬਾਈ ਨਾਲ਼ ਸਾਈਕਲ ਚਲਾਉਣ ਕਰਕੇ ਸਿਰ ਉੱਤੇ ਦੀ ਝਾਕਦੀ ਸੀ। ਇਉਂ ਲੱਗਦਾ ਜਿਵੇਂ ਸਿਰ ਦੀ ਥਾਂ ਮੌਰਾਂ ਵਿੱਚ ਬੰਦੂਕ ਉਗਰ ਪਈ ਹੋਵੇ। ਸਾਰਿਆਂ ਦੀਆਂ ਧੌਣਾਂ ਇਕ ਵੇਰ ਚੜ੍ਹਤ ਸਿੰਘ ਨੂੰ ਵੇਖਣ ਲੱਗ ਪਈਆਂ।

ਗਲ਼ੀ ਵਿੱਚ ਫਿਰਦੇ ਨਿਆਣੇ ਉਹਦੇ ਪਿੱਛੇ 'ਠਾਹ-ਠਾਹ' ਕਰਦੇ ਪਿੰਡ ਦੀ ਫਿਰਨੀ ਤੱਕ ਭੱਜੇ ਆਏ। ਸ਼ੇਰੇ ਨੇ ਹੱਥ ਵਿੱਚ ਫੜ੍ਹੇ ਰੋੜੇ ਨੂੰ ਲੁੱਕ ਕੇ ਉਹਦੇ ਸਿਰ ਵੱਲ ਮਾਰਿਆ, ਪਰ ਰੋੜਾ ਬੰਦੂਕ ਦੀ ਦੋਨਾਲ਼ੀ ਨਾਲ਼ ਵੱਜ ਕੇ ਭੁਰ ਗਿਆ। ਨਿਆਣੇ ਨੂੰ ਸਾਈਕਲ ਥੱਲੇ ਆਉਣ ਤੋਂ ਬਚਾਉਣ ਲਈ ਇੱਕ ਪੈਰ ਚੜ੍ਹਤ ਸਿੰਘ ਨੇ ਥੱਲੇ ਲਾਇਆ ਤਾਂ ਉਹਦਾ ਛਾਪਾ ਰੇਤੇ 'ਤੇ ਸਾਫ਼ ਲਹਿ ਗਿਆ।

ਸ਼ੇਰਾ ਹੱਥ ਵਿੱਚ ਚਾਕੂ ਫੜ ਕੇ ਫਿਰਨੀ ਤੀਕ ਤੁਰਦਾ ਹੋਇਆ ਪਿੱਛੇ ਗਿਆ ਤੇ ਜਿੱਥੇ ਉਹਦੀ ਪੈੜ ਸੀ। ਉਸ ਥਾਂ 'ਤੇ ਚਾਕੂ ਨਾਲ਼ ਵਾਰ ਕਰਨ ਲੱਗ ਗਿਆ। ਚਾਕੂ ਮੁੜ ਕੇ ਦੂਹਰਾ ਹੋ ਗਿਆ ਸੀ। ਉਹਨੇ ਚਾਕੂ ਨੂੰ ਫਿਰ ਸਿੱਧਾ ਕੀਤਾ ਤੇ ਪੈੜ ਵਿੱਚ ਜ਼ੋਰ ਨਾਲ਼ ਮਾਰਿਆ।

ਉਹਨੂੰ ਇਉਂ ਪੈੜ ਵਿੱਚ ਚਾਕੂ ਮਾਰਦੇ ਨੂੰ ਪਿੱਛੇ ਆ ਕੇ ਜੀਪ ਨੇ ਹਾਰਨ ਮਾਰਿਆ ਤਾਂ ਉਹ ਪਾਸੇ ਹੱਟ ਗਿਆ। ਚੌਧਰੀ ਆਪਣੀ ਜੀਪ ਵਿੱਚ ਸਵਾਰ ਹੋ ਕੇ ਸ਼ਹਿਰ ਵੱਲ ਜਾ ਰਿਹਾ ਸੀ, ਕਿਵੇਂ ਨਾ ਕਿਵੇਂ ਇਸ ਬੰਦੂਕ ਦਾ ਮਸਲਾ ਹੱਲ ਹੋ ਜਾਵੇ, ਨਹੀਂ ਤਾਂ।

ਕਾਮੇ ਨੇ ਦੋਵੇਂ ਹੱਥਾਂ ਨਾਲ਼ ਸੀਟ ਨੂੰ ਫੜ ਲਿਆ ਤੇ ਬੋਲਿਆ, 'ਚੌਧਰੀ ਸਾਬ, ਆਂਹਦੇ ਪਰਸੋਂ ਏਨੇ ਰਾਜੇ ਦੀ ਭੈਣ ਦਾ ਫੈਸਲਾ ਕਰਾ ਦਿੱਤਾ... ਉਹ ਕੁੜੀ ਹੁਣ ਏਥੇ ਸੁਖੀ ਵਸਦੀ ਐ, ਸਾਰੇ ਲੋਕ ਚੜ੍ਹਤ ਸਿਉਂ ਦੀਆਂ ਤਰੀਫਾਂ ਕਰਦੇ ਪਏ ਸੀ...'

'ਹੈ ਤਾਂ ਏਹ ਬਤਮੀਜ਼ੀ ਐ, ਇਹ ਫੈਸਲਾ ਤਾਂ ਚੌਧਰੀ ਸਾਬ ਸੋਡੇ ਕੋਲ਼ ਆਇਆ ਸੀ ਪਿਛਲੇ ਮਹੀਨੇ, ਪਰ ਨਿਰਣਾ ਚੜ੍ਹਤ ਸਿੰਘ ਨੇ ਕੀਤਾ, ਏਹ ਗੱਲ ਔਕਾਤ ਤੋਂ ਵੱਡੀ ਕਰ ਗਿਆ...'

ਚੌਧਰੀ ਨੇ ਡਰਾਇਵਰ ਨੂੰ ਜੀਪ ਹੋਰ ਤੇਜ਼ ਚਲਾਉਣ ਲਈ ਇਸ਼ਾਰਾ ਕੀਤਾ ਤੇ ਮਨ ਵਿੱਚ ਸੋਚਿਆ, ਜੇ ਏਨੂੰ ਹੁਣੇ ਹੀ ਨੱਥ ਨਾ ਪਾਈ ਤਾਂ ਆਉਣ ਵਾਲ਼ੇ ਸਮੇਂ ਵਿੱਚ ਲੋਕ ਹਵੇਲੀ ਨੂੰ ਮਨੋ ਬਿਸਾਰ ਜਾਣਗੇ। ਸ਼ਾਨ 'ਤੇ ਆਂਚ ਆਊਗੀ।

ਜਦੋਂ ਜੀਪ ਸ਼ਹਿਰ ਪਹੁੰਚੀ ਤਾਂ ਚੌਂਕ ਵਿੱਚ ਕਿਸਾਨਾਂ ਦਾ ਵੱਡਾ ਸਾਰਾ ਇਕੱਠ ਸੜਕਾਂ 'ਤੇ ਜਾਮ ਲਾਈ ਬੈਠਾ ਸੀ। ਆਲ਼ੇ-ਦੁਆਲ਼ੇ ਦੇ ਪਿੰਡਾਂ ਦੇ ਲੋਕ ਹੱਕ ਆਰਕਸ਼ਨ ਵਾਲ਼ੀ ਮੰਗ ਮਨਵਾਉਣ ਲਈ ਹੱਥਾਂ ਵਿੱਚ ਕਾਲ਼ੀਆਂ ਝੰਡੀਆਂ ਫੜ ਕੇ ਬੈਠੇ ਸੀ। ਚਾਰੇ ਪਾਸੇ ਪੁਲੀਸ ਦੇ ਸਿਪਾਹੀ ਵੀ ਤੈਨਾਤ ਸੀ। ਕਿਤੇ ਕੋਈ ਗੜਬੜ ਨਾ ਹੋ ਜਾਵੇ। ਚੌਧਰੀ ਨੂੰ ਜੀਪ ਦੇ ਲੰਘਣ ਲਈ ਕੋਈ ਰਾਹ ਨਾ ਲੱਭਿਆ ਤਾਂ ਉਹਨੇ ਦੂਜੇ ਪਾਸੇ ਤੋਂ ਬੈਂਕ ਵੱਲ ਜਾਣ ਦਾ ਪੱਕਾ ਇਰਾਦਾ ਬਣਾ ਲਿਆ।

'ਸਾਲੇ ਨੰਗ ਕਿਸੇ ਥਾਉਂ ਦੇ... ਜੱਟ ਕੌਮ ਦੇ ਮੂੰਹ 'ਤੇ ਸਿਰਫ਼ ਕਾਲਖ ਮਲਦੇ ਪਏ ਐ, ਇਉਂ ਸਰਕਾਰ ਤੋਂ ਭੀਖ ਵਿੱਚ ਕਰਜ਼ੇ ਮਾਫ਼ ਕਰਾ ਕੇ ਤੇ ਸਹੂਲਤਾਂ ਲੈ ਕੇ ਕਿੱਥੇ ਸਰਦਾਰੀ ਪੁੱਗਦੀ ਐ... ਮੈਂ ਹਵੇਲੀ 'ਚ ਬੈਠਾ ਚਾਰ ਸੌ ਕਿੱਲੇ ਦਾ ਮਾਲਕ ਆਂ

ਹੈ... ਸਰਦਾਰ ਹਮੇਸ਼ਾ ਈ ਪੈਦਾ ਕਰਕੇ ਭੇਜਦਾ ਰੱਬ... ਏਨਾਂ ਦੀ ਮੇਰੀ ਨਜ਼ਰ ਵਿੱਚ ਕੀ ਹੈਸੀਅਤ ਐ... ਨਿੱਕੀ ਜਾਤ ਐ ਏਹ ਵੀ...'

ਜੀਪ ਮੋੜ ਕੇ ਉਹਨਾਂ ਸ਼ਹਿਰ ਦੀ ਫਿਰਨੀ ਵੱਲ ਮੋੜ ਲਈ।

ਉਹਨਾਂ ਨੇ ਚੜ੍ਹਤ ਸਿੰਘ ਨੂੰ ਆਪਣੇ ਗਲ਼ ਵਿੱਚ ਸਾਈਕਲ ਪਾ ਕੇ ਏਸ ਜਲਸੇ ਵਿੱਚ ਬੈਠੇ ਜੱਟਾਂ ਵਿੱਚੋਂ ਦੀ ਲੰਘਦੇ ਵੇਖਿਆ। ਜੀਹਦੇ ਮੋਢੇ ਟੰਗੀ ਬੰਦੂਕ ਨੇ ਉਹਦੇ ਮੂੰਹ ਨੂੰ ਹੋਰ ਵੀ ਚਿੜਾ ਦਿੱਤਾ ਸੀ। ਸਾਈਕਲ ਦੇ ਅੱਗੇ ਸਾਰੀ ਧਰਤੀ ਦਾ ਨਕਸ਼ਾ ਲਟਕ ਰਿਹਾ ਸੀ। ਚਾਬੀ ਦੇ ਛੱਲੇ ਵਿੱਚ 'ਏਕ ਓਂਕਾਰ' ਦਾ ਕੇਸਰੀ ਛੱਲਾ ਪਾਇਆ ਲਿਸ਼ਕ ਰਿਹਾ ਸੀ।

ਸਟੇਜ 'ਤੇ ਖੜ੍ਹ ਕੇ ਤਰਲੋਚਨ ਨੇ ਫੇਰ ਆਪਣੇ ਹੱਥ ਵਾਗਡੋਰ ਫੜਨ ਦਾ ਮੌਕਾ ਬਣਾ ਲਿਆ ਤੇ ਬੋਲਿਆ, 'ਬੱਸ ਇੱਕੋ ਈ ਹੱਲ ਐ ਏਸ ਧਰਨੇ ਨੂੰ ਹਟਾਉਣ ਦਾ, ਉਹ ਜਾਟ ਸਮਾਜ ਨੂੰ ਆਰਕਸ਼ਨ ਦੇਣ ਪਰ ਸਾਡੇ ਕੁੱਝ ਸਾਥੀ ਆਪਣੇ ਫ਼ਾਇਦੇ ਲਈ ਸਾਨੂੰ, ਧਰਨਾ ਕਮੇਟੀ ਨੂੰ ਬਿਨ ਦੱਸੇ ਹੀ ਸਰਕਾਰ ਨਾਲ਼ ਗੱਲਬਾਤ ਕਰਨ ਲਈ ਤੁਰ ਗਏ... ਸਾਡੀ ਕੋਈ ਅਹਿਮੀਅਦ ਨਹੀਂ.. ਅਸੀਂ ਨਹੀਂ ਬਰਦਾਸ਼ਤ ਕਰ ਸਕਦੇ... ਸਰਕਾਰ ਨੇ ਕੋਈ ਬੋਟੀ ਸੁੱਟੀ ਤੇ ਉਹ ਪੂਛ ਹਲਾਉਂਦੇ ਰਾਜਧਾਨੀ ਜਾ ਬੈਠੇ... ਗ਼ਦਾਰ ਨੇ ਏਹ...'

ਧਰਨੇ ਤੇ ਬੈਠੇ ਲੋਕਾਂ ਨੇ ਇਸ 'ਤੇ ਲੰਮੇ ਤੇ ਉੱਚੇ ਨਾਅਰੇ ਲਾਏ, 'ਗਦਾਰ ਹੈ ਸੰਦੀਪ... ਇਨ੍ਹਾਂ ਗਦਾਰਾਂ ਨੂੰ ਅਸੀਂ ਬਖਸ਼ਾਂਗੇ ਨਹੀਂ...'

'ਹਾਂ ਉਹ ਜੇ ਏਸ ਧਰਨੇ 'ਤੇ ਆਏ ਤਾਂ ਜਿਉਂਦੇ ਨਹੀਂ ਜਾਣਗੇ... ਹੁਣ ਕੋਈ ਵੀ ਮਾੜੀ ਨਹੀਂ...' ਤਰਲੋਚਨ ਥੱਲੇ ਖੜ੍ਹੇ ਸੰਦੀਪ ਦੇ ਸਾਥੀ ਮਨੋਜ ਜੈਨ ਵੱਲ ਖਚਰੀ ਅੱਖ ਨਾਲ਼ ਹੱਸਿਆ। ਉਹਦੇ ਹੱਥੋਂ ਮਾਈਕ ਹੀ ਨਹੀਂ ਸਗੋਂ ਏਸ ਧਰਨੇ ਦੀ ਵਾਗਡੋਰ ਵੀ ਚਲੀ ਗਈ ਸੀ।

ਮਨੋਜ ਆਮ ਦਿਨਾਂ ਵਾਂਗ ਫੋਨ 'ਤੇ ਗੱਲਬਾਤ ਕਰਦਾ ਨਜ਼ਰ ਆਈ ਗਿਆ। ਉਹਨੇ ਵੇਖਿਆ ਕਿ ਹੁਣ ਸਟੇਜ 'ਤੇ ਤਰਲੋਚਨ ਦੀ ਪਾਰਟੀ ਦੇ ਝੰਡੇ ਲੱਗਣ ਲੱਗ ਪਏ ਸੀ। ਉਹਨਾਂ ਦੀ ਪਾਰਟੀ ਦਾ ਝੰਡਾ ਉਤਾਰ ਕੇ ਪਾਸੇ ਰੱਖ ਦਿੱਤਾ ਗਿਆ।

ਤਰਲੋਚਨ ਨੇ ਨਿੱਕੇ-ਨਿੱਕੇ ਚੈਨਲਾਂ 'ਤੇ ਮੁਲਾਕਾਤ ਦੌਰਾਨ ਸਾਫ਼ ਸ਼ਬਦਾਂ ਵਿੱਚ ਬੋਲਿਆ, 'ਐ ਜਾਟ ਭਰਾਵੋ, ਹੁਣ ਇਕੱਠੇ ਹੋ ਕੇ ਲੜਨ ਦਾ ਵੇਲ਼ਾ ਹੈ, ਸਾਰੇ ਆਪੋ-ਆਪਣੇ ਪਿੰਡ ਵਿੱਚ ਚੱਕਾ ਜਾਮ ਕਰ ਦਿਉ... ਰੇਲਵੇ ਲਾਈਨਾਂ 'ਤੇ ਮੰਜੇ ਡਾਹ ਕੇ ਬਹਿ ਜਾਓ... ਜੇ ਆਪਣੀ ਆਉਣ ਆਲ਼ੀ ਨਸਲ ਲਈ ਕੁਝ ਕਰਕੇ ਮਰਨਾ ਹੈ ਤਾਂ... ਨਹੀਂ ਤਾਂ ਫੇਰ... ਕੁੱਤਿਆਂ ਨੂੰ ਮੂਤਣ ਲਈ ਸਾਡੀਆਂ ਕਬਰਾਂ ਵੀ ਨਹੀਂ ਲੱਭਣੀਆਂ... ਜੋ ਕੌਮ ਲਈ ਕੁਝ ਕਰੇ ਉਹਦਾ ਈ ਨਾਮੋ-ਨਿਸ਼ਾਨ ਮਿਲਦਾ ਏ...'

ਉਹਦਾ ਇਹ ਬਿਆਨ ਸੁਣ ਕੇ ਹੀ ਧਰਨਿਆਂ ਵਿੱਚ ਬੈਠੇ ਲੋਕਾਂ ਨੇ ਆਪੋ ਆਪਣੇ

ਰਿਸ਼ਤੇਦਾਰਾਂ ਨਾਲ ਫ਼ੋਨ ਕਰਕੇ ਧਰਨਾ ਲਾਉਣ ਲਈ ਕਹਿ ਦਿੱਤਾ। ਪਿੰਡਾਂ ਵਿੱਚ ਲੋਕ ਮੰਜੇ ਚੱਕ ਕੇ, ਲੱਕੜਾਂ ਚੱਕ ਕੇ ਰੇਲਵੇ ਲਾਈਨਾਂ 'ਤੇ ਆ ਬੈਠੇ...!!

ਚੜ੍ਹਤ ਸਿੰਘ ਨੇ ਜਦ ਸਾਈਕਲ ਭੀੜ ਨੂੰ ਪਾਰ ਕਰਕੇ ਸੜਕ 'ਤੇ ਮੂੜ ਰੱਖਿਆ ਤਾਂ ਲੋਕਾਂ ਦੇ ਨਾਅਰਿਆਂ ਦੀਆਂ ਅਵਾਜ਼ਾਂ ਨਾਲ ਸ਼ਹਿਰ ਗੂੰਜ ਗਿਆ। ਕੰਨਾਂ ਵਿੱਚ ਝਰਨਾਹਟ ਪੈ ਗਈ।...

ਉਹ ਜਦ ਬੈਂਕ ਅੱਗੇ ਆਇਆ ਤਾਂ ਉੱਥੇ ਚੌਧਰੀ ਦੀ ਜੀਪ ਖੜ੍ਹੀ ਸੀ। ਹੱਥਾਂ ਵਿੱਚ ਡਾਂਗਾਂ ਫੜ੍ਹ ਕੇ ਉਹਦੇ ਬੰਦੇ ਖੜ੍ਹੇ ਮੈਨੇਜਰ ਦੁਆਰਾ ਭੇਜੀ ਚਾਹ ਪੀਂਦੇ ਸੀ। ਮਕੈਨਿਕ ਜੀਪ ਦੇ ਚਾਰੇ ਪਾਸੇ ਚੱਕਰ ਕੱਟ ਰਿਹਾ ਸੀ, ਹੱਥ ਵਿੱਚ ਪਾਨਾ ਫੜਿਆ ਸੀ, ਪੂਰੀ ਨਿਰਖ ਕਰਦਾ ਪਿਆ ਸੀ, ਕਿਤੇ ਕੋਈ ਨੱਟ ਤਾਂ ਨਹੀਂ ਢਿੱਲਾ ਹੋ ਗਿਆ।

ਚੜ੍ਹਤ ਸਿੰਘ ਨੇ ਸਾਈਕਲ ਨੂੰ ਬਾਹਰ ਹੀ ਕੰਧ ਨਾਲ ਟੇਢਾ ਕਰਕੇ ਲਾਇਆ ਤੇ ਬੰਦੂਕ ਮੋਢਿਉਂ ਲਾਹ ਕੇ ਹੱਥ ਵਿੱਚ ਫੜ੍ਹ ਕੇ, ਗੇਟ ਵਿੱਚ ਖੜ੍ਹ ਕੇ ਸਭ ਨੂੰ 'ਸਾਸਰੀ ਕਾਲ' ਬੁਲਾਈ। ਕੈਬਿਨ ਵਿੱਚ ਜਾ ਕੇ ਸਾਰਿਆਂ ਨੂੰ ਸਾਸਰੀ ਕਾਲ ਬੁਲਾ ਕੇ, ਬਾਹਰ ਆ ਕੇ ਆਪਣੀ ਪਈ ਕੁਰਸੀ 'ਤੇ ਜਚ ਕੇ ਬੈਠ ਗਿਆ। ਮੱਛਰ ਪੈਣ ਕਰਕੇ ਅੱਖ ਲਾਲ ਸੀ।

ਬੈਂਕ ਵਿੱਚ ਮੈਨੇਜਰ ਕੋਲ ਬੈਠਾ ਚੌਧਰੀ ਸਾਹਿਬ ਆਪਣੀ ਠਾਠ-ਬਾਠ ਦਾ ਪੂਰਾ ਰੋਅਬ ਪਾਉਂਦਾ ਹੋਇਆ, ਸਮਝਾਉਣ ਦੇ ਬਹਾਨੇ ਨਾਲ, ਇੱਕ ਤਰ੍ਹਾਂ ਨਾਲ ਉਹਨੂੰ ਧਮਕਾ ਹੀ ਰਿਹਾ ਸੀ, 'ਤੂੰ ਬੁੜ੍ਹਬ ਜਿਹੇ ਹੱਥ ਬੰਦੂਕ ਫੜਾ ਦਿੱਤੀ ਐ, ਮੱਤ ਤਾਂ ਨਹੀਂ ਮਾਰੀ ਗਈ ਤੇਰੀ... ਮੇਰੇ ਨਾਲ ਗੱਲ ਕਰਦੇ ਬੰਦੇ ਦੀ, ਮੇਰੇ ਵੱਲ ਝਾਕਣ ਦੀ ਹਿੰਮਤ ਨੀਂ ਪੈਂਦੀ... ਏਹ ਮੇਰੀ ਹਿੱਕ 'ਤੇ ਨੱਚਣ ਲਾਤਾ... ਮੈਂ ਤਾਂ ਲਸੰਸ ਨਹੀਂ ਬਣਨ ਦਿੱਤਾ ਹੁਣ ਤੀਕ ਕਿਸੇ ਦਾ...'

'ਹੂੰ... ਏਹ ਕੇੜ੍ਹਾ ਭੇਣ ਦੇਣੀ ਦੀ ਚੱਲਦੀ ਐ...'

'ਚੱਲਦੀ ਕਿਉਂ ਨੀ ਮੈਂ ਫ਼ੈਰ ਦਾ ਖੜਾਕ ਸੁਣਿਆ, ਜੇ ਕੱਲ੍ਹ ਨੂੰ ਕਿਸੇ ਦੇ ਫ਼ੈਰ ਮਾਰ ਦਿੱਤਾ, ਏਹ ਦਾ ਜ਼ਿੰਮੇਵਾਰ ਕੌਣ ਹੋਊ ਭਲਾ... ਏਹ ਸਰਕਾਰੀ ਐ, ਸਰਕਾਰੀ ਬੰਦੇ ਦੀ ਨਿਗਾਹ ਥੱਲੇ ਰਹਿਣੀ ਚਾਹੀਦੀ ਐ... ਨਾਲੇ ਏਹ ਬੈਂਕ ਦੀ ਹਿਫਾਜ਼ਤ ਲਈ ਅਲਾਟ ਹੋਈ ਐ ਨਾ ਕਿ ਪਿੰਡ ਦੀ ਰਾਖੀ ਲਈ...' ਚੌਧਰੀ ਦੇ ਕੰਨਾਂ ਵਿੱਚ ਹੁਣੇ ਚੜ੍ਹਤ ਸਿੰਘ ਦੁਆਰਾ ਪਟੇ ਵਿੱਚੋਂ ਰੌਂਦ ਕੱਢ ਕੇ ਬੰਦੂਕ ਵਿੱਚ ਭਰਨ ਦੀ ਅਵਾਜ਼ ਪਈ ਤਾਂ ਉਹਦਾ ਗੁੱਸਾ ਹੋਰ ਵਧ ਗਿਆ, 'ਤੂੰ ਯਾਰ ਸਾਨੂੰ ਲਿਖ ਕੇ ਦੇ...' ਉਹਨੇ ਕੋਲ ਪਿਆ ਸਾਫ਼ ਕਾਗਜ਼ ਕੱਢ ਕੇ ਉਹਦੇ ਅੱਗੇ ਧਰ ਦਿੱਤਾ, 'ਐਥੇ ਲਿਖ ਕੇ ਦੇ ਬਈ ਤੇਰੀ ਜ਼ਿੰਮੇਵਾਰੀ 'ਤੇ ਏਹ ਬੰਦੂਕ ਲੈ ਕੇ ਜਾਂਦਾ...'

ਮੈਨੇਜਰ ਨੇ ਉਹਦੀਆਂ ਗੱਲਾਂ ਵਿੱਚ ਲੁਕੇ ਡਰ ਨੂੰ ਪਛਾਣ ਤਾਂ ਲਿਆ, ਪਰ ਕਿਸੇ ਹੀਲੇ ਵੀ ਉਹਦੇ ਡਰ ਦੀ ਵਜ੍ਹਾ ਨਹੀਂ ਪੁੱਛ ਸਕਿਆ। ਜਦੋਂ ਕਿਸੇ ਬੰਦੇ ਦੇ ਹੱਥ ਤਾਕਤ ਆ ਜਾਵੇ, ਉਹ ਥੋੜ੍ਹਾ ਬਤਮੀਜ਼ ਹੋ ਹੀ ਜਾਂਦਾ।

ਚੌਧਰੀ ਨੂੰ ਬਾਹਰ ਤੱਕ ਛੱਡਣ ਲਈ ਮੈਨੇਜਰ ਆਪ ਮਾਣ ਤੇ ਆਦਰ ਨਾਲ਼ ਆਇਆ ਤਾਂ ਸੜਕ ਉੱਤੇ ਹੱਥਾਂ ਵਿੱਚ ਬੈਨਰ ਫੜ੍ਹ ਕੇ ਨਾਅਰੇ ਲਾਉਂਦੇ ਜੱਟਾਂ ਨੂੰ ਵੇਖ ਕੇ ਆਉਣ ਵਾਲ਼ੇ ਸਮੇਂ ਦਾ ਅੰਦਾਜ਼ਾ ਲਾਉਣ ਲੱਗ ਪਿਆ।

ਬੈਂਕ ਦੀਆਂ ਕੰਧਾਂ 'ਤੇ ਵੀ ਇਸ਼ਤਿਹਾਰ ਲਾਏ ਪਏ ਸੀ।

ਮਾਰ ਗਿਆ ਸਾਨੂੰ ਰਾਖਵਾਂ ਕੋਟਾ।

ਸਾਨੂੰ ਵੀ ਦਿਉ ਰਾਖਵਾਂ ਕੋਟਾ।

ਨਹੀਂ ਤਾਂ ਫੂਕ ਦਿਆਂਗੇ ਸ਼ਹਿਰ ਦਾ ਪੋਟਾ-ਪੋਟਾ।

ਚੌਧਰੀ ਸਾਰੀ ਗੱਲ ਸਮਝਾ ਕੇ ਜੀਪ ਵਿੱਚ ਚੜ੍ਹ ਕੇ ਪਿੰਡ ਵੱਲ ਮੁੜ ਗਿਆ।

ਸ਼ਹਿਰ ਵਿੱਚ ਬਣੇ ਤਨਾਅ-ਪੂਰਨ ਮਹੌਲ ਨੂੰ ਤਾੜ ਕੇ ਮੈਨੇਜਰ ਨੇ ਬੈਂਕ ਵਿੱਚ ਅੱਧੀ ਛੁੱਟੀ ਕਰ ਦਿੱਤੀ।ਜਦ ਸਾਰੇ ਕਰਮਚਾਰੀ ਆਪਣੇ ਕੰਮ ਵਿੱਚੇ ਛੱਡ ਕੇ ਬਾਹਰ ਗਏ ਤਾਂ ਚੜ੍ਹਤ ਸਿੰਘ ਵੀ ਮੋਢੇ ਵਿੱਚ ਬੰਦੂਕ ਪਾਈ, ਜਿੰਦਰੇ ਚੱਕ ਕੇ ਬਾਹਰ ਆ ਗਿਆ।

ਮੈਨੇਜਰ ਨੇ ਉਹਦੇ ਮੋਢੇ ਬੰਦੂਕ ਪਾਈ ਵੇਖ ਕੇ ਉਸੇ ਹੀ ਧੌਂਸ ਨਾਲ਼ ਬੰਦੂਕ ਇੱਥੇ ਰੱਖ ਕੇ ਜਾਣ ਲਈ ਕਿਹਾ, ਜਿਸ ਸਖ਼ਤੀ ਨਾਲ਼ ਚੌਧਰੀ ਨੇ ਤਾੜਿਆ ਸੀ, 'ਅੱਜ ਆਹ ਬੰਦੂਕ ਤੂੰ ਏਥੇ ਹੀ ਰੱਖ ਕੇ ਜਾ... ਜਾ ਅੰਦਰ ਰੱਖ ਕੇ ਆ...'

ਗੱਲਾਂ ਆਰ-ਪਾਰ ਦੀਆਂ

ਰਾਜਧਾਨੀ ਦੀਆਂ ਸੜਕਾਂ 'ਤੇ ਕਾਰਾਂ ਦੌੜਦੀਆਂ ਹੋਈਆਂ ਜਾ ਕੇ ਮੁੱਖ-ਮੰਤਰੀ ਦੀ ਰਿਹਾਇਸ਼ ਅੱਗੇ ਜਾ ਰੁਕੀਆਂ। ਇੱਥੇ ਪਹਿਲਾਂ ਹੀ ਕਿੰਨੀਆਂ ਜਥੇਬੰਦੀਆਂ ਆ ਕੇ ਖੜ੍ਹੀਆਂ ਸੀ। ਸਾਰਿਆਂ ਦੇ ਹੱਥਾਂ ਵਿੱਚ ਆਪੋ-ਆਪਣੀ ਪਾਰਟੀ ਦੇ ਝੰਡੇ ਸੀ। ਰਿਹਾਇਸ਼ ਦੇ ਅੱਗੇ ਕਾਲ਼ੇ ਪੱਟਕੇ ਬੰਨੇ ਤੇ ਹੱਥਾਂ ਵਿੱਚ ਸਟੇਨਗੰਨਾਂ ਫੜ੍ਹ ਕੇ ਕਮਾਂਡੋ ਖੜ੍ਹੀ ਸੀ।

ਸੰਦੀਪ ਨੇ ਅੱਗੇ ਹੋ ਕੇ ਇੱਕ ਕਮਾਂਡੋ ਵਾਲੇ ਦੀ ਛਾਤੀ 'ਤੇ ਲਿਖੀ ਨੇਮ ਪਲੇਟ ਪੜ੍ਹੀ। ਸੰਦੀਪ ਹੈਰਾਨੀ ਨਾਲ਼ ਮੁੱਛਾਂ ਨੂੰ ਵੱਟ ਚਾੜ ਕੇ ਬੋਲਿਆ, 'ਜੱਟ ਐਂ ਫੇਰ ਤਾਂ ਬਈ, ਅੱਜ ਸੋਡੇ ਬਜ਼ੁਰਗਾਂ ਦੀ ਸੜਕਾਂ 'ਤੇ ਬੇਕਦਰੀ ਕਰੀ ਜਾਂਦੇ ਐ, ਜਿੰਨਾ ਲਈ ਆਹ ਬੰਦੂਕਾਂ ਚੱਕ ਕੇ ਰਾਖੀ ਕਰਨ ਲਈ ਖੜ੍ਹੇ ਹੋ...' ਸੈਕਟਰੀ ਨੇ ਬਾਹਰ ਆ ਕੇ ਨਿੱਕੇ ਜਿਹੇ ਸਪੀਕਰ ਵਿੱਚ ਹੋਕਾ ਦੇ ਦਿੱਤਾ, 'ਤੁਸੀਂ ਆਪਣੇ ਵੱਲੋਂ ਦਸ ਮੈਂਬਰ ਕਮੇਟੀ ਬਣਾ ਕੇ ਅੰਦਰ ਭੇਜ ਦਿਉ, ਜੋ ਤੁਹਾਡਾ ਪੱਖ ਪੇਸ਼ ਕਰ ਸਕਣ... ਤੇ ਜਿੰਨਾ ਦੇ ਕੀਤੇ ਫੈਂਸਲੇ ਨੂੰ ਸਾਰੇ ਜੱਟ ਭਰਾ ਮੰਨਣ ਵੀ...'

ਸਾਡੀਆਂ ਜਥੇਬੰਦੀਆਂ ਵਿੱਚ ਹੁਣ ਇਹ ਬਹਿਸ ਹੋਣ ਲੱਗ ਪਈ ਕਿ ਕੌਣ ਏਸ ਦਸ ਮੈਂਬਰ ਕਮੇਟੀ ਵਿੱਚ ਸ਼ਾਮਿਲ ਹੋਵੇਗਾ। ਜੋ ਰਸੂਖ ਵਾਲ਼ੇ ਤੇ ਰੋਅਬਦਾਰ ਸ਼ਖ਼ਸੀਅਤ ਰੱਖਦੇ ਸੀ ਉਹ ਆਪ ਹੀ ਦਸ ਬੰਦੇ ਗਿਣ ਕੇ ਅੰਦਰ ਚਲੇ ਗਏ।

ਕੋਠੀ ਦੇ ਬਨ੍ਹੇਰਿਆਂ 'ਤੇ ਵੀ ਕਿੰਨੇ ਜਵਾਨ ਹੱਥਾਂ ਵਿੱਚ ਬੰਦੂਕਾਂ ਫੜ੍ਹ ਕੇ ਖੜ੍ਹੇ ਸੀ। ਏਨਾ ਅਸਲਾ ਵੇਖ ਕੇ ਸਾਰਿਆਂ ਦੇ ਦਿਲਾਂ ਵਿੱਚ ਮੌਤ ਦੇ ਖੌਫ਼ ਦੀ ਇੱਕ ਝਰਨਾਹਟ ਫਿਰ ਗਈ।

ਵੱਡੇ ਗੇਟ ਨੂੰ ਲੰਘ ਕੇ ਕਈ ਪੌੜੀਆਂ ਚੜ੍ਹ ਕੇ ਉਹ ਇੱਕ ਲੰਮੇ ਮੁਲਾਕਾਤੀ ਕਮਰੇ ਵਿੱਚ ਜਾ ਕੇ ਸੋਫ਼ਿਆਂ 'ਤੇ ਬੈਠ ਗਏ। ਪਾਣੀ ਦੀਆਂ ਬੋਤਲਾਂ ਉਹਨਾਂ ਅੱਗੇ ਰੱਖ ਦਿੱਤੀਆਂ ਗਈਆਂ। ਮੁੱਖ-ਮੰਤਰੀ ਵੀ ਕੁਝ ਪਲਾਂ ਵਿੱਚ ਹੀ ਉਹਨਾਂ ਦੇ ਸਾਹਮਣੇ ਹੱਥ ਜੋੜ ਕੇ, ਫਤਹਿ ਬੁਲਾ ਕੇ ਬੈਠ ਗਿਆ।

'ਸਾਨੂੰ ਤਾਂ ਕੋਈ ਰਾਹ ਨਹੀਂ ਲੱਭਦਾ ਏਸ ਅੰਦੋਲਨ ਨੂੰ ਖ਼ਤਮ ਕਰਨ ਦਾ, ਹੁਣ

ਤੁਸੀਂ ਈ ਕੋਈ ਸੁਝਾਅ ਦੇ ਕੇ ਸਾਰਾ ਮਸਲਾ ਹੱਲ ਕਰੋ... ਕਿਵੇਂ ਕਰੀਏ ਜੀ...' ਮੁੱਖ ਮੰਤਰੀ ਨੇ ਪੂਰੀ ਨਿਮਰਤਾ ਨਾਲ਼ ਗੱਲ ਸ਼ੁਰੂ ਕੀਤੀ, 'ਚਾਹ ਪਿਆਉ ਬਈ ਸਾਡੇ ਭਰਾ ਆਏ ਨੇ...'

'ਮੰਤਰੀ ਸਾਬ ਸੋਡੀ ਪਾਰਟੀ ਦੇ ਮੰਤਰੀ ਸੈਣੀ ਨੇ ਸਾਡੇ ਭਾਈਚਾਰੇ ਨੂੰ ਏਨਾ ਬੁਰਾ-ਭਲਾ ਕਿਹਾ, ਜੀਹਦੇ ਕਰਕੇ ਨਵੇਂ ਖ਼ੂਨ ਵਿੱਚ ਹਰਖ ਭਰਿਆ ਪਿਆ, ਉਨ੍ਹਾਂ ਨੂੰ ਓਨਾ ਦੁੱਖ ਆਰਕਸ਼ਨ ਖੁੱਸਣ ਦਾ ਨਹੀਂ ਜਿੰਨਾ ਸੈਣੀ ਦੇ ਬੋਲੇ ਭੱਦੇ ਲਫਜ਼ਾਂ ਦਾ...' ਸੰਦੀਪ ਨੇ ਅੱਖਾਂ ਵਿੱਚ ਗੜਕ ਰੱਖੀ।

'ਜੋ ਵੀ ਹੈ... ਮਾੜੀ ਗੱਲ ਐ... ਏਥੇ ਆਪਾਂ ਉਲਾਂਭੇ ਦੇਣ ਨਹੀਂ, ਹੱਲ ਕਰਨ ਲਈ ਬੈਠੇ ਆਂ... ਪਲੀਜ਼.....!'

ਰਾਜ ਨੇ ਖੁੱਲ੍ਹੇ ਲਫਜ਼ਾਂ ਵਿੱਚ ਦੱਸਿਆ, 'ਮੰਤਰੀ ਸਾਬ, ਬੇਸ਼ੱਕ ਸੋਡੇ ਨਾਲ਼ ਗੱਲਬਾਤ ਕਰਨ ਲਈ ਏਥੇ ਆਏ ਹਾਂ, ਪਰ ਹੁਣ ਵਾਗਡੋਰ ਸਾਡੇ ਹੱਥਾਂ 'ਚੋਂ ਨਿਕਲ ਚੁਕੀ ਐ, ਹੁਣ ਸਾਡੇ ਤੋਂ ਧਰਨੇ ਚਕਵਾਉਣੇ ਮੁਸ਼ਕਲ ਹੈ, ਬੱਸ ਆਰਕਸ਼ਨ ਹੀ ਇਸ ਗ਼ੁੱਸੇ ਨੂੰ ਮੁਕਾ ਸਕਦਾ... ਨਹੀਂ ਤਾਂ ਜੋ ਅਗਲੇ ਸੱਤ ਦਿਨਾਂ ਵਿੱਚ ਹੋਊਗਾ ਉਹਦੀ ਭਰਪਾਈ ਕਰਨੀ ਸੌਖੀ ਨਹੀਂ ਹੋਣੀ...'

ਕੋਲ਼ ਬੈਠੇ ਗ੍ਰਹਿਮੰਤਰੀ ਨੇ, ਜਿਸਨੇ ਕਦੇ ਸੈਣੀ ਦੇ ਖ਼ਿਲਾਫ਼ ਵੀ ਨਾਅਰੇਬਾਜ਼ੀ ਕੀਤੀ, ਪਰ ਹੁਣ ਉਹਨੇ ਪਾਰਟੀ ਦੇ ਹਿੱਤ ਨੂੰ ਮੁੱਖ ਰੱਖਦਿਆਂ ਆਖਿਆ, 'ਅਸੀਂ ਵੀ ਉਸੇ ਸ਼ਿੱਦਤ ਨਾਲ਼ ਲੱਗੇ ਹੋਏ ਆਂ, ਤੁਸੀਂ ਹੀ ਸਾਨੂੰ ਚੁਣ ਕੇ ਸੰਸਦ ਵਿੱਚ ਬੈਠਾਇਆ, ਤੇ ਏਹ ਆਰਕਸ਼ਨ ਅਸੀਂ ਨਹੀਂ ਖੋਹਿਆ, ਸਾਡੀ ਪਾਰਟੀ 'ਤੇ ਤਾਂ ਆਫ਼ਤ ਆਈ ਪਈ ਐ, ਜੇ ਕਾਂਗਰਸ ਸਹੀ ਢੰਗ ਤਰੀਕੇ ਨਾਲ਼ ਆਰਕਸ਼ਨ ਦੇ ਕੇ ਜਾਂਦੀ ਏਹ ਨੌਬਤ ਨਾ ਆਉਂਦੀ... ਫੇਰ ਵੀ ਕੋਈ ਹੱਲ ਕਰਨਾ ਸਾਡੀ ਜ਼ਿੰਮੇਵਾਰੀ ਬਣਦੀ ਐ...'

ਮੁੱਖ-ਮੰਤਰੀ ਨੇ ਟਰੇਅ ਵਿੱਚੋਂ ਚਾਹ ਦੇ ਕੱਪ ਆਪ ਚੱਕ ਕੇ ਉਹਨਾਂ ਅੱਗੇ ਰੱਖਦਿਆਂ, 'ਸਾਡੀ ਨੀਤ ਵਿੱਚ ਖੋਟ ਨਹੀਂ, ਹਾਂ ਕੰਮ ਕਰਨ ਦੇ ਤਰੀਕੇ 'ਚ ਫ਼ਰਕ ਹੋ ਸਕਦਾ, ਅਸੀਂ ਸੋਡੇ ਹੀ ਬੱਚੇ ਹਾਂ'

'ਜੇ ਬੱਚੇ ਹੋ ਤਾਂ ਸਾਡੀ ਵੱਡਿਆਂ ਦੀ ਗੱਲ ਮੰਨ ਕੇ ਮਸਲਾ ਹੱਲ ਕਰੋ... ਹੁਣ ਤੱਕ ਜਿੰਨਾ ਵੀ ਕਿਸੇ ਦਾ ਨੁਕਸਾਨ ਹੋਇਆ ਉਹ ਸਾਰੇ ਜੱਟ ਭਰਾ ਦੇਣ ਲਈ ਤਿਆਰ ਨੇ...' ਬਜ਼ੁਰਗ ਕਿਸਾਨ ਨੇ ਚਾਹ ਦੀ ਪਹਿਲੀ ਚੁਸਕੀ ਭਰ ਕੇ ਮੁੱਛਾਂ ਨੂੰ ਪਲੋਸਿਆ, 'ਹਾਂ ਜੀ'

ਸੰਦੀਪ ਨੂੰ ਫੋਨ ਆ ਗਿਆ।

ਉਹਨੇ ਇੱਕ ਮਿੰਟ ਦੀ ਮੋਹਲਤ ਲੈ ਕੇ ਸੁਣਿਆ ਤੇ ਫੇਰ ਫੋਨ ਕੱਟ ਕੇ ਬੋਲਿਆ, 'ਮੰਤਰੀ ਸਾਬ ਹੁਣੇ ਖ਼ਬਰ ਆਈ ਐ ਕਿ ਸਾਰੀਆਂ ਰੇਲਵੇ ਲਾਇਨਾਂ ਤੇ ਕਿਸਾਨਾਂ ਨੇ ਜਾਮ ਲਾ ਲਏ ਨੇ, ਜੇ ਸਾਨੂੰ ਆਰਕਸ਼ਨ ਛੇਤੀ ਤੋਂ ਛੇਤੀ , ਦੋ ਦਿਨਾਂ

ਵਿੱਚ ਵਿਧਾਨ ਸਭਾ ਦਾ ਵਿਸ਼ੇਸ਼ ਸਤਰ ਬੁਲਾ ਕੇ, ਬਿਲ ਲਿਆ ਕੇ ਨਹੀਂ ਦਿੱਤਾ ਤਾਂ ਜੋ ਵੀ ਹੋ ਸਕਿਆ ਕਰਾਂਗੇ...'

ਸੰਦੀਪ ਨੇ ਆਪਣੇ ਮੋਬਾਇਲ ਵਿੱਚ ਹੁਣੇ ਵਟਸਐਪ 'ਤੇ ਆਈ ਇੱਕ ਵੀਡਿਓ ਕੱਢ ਕੇ ਅੱਗੇ ਰੱਖ ਦਿੱਤੀ, ਜੀਹਦੇ ਵਿੱਚ ਨਾਅਰੇ ਗੂੰਜ ਰਹੇ ਸੀ, 'ਤੁਸੀਂ ਮੈਨੂੰ ਖ਼ੂਨ ਦਿਉ... ਮੈਂ ਤੁਹਾਨੂੰ ਆਰਕਸ਼ਨ ਦੇਵਾਂਗਾ...'

ਇਹ ਸਾਰੀ ਵਾਰਤਾ ਤੇ ਮਹੌਲ ਨੂੰ ਵੇਖ ਕੇ ਮੁੱਖ ਮੰਤਰੀ ਚੁੱਪ ਧਾਰ ਕੇ ਕਿੰਨਾ ਚਿਰ ਸਿਰ ਨੂੰ ਖੁਰਕਦਾ ਹੋਇਆ ਬੈਠਾ ਰਿਹਾ। ਫਿਰ ਸੋਫੇ ਤੋਂ ਉਠ ਕੇ ਕਮਰੇ ਵਿੱਚ ਚੱਕਰ ਮਾਰਨ ਲੱਗ ਪਿਆ। ਅਰਾਮ ਕੁਰਸੀ ਤੇ ਬੈਠ ਕੇ ਹੁੱਕਾ ਪੀਂਦਾ ਹੋਇਆ ਮੋਬਾਇਲ ਤੇ ਕਿਸੇ ਪਾਰਟੀ ਦੇ ਮੈਂਬਰ ਨਾਲ਼ ਗੱਲ ਕਰਨ ਲੱਗ ਪਿਆ।

ਦਸ ਪੰਦਰਾਂ ਮਿੰਟਾਂ ਵਿੱਚ ਮੁੱਖ ਮੰਤਰੀ ਨੇ ਕਰੀਬ ਅੱਠ ਫੋਨ ਲਗਾ ਕੇ ਗੱਲ ਪੂਰੀ ਕੀਤੀ ਤੇ ਰਾਤ ਦੇ ਕੀਤੇ ਆਪਣੇ ਫੈਂਸਲੇ ਨੂੰ ਲਿਆ ਕੇ ਉਹਨਾਂ ਅੱਗੇ ਰੱਖ ਦਿੱਤਾ, 'ਮੇਰੀ ਹੁਣੇ ਦਿੱਲੀ ਗੱਲ ਹੋਈ ਐ, ਉਹਨਾਂ ਨੇ ਇੱਕ ਰਾਹ ਦਿੱਤਾ...'

ਸੰਦੀਪ ਨੇ ਆਪਣੀ ਧੌਂਸ ਆਪਣੇ ਨਾਲ਼ ਆਏ ਕਿਸਾਨ ਆਗੂਆਂ 'ਤੇ ਜਮਾਉਣ ਲਈ ਜਵਾਬ ਦਿੱਤਾ, 'ਆਰਕਸ਼ਨ ਤੋਂ ਬਿਨਾ ਕੋਈ ਰਾਹ ਨਹੀਂ ਹੈ ਜੀ... ਉਹ ਤਾਂ ਸਾਡੇ ਮੱਥੇ 'ਤੇ ਵੀ ਗਦਾਰੀ ਦੀ ਕਾਲਖ਼ ਮਲ਼ਦੇ ਪਏ ਐ'

ਮੁੱਖ ਮੰਤਰੀ ਨੂੰ ਸੰਦੀਪ 'ਤੇ ਥੋੜ੍ਹਾ ਗੁੱਸਾ ਆਇਆ ਕਿ ਉਹਦੀ ਗੱਲ ਵਿੱਚੇ ਹੀ ਕੱਟ ਦਿੱਤੀ ਹੈ, ਪਰ ਉਹਨੇ ਇਹ ਮਹਿਸੂਸ ਨਹੀਂ ਹੋਣ ਦਿੱਤਾ, 'ਵੀਰ ਜੀ ਗੱਲ ਸੁਣੋ... ਫੇਰ ਆਪਣੀ ਰਾਇ ਦੇਣੀ ਐ... ਜਦੋਂ ਤੱਕ ਐਸ.ਬੀ.ਸੀ. ਦਾ ਲਾਭ ਨਹੀਂ ਮਿਲਦਾ ਓਨਾ ਚਿਰ ਈ.ਬੀ.ਪੀ. ਦਾ ਕੋਟਾ ਕਿਸਾਨਾਂ ਲਈ ਵਧਾ ਕੇ ਦਸ ਤੋਂ ਵੀਹ ਫੀਸਦੀ ਕਰ ਦਿੱਤਾ ਜਾਊਗਾ, ਤੇ ਇਨ੍ਹਾਂ ਵਿੱਚ ਪੰਜ ਜੱਟ ਬਰਾਦਰੀਆਂ ਨੂੰ ਜਾਟ, ਜੱਟ ਸਿੱਖ, ਰੋਡ, ਤਿਆਗੀ ਤੇ ਬਿਸ਼ਨੋਈ ਭਾਈਚਾਰੇ ਨੂੰ ਨਾਲ਼ ਜੋੜਿਆ ਜਾਊ... ਸਾਡੇ ਪ੍ਰਦੇਸ਼ ਵਿੱਚ ਹੁਣੇ ਤੋਂ ਇਹ ਲਾਭ ਮਿਲਨਾ ਸ਼ੁਰੂ ਹੈ, ਸਲਾਨਾ ਆਮਦਨ ਦੀ ਸੀਮਾ ਵੀ ਢਾਈ ਲੱਖ ਤੋਂ ਵਧਾ ਕੇ ਛੇ ਲੱਖ ਕਰ ਦਿੰਨੇ ਆਂ... ਇਹ ਸਾਰਾ ਲਿਖਤੀ ਰੂਪ ਵਿੱਚ ਸਰਕਾਰ ਵੱਲੋਂ ਸੰਸਦ ਵਿੱਚ ਮਨਜ਼ੂਰ ਕਰਾ ਕੇ ਅਗਲੇ ਦਸ ਦਿਨਾਂ ਵਿੱਚ ਬਿਲ ਲਿਆ ਕੇ ਸੋਡੇ ਅੱਗੇ ਰੱਖ ਦੇਵਾਂਗੇ...'

ਮੁੱਖ ਮੰਤਰੀ ਦੇ ਦੱਸੇ ਰਾਹ ਕਰਕੇ ਕੁਝ ਕਿਸਾਨ ਆਗੂਆਂ ਦੇ ਚਿਹਰੇ ਖਿਲ ਗਏ, ਪਰ ਸੰਦੀਪ ਨੇ ਨਵਾਂ ਮੋਰਚਾ ਖੋਲ੍ਹ ਦਿੱਤਾ, 'ਜਨਾਬ ਆਰਥਕ ਅਧਾਰ 'ਤੇ ਵੀਹ ਪ੍ਰਤੀਸ਼ਤ ਆਰਕਸ਼ਨ ਦੇ ਕੇ ਸਰਕਾਰ ਸਾਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਐ, ਜੇ ਹੱਲ ਕਰਨਾ ਹੀ ਹੈ ਤਾਂ ਜੱਟਾਂ ਨੂੰ ਓ.ਬੀ.ਸੀ. ਦੇ ਸਤਾਈ ਪ੍ਰਸੈਂਟ ਕੋਟੇ 'ਚ ਰੱਖੋ, ਜੇ ਹੋ ਸਕੇ ਤਾਂ ਏਹ ਕੋਟਾ ਵੀ ਵਧਾ ਦਿਓ... ਕਿਉਂਕਿ ਆਰਥਕ ਤੌਰ 'ਤੇ ਆਰਕਸ਼ਨ ਵਿੱਚ ਸ਼ਾਮਿਲ ਹੋਏ ਤਾਂ ਜਾਟ ਸਮਾਜ ਰਾਸ਼ਟਰੀ ਪਿਛਲੀ ਸ਼੍ਰੇਣੀ 'ਚ

ਸ਼ਾਮਿਲ ਹੋਣ ਦੀ ਦਾਅਵੇਦਾਰੀ ਨਹੀਂ ਕਰ ਸਕੇਗਾ... ਸੋ ਅਸੀਂ ਇਹ ਅੰਦੋਲਨ ਜਾਰੀ ਰੱਖਾਂਗੇ...'

ਸੰਦੀਪ ਇੰਨਾ ਕਹਿ ਕੇ ਆਪਣੇ ਸਾਥੀਆਂ ਸਮੇਤ ਮੁੱਖ ਮੰਤਰੀ ਦੇ ਕੋਲੋਂ ਉੱਠ ਕੇ ਬਾਹਰ ਆ ਗਿਆ, ਪਰ ਹਾਂ ਉੱਥੇ ਪਏ ਇੱਕ ਕਾਗਜ਼ 'ਤੇ ਆਪਣਾ ਨੰਬਰ ਲਿਖ ਕੇ ਆ ਗਿਆ।

'ਸੈੱਲ ਫ਼ੋਨ ਦੀ ਉਡੀਕ ਰਹੇਗੀ...'

ਜਦੋਂ ਰਾਜਧਾਨੀ ਵਿੱਚ ਇਹ ਚਰਚਾ ਹੋ ਰਹੀ ਸੀ ਤਾਂ ਉਸ ਵੇਲੇ ਸਾਰੇ ਇਲਾਕੇ ਵਿੱਚ ਹੋਰ ਜਾਮ ਲੱਗ ਗਏ। ਹਵਾ ਵਿੱਚ ਕਿਸਾਨੀ ਝੰਡੇ ਝੂਲਦੇ ਪਏ ਸੀ। ਜੱਟਾਂ ਨੇ ਰੇਲਵੇ ਪੱਟੜੀਆਂ 'ਤੇ ਆਪਣੇ ਟਰੈਕਟਰ ਲਿਆ ਕੇ ਖੜ੍ਹੇ ਕਰ ਲਏ। ਇੱਥੇ ਹੀ ਆਪਣੇ ਵਰਤੋਂ ਵਿੱਚ ਆਉਣ ਵਾਲਾ ਸਮਾਨ ਲਿਆ ਕੇ ਰੱਖ ਲਿਆ। ਪਰ ਜਿਨ੍ਹਾਂ ਪਿੰਡਾਂ ਵਿੱਚ ਧਰਨੇ ਲੱਗੇ ਸੀ, ਉੱਥੇ ਦੇ ਜਾਟ ਬਰਾਦਰੀ ਨਾਲ ਸੰਬੰਧ ਰੱਖਣ ਵਾਲੇ ਬੰਦੇ ਆਪਣੇ ਘਰੋਂ ਰੋਟੀ-ਪਾਣੀ ਲਿਆ ਕੇ ਇਨ੍ਹਾਂ ਵਿੱਚ ਵਰਤਾ ਦਿੰਦੇ ਸੀ।

ਕਿਤੇ-ਕਿਤੇ ਸੈਂਟੀ 'ਤੇ ਸਰਕਾਰ ਦੇ ਪੁਤਲੇ ਸੜਦੇ ਤਾਂ ਧੂੰਆਂ ਅਕਾਸ਼ ਵਿੱਚ ਉੱਡਦੇ ਪੰਛੀਆਂ ਦਾ ਰਾਹ ਰੋਕ ਦਿੰਦਾ। ਉਹ ਚੀਅ-ਚੀਅ ਕਰਦੇ ਸੰਘਣੇ ਧੂਏਂ ਵਿੱਚ ਰਾਹ ਵੀ ਗਵਾ ਲੈਂਦੇ।

ਧਰਨੇ ਵਿੱਚ ਜਿੱਥੇ ਪੁਤਲੇ ਸਾੜੇ ਜਾ ਰਹੇ ਸੀ ਉੱਥੇ ਖੜ੍ਹੇ ਸ਼ੇਰੇ ਨੇ ਇਸ਼ਾਰੇ ਨਾਲ ਆਪਣੇ ਸਾਥੀਆਂ ਨੂੰ ਇੱਥੋਂ ਜਾਣ ਲਈ ਕਹਿ ਦਿੱਤਾ। ਪਿੰਡ ਨੂੰ ਜਾਂਦੇ ਟਰੈਕਟਰ ਦੀ ਟੰਕੀ 'ਤੇ ਖੜ੍ਹ ਕੇ ਉਹ ਸ਼ਹਿਰ ਤੋਂ ਪਿੰਡ ਵੱਲ ਆ ਗਏ। ਚਾਲਕ ਹਰ ਉਚਾਈ ਤੇ ਟਰੈਕਟਰ ਦਾ ਟਾਇਰ ਬਚਾ ਕੇ ਤੋਰਦਾ। ਕਦੇ ਸਾਫ਼ ਸੜਕ ਆਉਂਦੀ ਤਾਂ ਪੂਰੀ ਰੇਸ ਕਰਕੇ ਭਜਾ ਲੈਂਦਾ। ਸ਼ੇਰਾ ਤੇ ਭੂਚਰਾ ਦੋਵੇਂ ਟੰਕੀ 'ਤੇ ਏਸ ਤਰੀਕੇ ਨਾਲ ਆਪਣਾ ਭਾਰ ਪਿਛਾਂਹ ਨੂੰ ਸੁੱਟ ਕੇ ਖੜ੍ਹੇ ਸੀ ਕਿ ਜੇਕਰ ਉਹ ਟੰਕੀ ਤੋਂ ਡਿੱਗ ਵੀ ਪਏ ਤਾਂ ਪਿਛਾਂਹ ਹੀ ਡਿੱਗ ਪੈਣ ਕੋਈ ਬਹੁਤੀ ਗਹਿਰੀ ਸੱਟ ਨਾ ਵੱਜੇ।

ਟਰੈਕਟਰ ਤਾਂ ਪਿਛਲੇ ਪਿੰਡ ਵਿੱਚੋਂ ਹੀ ਪਿੰਡ ਮੁੜ ਗਿਆ ਤੇ ਉਹ ਉੱਥੇ ਕਾਹਲੇ ਪੈਰੀਂ ਤੁਰਦੇ ਹੋਏ ਆਪਣੇ ਪਿੰਡ ਕੋਲ ਦੀ ਲੰਘਦੀ ਰੇਲਵੇ ਲਾਇਨ ਨੂੰ ਪਾਰ ਕਰਕੇ, ਖੇਤਾਂ ਵਿੱਚ ਉੱਗੇ ਵੱਡੇ-ਵੱਡੇ ਕਾਨਿਆਂ ਦੇ ਝਾੜ ਨੂੰ ਪਾਸੇ ਕਰਦੇ, ਖੰਡਰ ਨੁਮਾ ਕੁਆਟਰਾਂ ਵਿੱਚ ਵੜ ਗਏ। ਇੱਥੇ ਕਦੇ ਰੇਲਵੇ ਅਧਿਕਾਰੀ ਰੁਕਦਾ ਹੁੰਦਾ ਸੀ, ਜਿਸ ਦੀ ਡਿਊਟੀ ਫਾਟਕ ਲਾਇਨ ਤੇ ਖੋਲ੍ਹਣ ਲਈ ਸੀ।

ਪਰ ਫਿਰ ਉਹਨਾਂ ਦਾ ਤਬਾਦਲਾ ਕਿਸੇ ਹੋਰ ਥਾਂ ਦਾ ਹੋ ਗਿਆ ਤੇ ਸਰਕਾਰ ਨੂੰ ਵੀ ਇੱਥੇ ਕਿਸੇ ਹੋਰ ਅਧਿਕਾਰੀ ਦੀ ਲੋੜ ਮਹਿਸੂਸ ਨਹੀਂ ਸੀ ਹੋਈ। ਦਫ਼ਤਰ ਦਾ ਸਾਰਾ ਪਾਣਾ ਕੰਮ ਵਿੱਚ ਆਉਣ ਕਰਕੇ, ਇਸ ਦੀਆਂ ਨੀਹਾਂ ਵੀ ਥੱਲੇ ਨੂੰ ਧਸ ਗਈਆਂ। ਮੀਂਹ ਦਾ ਪਾਣੀ ਰੁੜ੍ਹ ਕੇ ਇਸ ਦੇ ਦੁਆਲੇ ਖੜ੍ਹ ਜਾਂਦਾ ਸੀ। ਛੱਤ ਵਿੱਚ ਹੋਏ ਵੱਡੇ

ਮੋਘਰੇ ਵਿੱਚੋਂ ਦੀ ਧੁੱਪ ਖਿੰਦ ਛੱਟ ਅੰਦਰ ਆਉਂਦੀ ਜਦ ਸੂਰਜ ਐਨ ਜਵਾਂ ਸਿਖਰ ਤੇ ਹੁੰਦਾ।

ਸ਼ੇਰੇ ਨੇ ਆਪਣੇ ਛੱਬ ਵਿੱਚ ਲਕੋਈ ਖੁੰਡੀ ਤਲਵਾਰ, ਜੀਹਨੂੰ ਮਿਆਨ ਨਾ ਹੋਣ ਕਰਕੇ ਇੱਕ ਲੀਰ ਨਾਲ ਪੂਰਾ ਵਲ੍ਹੇਟ ਕੇ ਰੱਖਿਆ ਸੀ, ਕੱਢ ਕੇ ਅੱਗੇ ਰੱਖ ਦਿੱਤਾ। ਬਾਂਹ ਦੀ ਉੱਪਰ ਬਾੜ੍ਹੀ ਕਢ ਵਿੱਚੋਂ ਜਰਦੇ ਦੀ ਪੁੜੀ ਕੱਢ ਕੇ ਮਲਣ ਲੱਗ ਪਿਆ। ਫਿਰ ਛੰਡੀ ਪਟਾਕਾ ਪਾਇਆ ਤਾਂ ਉਹਦਾ ਖੜਾਕ ਸੁਣ ਕੇ, ਘੇਰਨੇ ਵਿੱਚ ਬੈਠੀ ਕੁੱਤੀ ਭੌਂਕਣ ਲੱਗ ਪਈ।

'ਉ ਬੱਸ... ਮੂੰਅ...' ਜਰਦਾ ਜਬਾੜੇ ਵਿੱਚ ਤੁੰਨ ਕੇ 'ਲਿਆ ਫੜਾ' ਹਥੌੜਾ ਫੜ ਕੇ ਸੱਟਾਂ ਮਾਰਨ ਲੱਗ ਪਿਆ।

ਭੂਚਰੇ ਨੇ ਆਪਣੀ ਛੱਬ ਵਿੱਚੋਂ ਇੱਕ ਲੋਹੇ ਦਾ ਸਰੀਆ ਕੱਢ ਕੇ ਬਲਦੀ ਭੱਠੀ ਵਿੱਚ ਰੱਖ ਦਿੱਤਾ।

ਪੀਰੂ ਨੇ ਵੀ ਆਪਣੀ ਛੱਬ ਵਿੱਚੋਂ ਵੱਡਾ ਚਾਕੂ ਕੱਢ ਕੇ ਵਿਖਾ ਦਿੱਤਾ। ਜੀਹਦੇ ਨਾਲ ਉਹ ਕਿਸੇ ਦੀ ਵੀ ਹਿੱਕ ਚੀਰ ਸਕਦੇ ਸੀ।

ਸ਼ੇਰਾ ਨਿੱਕਾ ਹੁੰਦਾ ਕਦੇ ਲੁਹਾਰ ਨਾਲ ਕੰਮ ਕਰਦਾ ਸੀ। ਜਦੋਂ ਉਹਨੇ ਗੇੜੇ ਨਾਲ ਭੱਠੀ ਦੀ ਅੱਗ ਨੂੰ ਹਵਾ ਝੱਲੀ ਤਾਂ ਤੇਜ਼ ਲਾਲ ਚਾਨਣ ਨਾਲ ਸਭ ਦੀਆਂ ਅੱਖਾਂ ਚੁੰਨ੍ਹੀਆਂ ਹੋ ਗਈਆਂ। ਗਰਮ ਕਰਕੇ ਜਿਹਦੇ 'ਤੇ ਹਥੌੜੇ ਦੀਆਂ ਸੱਟਾਂ ਮਾਰਨ ਲੱਗ ਪਏ।

ਕਾਫ਼ੀ ਸੱਟਾਂ ਮਾਰਨ ਤੋਂ ਬਾਅਦ ਭੂਚਰਾ ਗੋਡਿਆਂ 'ਤੇ ਹੱਥ ਰੱਖ ਕੇ ਬਹਿ ਗਿਆ, 'ਹੁਣ ਰੌਲਾ ਪੈਣਾ ਹੀ ਪੈਣਾ, ਸਾਰੇ ਜੱਟ ਭੂਸਰੇ ਪਏ ਐ, ਮੌਕੇ ਦਾ ਲਾਹਾ ਚੱਕ ਲਿਆ ਜੇ ਕਿਤੇ ਐਵੇਂ ਹੀ ਨਾ ਮਜ਼ਬ ਆਲੇ ਭਾਈ ਬਣੇ ਫਿਰਿਆ ਜੇ, ਹਾਂ ਧਿਆਨ ਰਹੇ, ਕਿਸੇ ਜੱਟ ਦੇ ਘਰੇ ਹੀ ਨਾ ਡਾਕਾ ਮਾਰਨ ਲੱਗ ਪਵੋ...'

'ਅਸੀਂ ਇੰਨੇ ਲੱਲੇ ਨੀ, ਸਭ ਪਤਾ, ਜੇੜਾ ਹੋਇਆ ਹੀ ਜੱਟ ਉਹਤੋਂ ਕੀ ਥੋੜ ਮਿਲਣਾ, ਜੇ ਭੂੰਗੇ 'ਚ ਕੁਝ ਹੁੰਦਾ ਤਾਂ ਕਾਹਨੂੰ ਐਂ ਸੜਕਾਂ 'ਤੇ ਆਵਦੀਆਂ ਪੈਂਗਾਂ ਰੋਲਦੇ...' ਪੀਰੂ ਨੇ ਕੰਧ ਵਿੱਚ ਬਣੇ ਮੋਘਰੇ ਵਿੱਚੋਂ ਦੀ ਧੌਣ ਬਾਹਰ ਕੱਢ ਕੇ ਚਾਰੇ-ਪਾਸੇ ਵੇਖਿਆ, ਕਿਤੇ ਕੋਈ ਸੂਹ ਤਾਂ ਨਹੀਂ ਲੈ ਰਿਹਾ। ਪੰਦਰਾਂ ਪੰਦਰਾਂ ਫੁੱਟ ਲੰਮੇ ਕਾਨਿਆਂ ਦੇ ਜੰਗਲ ਵਿੱਚ ਇਹ ਖੰਡਰ ਦਾ ਕਿਸੇ ਨੂੰ ਨਾਮੋ-ਨਿਸ਼ਾਨ ਵੀ ਨਹੀਂ ਸੀ ਪਤਾ।

'ਤੇ ਗੱਲ ਇਹ ਵੀ ਚੇਤੇ ਰੱਖਿਓ, ਆਪਾਂ ਬਸ ਲੁੱਟ ਖੋਹ ਹੀ ਕਰਨੀ ਐ ਕਿਸੇ ਦੀ ਜਾਨ ਨਹੀਂ ਲੈਣੀ' ਸ਼ੇਰਾ ਦੋਵਾਂ ਹੱਥਾਂ ਦੀ ਇੱਕ-ਇੱਕ ਉਂਗਲ ਖੜ੍ਹੀ ਕਰਕੇ ਮੱਤ ਦੇਣ ਦੇ ਤਰੀਕੇ ਨਾਲ ਭਾਖਿਆ, 'ਆ-ਗੀ ਸਮਝ, ਜਿਦੋਂ ਗੱਲ ਵਸੋਂ ਬਾਹਰ ਹੁੰਦੀ ਦਿਸੇ ਬਸ ਜਾਨ ਬਚਾ ਕੇ ਛੂਟ ਵੱਟ ਜਿਓ...'

'ਜੇ ਅਗਲੇ ਛੂਟ ਵੱਟਣ ਤੋਂ ਪਹਿਲਾਂ ਈ ਭੜਕਤਾ ਫੇਰ...' ਭੂੱਚਰੇ ਨੇ ਫੇਰ ਮੁੱਠੀ ਵਿੱਚ ਥੁੱਕ ਕੇ ਹਥੌੜੇ ਦੀਆਂ ਸੱਟਾਂ ਮਾਰ ਦਿੱਤੀਆਂ।

'ਉਹਨੂੰ ਧੱਕਾ ਮਾਰ ਕੇ ਦੂੰਜੇ ਸਿੱਟ ਕੇ ਆਪ ਭੱਜ ਆਵੀਂ ਹੋਰ ਕੀ' ਪੀਤੂ ਨੇ ਪੂਰੀ ਦ੍ਰਿੜਤਾ ਨਾਲ਼ ਆਖ਼ਰੀ ਜੁਗਤ ਦੱਸ ਕੇ, ਜਿਵੇਂ ਕੋਈ ਬਹੁਤ ਵੱਡੀ ਗੁੰਝਲ ਹੱਲ ਕਰ ਦਿੱਤੀ। ਫਿਰ ਨਵਾਂ ਸੁਆਲ ਪੁੱਛਿਆ, 'ਭਲਾ ਆਪਾਂ ਜਾਨ ਕਿਉਂ ਨਹੀਂ ਲੈਣੀ, ਆਵਦੀ ਜਾਨ ਬਚਾਉਣ ਲਈ ਕੀਤਾ ਹਮਲਾ ਵੀ ਤਾਂ ਕਾਨੂੰਨ 'ਚ ਵਾਜਿਬ ਹੈ... ਕੋਈ ਖ਼ਤਰਾ ਨਹੀਂ...'

'ਜੱਧਾ ਕਾਨੂੰਨ ਦਾ... ਤਾਂ ਫੇਰ ਤੂੰ ਉੱਥੇ ਜਾ ਕੇ ਵੈਂਗਣ ਫੜਨਾਂ ਘਰੇ ਬੈਠਾ ਰਹੀਂ... ਸਰਕਾਰ ਪੁੱਛੂਗੀ ਬਈ ਤੂੰ ਸਾਕ ਕਰਨ ਗਿਆ ਸੀ ਅੱਧੀ ਰਾਤ ਨੂੰ ਸ਼ਹਿਰ ਵਿੱਚ... ਨਾਲ਼ੇ ਕਤਲ ਦੀ ਸਜ਼ਾ ਜੇਲ ਐ, ਬਾਕੀ ਦੀ ਸਾਰੀ ਉਮਰ ਕਤਲ 'ਚ ਕੈਦ ਹੋ ਕੇ ਜੇਲ ਵਿੱਚ ਹੀ ਕੱਟਦੀ... ਹੋਰ ਕੀ... ਲੁੱਟ ਵੀ ਆਪਾਂ ਮਾਰੀ ਦੇ ਕਰਦੇ ਹਾਂ... ਸਾਨੂੰ ਤਾਂ ਗੁਜ਼ਾਰੇ ਲਈ ਪੈਸਿਆਂ ਦੀ ਲੋੜ ਐ.... ਆਪਾਂ ਕਿਸੇ ਦੀ ਜਾਨ ਨਹੀਂ ਲੈ ਸਕਦੇ...'

ਸ਼ੇਰੇ ਨੇ ਤਲਵਾਰ ਦੀ ਧਾਰ ਸਾਣ 'ਤੇ ਲਾਉਣੀ ਬੰਦ ਕਰ ਦਿੱਤੀ।

'ਏਨੀ ਤਿੱਖੀ ਈ ਬਹੁਤ ਐ ਆਵਦੀ ਜਾਨ ਬਚਾਉਣ ਲਈ... ਏਹ ਹੱਥ ਕਿਸੇ ਦੀ ਜਾਨ ਨਹੀਂ ਲੈ ਸਕਦੇ...'

'ਜੇ ਫੜ੍ਹੇ ਗਏ ਤਾਂ...'

'ਅੱਧਾ ਲੁੱਟ ਦਾ ਮਾਲ ਪੁਲਸ ਨੂੰ ਦੱਸ ਦੇਵਾਂਗਾ ਤੇ ਅੱਧਾ ਆਪਾਂ ਲਕੋਅ ਕੇ ਰੱਖ ਲਾਂਗੇ...' ਸ਼ੇਰੇ ਨੇ ਫਿਰ ਭੱਠੀ ਦੇ ਕੋਲ਼ਿਆਂ ਨਾਲ਼ ਸਰੀਆ ਦੱਬ ਦਿੱਤਾ। ਅੱਗ ਕਰਕੇ ਆਏ ਮੱਥੇ ਦੇ ਪਸੀਨੇ ਨੂੰ ਪੂੰਝਦਿਆਂ ਜਦ ਉਹਦੀ ਨਜ਼ਰ ਛੱਤ ਦੇ ਮੋਘਰੇ ਵਿੱਚੋਂ ਵੇਖਿਆ ਤਾਂ ਕਾਫ਼ੀ ਹਨੇਰਾ ਹੋ ਗਿਆ ਸੀ।

ਉਹ ਤਿੰਨੇ ਬਾਕੀ ਦਾ ਸਾਰਾ ਕੰਮ ਵਿੱਚੇ ਠੱਪ ਕਰਕੇ ਘਰ ਵੱਲ ਆ ਗਏ।

ਭੂੱਚਰੇ ਦੇ ਹੱਥ ਵਿੱਚ ਮੋਮਬੱਤੀ ਫੜੀ ਸੀ ਉਹਨੂੰ ਆਪਣੇ ਹੱਥ ਨਾਲ਼ ਚਿਮਨੀ ਵਾਂਗ ਹਵਾ ਲੱਗ ਕੇ ਬੁੱਝਣ ਤੋਂ ਰੋਕਿਆ ਸੀ। ਡਰ ਸੀ ਕਿਤੇਂ ਇਹ ਮੋਮਬੱਤੀ ਦੀ ਅੱਗ ਕੱਖਾਂ-ਕਾਨਿਆਂ ਨੂੰ ਵੀ ਨਾ ਪੈ ਜਾਵੇ।

ਰੇਲਵੇ ਲਾਇਨ ਲੰਘ ਕੇ ਪਿੰਡ ਦੀ ਫਿਰਨੀ ਵੜਦੇ ਸਾਰ ਹੀ ਤਿੰਨੋਂ ਵੱਖ-ਵੱਖ ਹੋ ਕੇ ਘਰਾਂ ਵੱਲ ਚਲੇ ਗਏ।

ਭੂੱਚਰੇ ਨੇ ਘਰ ਆ ਕੇ ਜਦ ਮੰਜੇ 'ਤੇ ਬਹਿੰਦਿਆਂ ਰੋਟੀ ਲੈ ਕੇ ਆਉਣ ਲਈ ਕਿਹਾ ਤਾਂ ਉਹਦੀ ਸਰੀਰ ਦੀ ਭਾਰੀ ਘਰਵਾਲੀ ਬਿਸ਼ਨੋ ਨੇ ਰੋਅਬ ਮਾਰਿਆ, 'ਕਿੱਥੇ ਮਰਿਆ ਸੈਂ ਸਾਰੇ ਦਿਨ ਦਾ...'

'ਐਥੇ ਈ ਸੀ...'

ਬਿਸ਼ਨੋ ਨੇ ਜੰਗਲੇ ਦੀ ਗੁੱਠ ਵਿੱਚ ਪਿਆ ਸ਼ੀਸ਼ਾ ਚੱਕ ਕੇ ਉਹਦੇ ਮੂੰਹ ਅੱਗੇ

ਕਰਕੇ ਮਿਹਣਾ ਮਾਰਿਆ, 'ਆਹ ਵੇਖਲਾ ਆਵਦੀ ਬੂਥੀ, ਆਉਂਦੀ ਐ ਭੋਰਾ ਸ਼ਰਮ ਕਿ ਨੀਂ, ਆਹ ਜੇੜਾ ਜੰਮਿਆ ਐਦਾ ਈ ਕੁਸ ਸਵਾਰ ਦੇ, ਕਿ ਕਿਸੇ ਦੇ ਸੀਗੀ ਲਾਉਣ ਦੀ ਵਿੱਡ ਬਣਾਈ ਬੈਠਾਂ'

ਬਿਸ਼ਨੋ ਨੇ ਸੁੱਤੇ ਪਏ ਮੁੰਡੇ ਦੀ ਢੂਹੀ ਵਿੱਚ ਚਪੇੜ ਮਾਰ ਦਿੱਤੀ ਤਾਂ ਅੱਗੋਂ ਉਹਨੇ ਵੀ ਅੱਖਾਂ ਬੰਦ ਕੀਤਿਆਂ ਹੀ ਲੱਤ ਚਲਾਵੀਂ ਮਾਰੀ।

'ਕਾਹਨੂੰ ਅੱਧੀ ਰਾਤ ਨੂੰ ਤਮਾਸ਼ਾ ਵਖਾਉਨੀ ਐ ਟੁਕ ਦੀ ਬੁਰਕੀ ਦੇਹ...'

ਬਿਸ਼ਨੋ ਨੇ ਬੇਰਹਿਮੀ ਨਾਲ਼ ਸ਼ੀਸਾ ਮੰਜੇ 'ਤੇ ਪਟਕ ਦਿੱਤਾ ਤੇ ਰਸੋਈ ਵਿੱਚ ਪਰਾਤ ਦੇ ਥੱਲੇ ਪਈ ਰੋਟੀ ਆਲ਼ੀ ਥਾਲੀ ਚੁੱਕ ਕੇ ਉਹਦੇ ਅੱਗੇ ਲਿਆ ਰੱਖੀ, 'ਡੱਫ-ਲੈ...'

ਭੂੱਚਰੇ ਨੇ ਇੱਕ ਹੱਥ ਨਾਲ਼ ਥਾਲੀ ਫੜ ਲਈ ਤੇ ਦੂਜੇ ਹੱਥ ਨਾਲ਼ ਬੁਰਕੀ ਤੋੜ ਕੇ ਦਾਲ ਵਿੱਚ ਫੇਰੀ ਤਾਂ ਉਹ ਦੇ ਵਿੱਚ ਘਿਉ ਦੀ ਪੇਪੜੀ ਜੰਮੀ ਵੇਖ ਕੇ ਕਿਹਾ, 'ਭੋਰਾ ਤੱਤੀ ਤਾਂ ਕਰ ਲਿਆਂਦੀ...'

'ਜਿਹੋ ਜਿਹੀ ਜੁੜਦੀ ਖਾ ਲੈ, ਨੀਂ ਤਾਂ ਏਹ ਵੀ ਮੈਂ ਚਾਕੇ ਕੱਟੇ ਨੂੰ ਚਾਰ ਦੇਣੀ ਐਂ... ਤੇਰੇ ਨੀ ਕਨੂੰਨ ਲੋਟ ਆਉਂਦੇ ਮੈਥੋਂ...'

ਫਿਰ ਬਿਸ਼ਨੋ ਮੂੰਹ ਪਾਸੇ ਕਰਕੇ ਆਪਣੇ ਮੁੰਡੇ ਨਾਲ਼ ਜੱਫੀ ਪਾ ਕੇ ਲੇਟ ਗਈ।

ਭੂੱਚਰੇ ਨੇ ਸਿਰਹਾਣੇ ਕੋਲ਼ ਪਈ ਡੱਬੀ ਚੱਕ ਕੇ ਉਹਦੇ ਵਿੱਚੋਂ ਸੀਖ ਕੱਢ ਕੇ ਬਾਲ ਲਈ। ਇਹਦੀ ਲਾਟ ਨੂੰ ਆਪਣੇ ਹੱਥ ਵਿੱਚ ਫੜੀ ਬੁਰਕੀ ਥੱਲੇ ਕਰਕੇ ਗਰਮ ਕਰ ਲੈਂਦਾ।

ਗਰਮ ਕਰਕੇ ਬੁਰਕੀ ਨੂੰ ਮੂੰਹ ਵਿੱਚ ਪਾ ਕੇ ਬੋਲਿਆ, 'ਰੋਟੀ ਤਾਂ ਮੈਂ ਤੱਤੀ ਖਾਊਂ...'

ਇਉਂ ਭੂੱਚਰੇ ਨੇ ਚਾਰ ਰੋਟੀਆਂ ਖਾ ਲਈਆਂ।

ਸੀਖਾਂ ਦਾ ਨਿੱਕਾ ਜਿਹਾ ਢੇਰ ਥੱਲੇ ਲੱਗ ਗਿਆ ਸੀ।



'ਮੈਂ ਸਰਕਾਰ ਅੱਗੇ ਬੇਨਤੀ ਕਰਦਾਂ ਕਿ ਏਨਾਂ ਜੱਟਾਂ ਦੀ ਮੱਤ ਮਾਰੀ ਗਈ ਐ... ਜੱਟ ਕੀ ਮੱਤ ਕੀ, ਏਨ੍ਹਾਂ ਨਾਲ਼ ਗੱਲਬਾਤ ਕਰਨ ਨਾਲ਼ ਮਸਲਾ ਕਦੇ ਹੱਲ ਨਹੀਂ ਹੋਣਾ, ਏਨ੍ਹੂੰ ਤਾਂ ਪੈਰਾ ਮਿਲਟਰੀ ਫੋਰਸ ਨਾਲ਼ ਸ਼ਹਿਰ ਵਿੱਚੋਂ ਉਖਾੜ ਕੇ ਬਾਹਰ ਸੁੱਟ ਦਿਉ... ਤੇ ਸ਼ਹਿਰ ਵਿੱਚ ਵੱਸਦੇ ਸਰੀਫ਼ ਲੋਕਾਂ ਦੇ ਪਰਿਵਾਰਾਂ ਨੂੰ ਰਾਹਤ ਦਿਉ... ਏਨ੍ਹਾਂ ਪਿੱਛੇ ਆਉਣ ਵਾਲ਼ਾ ਕੋਈ ਨਹੀਂ, ਜੋ ਹੈਗੇ ਸੀ ਇਹੀ ਨੇ, ਧਰਨੇ 'ਤੇ ਬੈਠੇ ਐ, ਜੱਟਾਂ ਦੀ ਗੁੰਡਾਗਰਦੀ ਕਿਸੇ ਹਾਲਤ ਵਿੱਚ ਨਹੀਂ ਚੱਲਣ ਦੇਣੀ...'

ਸੈਣੀ ਦੇ ਇਸ ਤਿੱਖੇ ਬਿਆਨ ਨੇ, ਖ਼ੇਸਾਂ ਦੀਆਂ ਬੁੱਕਲਾਂ ਮਾਰ ਕੇ ਧਰਨਿਆਂ ਵਿੱਚ ਬੈਠੇ ਕਿਸਾਨਾਂ ਦੇ ਸਬਰ ਨੂੰ ਖੋਰਾ ਲਾ ਦਿੱਤਾ। ਬਾਣੀ ਦਾ ਜਾਪ ਕਰਦੇ ਬਾਬਿਆਂ ਦੀਆਂ ਅੱਖਾਂ ਕਿਸੇ ਹਰਖ ਨਾਲ਼ ਭਰ ਗਈਆਂ। ਗ਼ੁੱਸੇ ਵਿੱਚ ਆਏ ਕਿਸਾਨਾਂ ਨੇ ਸੈਣੀ ਦੇ ਪੁਤਲੇ ਹੱਥਾਂ ਵਿੱਚ ਫੜ ਕੇ ਸਾਰੇ ਸ਼ਹਿਰ ਵਿੱਚ ਜਲੂਸ ਕੱਢ ਦਿੱਤਾ।

ਸ਼ਹਿਰ ਦੇ ਬਾਹਰ ਚੌਕਾਂ ਵਿੱਚ ਹੱਥਾਂ ਵਿੱਚ ਕਾਲ਼ੀਆਂ ਝੰਡੀਆਂ ਫੜ੍ਹ ਕੇ ਬੈਠੇ ਕਿਸਾਨ 'ਸੈਣੀ ਮੁਰਦਾਬਾਦ' ਦੇ ਨਾਅਰੇ ਲਾਉਂਦੇ ਸ਼ਹਿਰ ਦੀਆਂ ਗਲ਼ੀਆਂ ਵਿੱਚ ਜਾ ਵੜੇ। ਕਿਸੇ ਨੂੰ ਵੀ ਨੁਕਸਾਨ ਨਹੀਂ ਪਹੁੰਚਾਇਆ। ਕਿਸੇ ਨੂੰ ਆਉਣ-ਜਾਣ ਤੋਂ ਨਹੀਂ ਰੋਕਿਆ।

ਹੁਣ ਅੱਧਾ ਸ਼ਹਿਰ ਜਾਮ ਕਰ ਦਿੱਤਾ ਗਿਆ...!!

ਪੈਦਲ ਤਾਂ ਕੋਈ ਬੰਦਾ ਆ ਜਾ ਸਕਦਾ ਸੀ, ਪਰ ਕਾਰ-ਸਕੂਟਰ 'ਤੇ ਕੋਈ ਸ਼ਹਿਰ ਆ ਜਾ ਨਹੀਂ ਸੀ ਸਕਦਾ। ਸ਼ਹਿਰ ਵਿੱਚ ਰਹਿੰਦੇ ਨੌਕਰੀਪੇਸ਼ਾ ਲੋਕਾਂ ਨੂੰ ਬਹੁਤ ਤਕਲੀਫ਼ ਹੋਣ ਲੱਗ ਪਈ।

ਸ਼ਹਿਰ ਵਿੱਚ ਰਹਿੰਦੇ ਲੋਕਾਂ ਨੇ ਬੈਂਕ ਅੱਗੇ ਬਣੇ ਵੱਡੇ ਸਾਰੇ ਮੈਦਾਨ ਵਿੱਚ ਆ ਕੇ ਇਕੱਠ ਕਰ ਲਿਆ। ਸੋਸ਼ਲ ਮੀਡੀਏ 'ਤੇ ਹਰ ਵਿਉਪਾਰੀ ਨੇ ਲੰਮੀ ਸ਼ਿਕਾਇਤ ਕੀਤੀ। ਬੈਂਕ ਅੱਗੇ ਬੰਦੂਕ ਹੱਥ ਵਿੱਚ ਫੜ੍ਹ ਕੇ ਬੈਠੇ ਚੜ੍ਹਤ ਸਿੰਘ ਨੇ ਸਾਰੀ ਭੀੜ 'ਤੇ ਬੜੀ ਬਰੀਕੀ ਨਾਲ ਨਜ਼ਰ ਦੌੜਾਈ, ਪਰ ਕਿਤੇ ਵੀ ਉਹਨੂੰ ਤਰਲੋਚਨ ਸਿੰਘ ਨਜ਼ਰ ਨਹੀਂ ਸੀ ਆਇਆ। ਕੁਰਸੀ ਤੋਂ ਉੱਠ ਕੇ ਬੈਂਕ ਦਾ ਗੇਟ ਥੋੜ੍ਹਾ ਜਿਹਾ ਖਿੱਚ ਕੇ ਭੇੜ ਦਿੱਤਾ।

ਬੈਂਕ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੇ ਬੂਹੇ ਵਿੱਚ ਖੜ੍ਹ ਕੇ ਇਸ ਇਕੱਠ ਨੂੰ ਸਮਝ ਨਾਲ਼ ਵੇਖਣ ਪਰਖਣ ਦੀ ਕੋਸ਼ਿਸ਼ ਕੀਤੀ, 'ਐਵੇਂ ਰੌਲਾ ਰੱਪਾ, ਹੱਥ ਪੈਰ ਦਿੱਤੇ ਐ ਰੱਬ ਨੇ, ਕਮਾ ਕੇ ਖਾਓ-ਪੀਓ...'

ਅਗਲੇ ਪਲ ਵਿੱਚ ਸਾਰੇ ਆਪੋ-ਆਪਣੇ ਕੰਮਾਂ ਵਿੱਚ ਲੱਗ ਗਏ।

ਨੰਗੇ ਸਿਰ 'ਤੇ ਐਨਕਾਂ ਲਾਈ, ਆਪਣੀ ਮੁੱਛ ਨੂੰ ਵਾਰ-ਵਾਰ ਤਾਅ ਦਿੰਦਾ, ਇੱਕ ਸੇਠ ਬੋਲਦਾ, ਪਿਆ ਸੀ, 'ਅੱਜ ਤੋਂ ਬਾਦ ਜੇ ਕਿਸੇ ਵੀ ਜੱਟ ਨੇ ਸਾਡੇ ਘਰਾਂ ਅੱਗੇ ਨਾਅਰੇ ਲਾਏ, ਜਲੂਸ ਕੱਢਿਆ ਤਾਂ ਵੇਖ-ਲੋ ਆਪਾਂ ਨਹੀਂ ਕੋਈ ਸੁੱਕਾ ਛੱਡਣਾ, ਫੜ੍ਹ ਕੇ ਪੁਲਿਸ ਹਵਾਲੇ ਕਰ ਦਿਆਂਗੇ, ਅਸੀਂ ਕੋਈ ਚੂੜੀਆਂ ਨੀ ਪਾਈਆਂ...'

'ਜੱਟਾਂ ਦਾ ਇਹ ਅੰਦੋਲਨ ਹੁਣ ਬੇਲਗਾਮ ਹੋ ਗਿਆ... ਇਹਤੇ ਛੇਤੀ ਤੋਂ ਛੇਤੀ ਕਾਬੂ ਪਾਉਣਾ ਚਾਹੀਦਾ, ਜੇ ਇਸ ਤਰ੍ਹਾਂ ਨਾ ਹੋਇਆ ਤਾਂ ਫੇਰ ਪੈਂਤੀ ਬਰਾਦਰੀ ਦੇ ਲੋਕ ਵੀ ਅੰਦੋਲਨ ਸ਼ੁਰੂ ਕਰ ਦੇਣਗੇ, ਜੋ ਵੀ ਹੱਲਾ-ਗੁੱਲਾ ਹੋਇਆ ਉਹਦੀ ਜ਼ਿੰਮੇਵਾਰ ਸਰਕਾਰ ਹੋਊਗੀ...' ਰਾਹੁਲ ਜੈਨ ਨੇ ਆਪਣੇ ਨਾਲ਼ ਲਿਆਂਦੀ ਕੁਰਸੀ 'ਤੇ ਖੜ੍ਹ ਕੇ ਸਾਰੀ ਭੀੜ ਨੂੰ ਚੇਤਾਵਨੀ ਦਿੱਤੀ। ਇਸ ਕੁਰਸੀ 'ਤੇ ਉਹੀ ਬੰਦਾ ਚੜ੍ਹਦਾ, ਜੀਹਨੇ ਆਪਣੀ ਗੱਲ ਕਰਨੀ ਹੁੰਦੀ।

ਇਹ ਕੁਰਸੀ ਹੀ ਮੌਕੇ ਦੀ ਸਟੇਜ ਸੀ।

'ਨਹੀਂ... ਜਿਵੇਂ ਵੀ ਐ ਸਾਨੂੰ ਸ਼ਹਿਰ ਸਾਫ਼ ਚਾਹੀਦਾ, ਜੋ ਕਰਨਾ ਸਰਕਾਰ ਆਪਣੇ ਹਿਸਾਬ ਨਾਲ਼ ਕਰੇ, ਪਰ ਸਾਡੇ ਕੰਮ-ਧੰਦੇ, ਵਪਾਰ ਚੌਪਟ ਹੋ ਗਿਆ...

ਸਮਾਜ ਦੇ ਕਿਸੇ ਵੀ ਕਬੀਲੇ ਨੂੰ ਇਉਂ ਰਾਹ ਰੋਕ ਕੇ ਬੈਠਣ ਦਾ ਕੋਈ ਹੱਕ ਨਹੀਂ, ਨਿੱਜੀ ਫਾਈਦੇ ਲਈ, ਜੇ ਤਕਲੀਫ ਐ ਤਾਂ ਉਹ ਦੇ ਲਈ ਕੁਝ ਮਰਜ਼ੀ ਕਰਨ ਕਿਸਾਨ... ਪਰ ਸਾਨੂੰ ਤੰਗ ਪ੍ਰੇਸ਼ਾਨ ਨਾ ਕਰਨ ਏਹੀ ਅਰਜ਼ ਐ...' ਸਿਆਣੀ ਉਮਰ ਦੇ ਵਿਊਪਾਰੀ ਨੇ ਜੈਨ ਦੇ ਦਿੱਤੇ ਭਾਸ਼ਣ ਨੂੰ ਗੋਲ-ਮੋਲ ਕਰ ਦਿੱਤਾ। ਉਹਨਾਂ ਦੇ ਵਪਾਰ ਵੀ ਇਨ੍ਹਾਂ ਕਿਸਾਨਾਂ ਨਾਲ਼ ਹੀ ਚੱਲਦੇ ਸੀ।

ਹਰ ਬਿਰਾਦਰੀ ਵਿੱਚੋਂ ਇੱਕ ਇੱਕ ਆਦਮੀ ਲੈ ਕੇ 'ਪੈਂਤੀ ਬਰਾਦਰੀ' ਦਾ ਨਵਾਂ ਮੋਰਚਾ ਤਿਆਰ ਕਰ ਲਿਆ। ਮੰਗ-ਪੱਤਰ ਤਿਆਰ ਕਰਕੇ ਲੋਕਾਂ ਵਿੱਚ ਵੰਡ ਦਿੱਤੇ। ਕੁਝ ਕੰਧਾਂ ਉੱਤੇ ਚਿਪਕਾਏ ਗਏ, ਜਿੱਥੇ ਕਿਸਾਨਾਂ ਨੇ ਆਪਣੇ ਪਰਚੇ ਲਾਏ ਸੀ।

ਪਰ ਰਾਹੁਲ ਜੈਨ ਦੇ ਦਿਲ ਵਿੱਚ ਕੋਈ ਖਿੱਚੜੀ ਹੋਰ ਹੀ ਰਿੱਝਦੀ ਪਈ ਸੀ।

ਉਹਨੇ ਇੱਕ ਵਟਸਐਪ ਗਰੁੱਪ ਵਿੱਚ ਰਿਕਾਰਡਗਾਂ ਕਰਕੇ ਭੇਜ ਦਿੱਤੀਆਂ। ਜੋ ਜੀਪ ਵਿੱਚ ਬੈਠੇ ਥਾਣੇਦਾਰ ਬਲਦੇਵ ਸਿੰਘ ਨੇ ਸੁਣ ਲਈਆਂ। ਥਾਣੇਦਾਰ ਨੇ ਉਹਦਾ ਮੋਬਾਇਲ ਖੋਹ ਕੇ ਆਪਣੇ ਕਬਜ਼ੇ ਵਿੱਚ ਕਰ ਲਿਆ। ਤੇ ਉਹਨੂੰ ਘੜੀਸ ਕੇ ਬੈਂਕ ਨਾਲ਼ ਬਣੇ ਪਿਸ਼ਾਬ ਘਰ ਵਿੱਚ ਤਾੜ ਲਿਆ, ਜਿਸਨੂੰ ਕਦੇ ਚੜ੍ਹਤ ਸਿੰਘ ਨੇ ਆਫ਼ਤ ਆਉਣ 'ਤੇ ਮੋਰਚਾ ਬਣਾਉਣ ਦਾ ਵਿਚਾਰ ਬਣਾਇਆ ਸੀ।

ਚੜ੍ਹਤ ਸਿੰਘ ਉਹਨਾਂ ਵੱਲ ਨਿਚਿੰਤ ਹੋ ਕੇ ਵੇਖਦਾ ਰਿਹਾ...!

'ਇਹ ਕੀ ਬਦਮਾਸ਼ੀ ਐ...'

'ਸਾਲਿਆ ਏਧਰ ਆ... ਲਾਕ ਖੋਲ੍ਹ ਇਹਦਾ.... ਖੋਲ੍ਹ...' ਉਹਦੀ ਉਂਗਲ ਫੜ੍ਹ ਕੇ ਸਕਰੀਨ 'ਤੇ ਲਗਾ ਕੇ ਲੱਕ ਖੋਲ੍ਹਣ ਦੀ ਕੋਸ਼ਿਸ਼ ਕੀਤੀ। ਦੋਵਾਂ ਹੱਥਾਂ ਦੀਆਂ ਉਂਗਲਾਂ ਵਾਰ-ਵਾਰ ਲਾਕ ਉੱਤੇ ਲਾਈਆਂ। ਪਰ ਲਾਕ ਨਹੀਂ ਖੁੱਲਿਆ।

'ਕੀ ਪਾਸਵਰਡ ਐ...' ਥਾਣੇਦਾਰ ਨੇ ਆਪਣੇ ਹੱਥ ਵਿੱਚ ਫੜ੍ਹੇ ਡੰਡੇ ਨਾਲ਼ ਉਹਦੀ ਵੱਖੀ ਵਿੱਚ ਹੁੱਜ ਮਾਰੀ, 'ਓਏ ਵੇਖ ਮੋਬਾਇਲ ਵਿੱਚ, ਸਾਲੇ ਨੇ ਲੱਗਦਾ ਫੇਸ ਲਾਕ ਲਗਾ ਰੱਖਿਆ... ਕਰ ਮੂੰਹ ਏਧਰ...'

ਪਰ ਜੈਨ ਨੇ ਆਪਣੀ ਨੀਵੀਂ ਪਾ ਲਈ।

ਜੈਨ ਨੇ ਜਦੋਂ ਆਪਣਾ ਚਿਹਰਾ ਲੁਕਾਉਣ ਲਈ ਨੀਵੀਂ ਪਾਈ ਤਾਂ ਸਿਪਾਹੀ ਨੇ ਉਹਨੂੰ ਵਾਲ਼ਾਂ ਤੋਂ ਫੜ੍ਹ ਕੇ ਉਪਰ ਕਰ ਲਿਆ। ਉਹਨੇ ਆਪਣੀ ਸ਼ਕਲ ਨੂੰ ਵਿੰਗਾ ਟੇਢਾ ਕਰ ਲਿਆ ਕਿ ਲੱਕ ਖੁੱਲ੍ਹ ਨਾ ਸਕੇ।

ਪਰ ਲੱਕ ਖੁੱਲਿਆ ਤਾਂ ਥਾਣੇਦਾਰ ਉਹਦੇ ਵਟਸਐੱਪ ਦੇ ਮੈਸਿਜ ਪੜ੍ਹ ਕੇ ਹੈਰਾਨ ਹੋ ਗਿਆ।

ਗਰੁੱਪ ਸੀ, 'ਪੈਂਤੀ ਬਰਾਦਰੀ ਬਨਾਮ ਜਾਟ'

'ਸਾਰਿਆਂ ਨੂੰ ਬੇਨਤੀ ਹੈ ਕਿ ਸਾਰੇ ਭਰਾ ਹਥਿਆਰਾਂ ਨਾਲ਼ ਪਹੁੰਚਣ ਦੀ ਹਿੰਮਤ ਕਰਨ... ਕੋਈ ਵੀ ਬਿਨਾ ਹਥਿਆਰ ਤੋਂ ਨਾ ਪਹੁੰਚੇ... ਡੰਡੇ... ਤਲਵਾਰ... ਬੰਦੂਕ, ਜੋ ਵੀ ਹੈ ਉਹੀ ਲੈ ਆਵੋ...'

'ਆਪਣੇ ਮੂੰਹਾਂ ਤੇ ਕੱਪੜਾ ਬੰਨ ਕੇ ਆਉਣਾ.... ਏਨ੍ਹਾਂ ਜੱਟਾਂ ਨੂੰ ਹੁਣ ਸਬਕ ਸਿਖਾਉਣ ਦਾ ਵੇਲਾ ਆ ਗਿਆ...'

ਪਰ ਜਦੋਂ ਤੱਕ ਥਾਣੇਦਾਰ ਨੇ ਇਹ ਮੋਬਾਇਲ ਆਪਣੀ ਗਿਰਫ਼ਤ ਵਿੱਚ ਲਿਆ ਉਦੋਂ ਤੀਕ ਇਹ ਅੱਗ ਚਾਰੇ ਪਾਸੇ ਫ਼ੈਲ ਗਈ। ਸ਼ਹਿਰ ਵੱਲ ਪਿੰਡਾਂ ਵਿੱਚ ਬੈਠੀ ਬਰਾਦਰੀ ਨੇ ਇਕੱਠੇ ਹੋ ਕੇ ਆਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ।

ਇੱਕ ਨਵਾਂ ਨਾਅਰਾ ਹਵਾ ਵਿੱਚ ਗੂੰਜ ਪਿਆ...!!

ਸੀ. ਐਮ. ਉਹੀ ਬਣੇਗਾ.

ਜਿਹਨੂੰ ਪੈਂਤੀ ਬਰਾਦਰੀ ਚਾਹੇਗੀ।

ਜਦੋਂ ਹੀ ਜੈਨ ਨੂੰ ਮੌਕਾ ਮਿਲਿਆ ਉਹ ਆਪਣੇ ਮੋਬਾਇਲ ਥਾਣੇਦਾਰ ਤੋਂ ਖੋਹ ਕੇ ਭੱਜ ਗਿਆ। ਸਿਪਾਹੀ ਨੇ ਚਲਾਵਾਂ ਡੰਡਾ ਖੁੱਚਾਂ ਵਿੱਚ ਵੀ ਮਾਰਿਆ, ਪਰ ਉਹ ਸੰਭਲ ਕੇ ਭੀੜ ਵਿੱਚ ਅਲੋਪ ਹੋ ਗਿਆ।

ਥਾਣੇਦਾਰ ਨੇ ਪਿਸ਼ਾਬ ਘਰ ਵਿੱਚੋਂ ਬਾਹਰ ਆ ਕੇ ਬੈਂਕ ਅੱਗੇ ਬੈਠੇ ਚੜ੍ਹਤ ਸਿੰਘ ਨੂੰ ਪੁੱਛਿਆ, 'ਕੀ ਜਾਤ ਐ ਤੇਰੀ...'

'ਹਏਂ...' ਉਹਨੇ ਖੜ੍ਹੇ ਹੋ ਕੇ ਸਲੂਟ ਮਾਰ ਦਿੱਤਾ।

'ਜਾਟ ਏਂ ਜਾਂ ਪੈਂਤੀ ਬਰਾਦਰੀ ਵਿੱਚ ਈ ਐਂ...'

'ਮੈਂ ਗਾਰਡ ਆਂ ਜੀ...'

'ਚੱਲ ਪਾਣੀ ਪਿਆ ਫੇਰ...'

ਚੜ੍ਹਤ ਸਿੰਘ ਅੰਦਰ ਪਿਆ ਵਾਟਰ ਕੂਲਰ ਜੱਫਾ ਪਾ ਕੇ ਬਾਹਰ ਲੈ ਆਇਆ ਤੇ ਉਹਨਾਂ ਅੱਗੇ ਖੜ੍ਹ ਗਿਆ। ਸਾਰਿਆਂ ਨੇ ਇੱਕ-ਇੱਕ ਗਿਲਾਸ ਪਾਣੀ ਪੀਤਾ ਤੇ ਸੜਕ ਪਾਰ ਖੜ੍ਹੀ ਆਪਣੀ ਜੀਪ ਵੱਲ ਤੁਰ ਗਏ। ਉਹਦੇ ਲੱਕ ਨਾਲ਼ ਹੱਥਕੜੀ ਲਟ ਰਹੀ ਸੀ। ਇਹ ਹੱਥ ਕੜੀ ਤਾਂ ਸਿਰਫ਼ ਉਸੇ ਬੰਦੇ ਨੂੰ ਲੱਗਣੀ ਸੀ, ਜੀਹਨੇ ਕਿਸੇ ਦਾ ਕਤਲ ਕੀਤਾ ਹੋਣਾ ਸੀ। ਬਾਕੀ ਦੇ ਸਾਰੇ ਗੁਨਾਹ ਤਾਂ ਬੱਸ ਐਂਵੇ ਹੀ ਸੀ।

ਗਾਂਧੀ ਚੌਂਕ ਵਿੱਚ ਵਕੀਲਾਂ ਨੇ ਰੋਸ ਪੈਦਾ ਕਰਨ ਲਈ ਧਰਨਾ ਲਾਇਆ ਸੀ। ਸਾਹਮਣੇ ਉਹਨਾਂ ਦੀ ਅਦਾਲਤ ਸੀ। ਸਾਰੇ ਕੁਰਸੀਆਂ 'ਤੇ ਬੈਠੇ ਇਸ ਮਹੌਲ ਨਾਲ਼ ਨਜਿੱਠਣ ਲਈ ਕਾਨੂੰਨੀ ਕਾਰਵਾਈ ਦੀ ਤਿਆਰੀ ਵਿੱਚ ਸੀ।

ਰਾਹੁਲ ਜੈਨ ਹੁਣ ਫੇਰ ਏਸ ਜਲਸੇ ਵਿੱਚ ਸਭ ਤੋਂ ਮੋਹਰੀ ਹੋ ਕੇ ਨਾਅਰੇ ਲਾਉਂਦਾ ਜਾ ਰਿਹਾ ਸੀ। ਚੌਂਕ ਵਿੱਚ ਬੈਠੇ ਵਕੀਲਾਂ ਨੇ ਏਨ੍ਹਾਂ ਨੂੰ ਅਗੇ ਲੰਘਣ ਲਈ ਰਸਤਾ ਦੇ ਦਿੱਤਾ ਤੇ ਨਾਲ਼ ਹੀ ਸਰਕਾਰ ਦੇ ਖ਼ਿਲਾਫ਼ ਨਾਅਰੇ ਲਾਏ।

ਪਰ ਜੈਨ ਨੇ ਕੁਰਸੀ ਤੇ ਖੜ੍ਹ ਕੇ ਉੱਚੀ ਅਵਾਜ਼ ਵਿੱਚ ਜੈਕਾਰਾ ਲਗਾ ਕੇ ਭਾਸ਼ਣ ਦੇਣਾ ਸ਼ੁਰੂ ਕਰ ਦਿੱਤਾ, 'ਏਨ੍ਹਾਂ ਜੱਟਾਂ ਨੂੰ ਹੁਣ ਡਾਂਗ ਨਾਲ਼ ਘਰਾਂ ਵੱਲ ਭੇਜਣਾ ਪੈਣਾ... ਸਰਕਾਰ ਏਨ੍ਹਾਂ ਨੂੰ ਸ਼ਹਿ ਦਿੰਦੀ ਐ...'

ਜੈਨ ਨੇ ਅਜੇ ਦੋ ਲਫਜ਼ ਹੀ ਬੋਲੇ ਸੀ ਕਿ ਵਕੀਲਾਂ ਨੇ ਉਹਨੂੰ ਕੁਰਸੀ ਤੋਂ ਥੱਲੇ ਉੱਤਰਨ ਲਈ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਜਦ ਉਹ ਨਹੀਂ ਉਤਰਿਆ ਤਾਂ ਬਾਂਹ ਤੋਂ ਫੜ ਕੇ ਥੱਲੇ ਉਤਾਰ ਦਿੱਤਾ। ਦੋਵਾਂ ਧਿਰਾਂ ਵਿੱਚ ਗਾਲੀ-ਗਲੋਚ ਹੋਣ ਲੱਗ ਪਈ। ਪਰ ਚਾਰੇ ਪਾਸੇ ਫਿਰਦੀ ਪੁਲੀਸ ਨੇ ਕੋਈ ਵੀ ਦਖ਼ਲ ਅੰਦਾਜ਼ੀ ਨਹੀਂ ਕੀਤੀ।

ਅਗਲੇ ਕੁਝ ਪਲਾਂ ਵਿੱਚ ਹੀ ਦੋਵਾਂ ਧਿਰਾਂ ਵਿੱਚ ਝੜਪ ਹੋ ਗਈ!

ਕੁਰਸੀਆਂ ਨੂੰ ਇੱਕ ਦੂਜੇ ਦੇ ਮਾਰਨ ਲੱਗ ਪਏ...!!

ਵਿਉਪਾਰੀ ਹੁਣ ਬਹੁਤ ਪਛਤਾ ਰਹੇ ਸੀ ਕਿ ਉਹਨਾਂ ਦਾ ਮਕਸਦ ਤਾਂ ਸਿਰਫ਼ ਸਰਕਾਰ ਅੱਗੇ ਸ਼ਾਂਤੀ ਪੂਰਨ ਤਰੀਕੇ ਨਾਲ਼ ਜਾਮ ਖੋਲ੍ਹਣ ਲਈ ਦਬਾਅ ਪਾਉਣਾ ਸੀ।

ਪਰ ਹੁਣ ਤਾਂ ਜੈਨ ਨੇ ਤੀਰ ਕਮਾਨ ਵਿੱਚੋਂ ਚਲਾ ਦਿੱਤਾ ਸੀ...!!

ਵਕੀਲਾਂ ਨੇ ਚੈਂਬਰਾਂ ਵਿੱਚ ਲੁੱਕ ਕੇ ਆਪਣੀ ਜਾਨ ਬਚਾਈ। ਪਰ ਜਿਹੜੇ ਵਕੀਲ ਏਸ ਭੀੜ ਦੇ ਹੱਥੇ ਚੜ੍ਹ ਗਏ, ਉਹਨਾਂ ਨੂੰ ਸੜਕਾਂ 'ਤੇ ਧੂਹ ਕੇ ਆਪਣੀ ਚਿਰਾਂ ਦੀ ਗਰਮੀ ਕੱਢੀ।

ਬਾਹਰ ਖੜ੍ਹੇ ਮੋਟਰਸਾਈਕਲਾਂ, ਕਾਰਾਂ ਤੇ ਜੀਪਾਂ ਨੂੰ ਅੱਗ ਲਗਾ ਕੇ ਆਪਣੇ ਰੋਸ ਨੂੰ ਵੱਡੇ ਪੱਧਰ 'ਤੇ ਲਿਜਾ ਕੇ ਖੜ੍ਹਾ ਕਰ ਦਿੱਤਾ।

ਇਸ ਅੰਦੋਲਨ ਦੀ ਇਹ ਪਹਿਲੀ ਝੜਪ ਸੀ...

ਫੇਰ ਤਾਂ ਥਾਂ-ਥਾਂ ਤੇ ਅੱਗਾਂ ਲੱਗਣ ਲੱਗ ਪਈਆਂ...!

ਇਹਦੀ ਗੂੰਜ ਖ਼ਬਰ ਬਣ ਕੇ ਅੱਧੇ ਘੰਟੇ ਵਿੱਚ ਸਾਰੇ ਇਲਾਕੇ ਵਿੱਚ ਫੈਲ਼ ਗਈ।

ਬੈਂਕ ਵਿੱਚ ਟੈਲੀਫ਼ੋਨ ਦੀ ਘੰਟੀ ਵੱਜੀ ਤਾਂ ਰਣਵਿਜੇ ਨੇ ਰਸੀਵਰ ਚੱਕ ਕੇ 'ਹੈਲ਼ੋ' ਵੀ ਨਹੀਂ ਸੀ ਕਿਹਾ ਕਿ ਅੱਗੋਂ ਉਹਦੀ ਪਤਨੀ ਸ਼ਾਰਦਾ ਦੀ ਹੰਝੂਆਂ ਨਾਲ਼ ਭਿੱਜੀ ਅਵਾਜ਼ ਆਈ, 'ਤੁਸੀਂ ਕਿੱਥੇ ਉਂ...'

'ਬੈਂਕ 'ਚ ..... ਕਿਉਂ....' ਮੈਨੇਜਰ ਦੇ ਚਿਹਰੇ 'ਤੇ ਦੁਖ ਨਾਲ਼ ਭਰੇ ਹਾਵ-ਭਾਵਾਂ ਦਾ ਜਾਲਾ ਬੁਣਿਆ ਗਿਆ, 'ਕੀ ਹੋਇਆ...'

'ਅਸੀਂ ਟੀ.ਵੀ. 'ਤੇ ਲੋਕਾਂ ਦੀ ਲੜਾਈ ਵੇਖੀ, ਜੀਹਦੇ ਵਿੱਚ ਤੁਹਾਡੇ ਜਿਹੇ ਬੰਦੇ ਨੂੰ ਬਦਮਾਸ਼ ਘੜੀਸ ਰਹੇ ਸੀ... ਕੁੱਟ ਰਹੇ ਸੀ... ਤੁਹਾਡੇ ਜਿਹੇ ਕੱਪੜੇ ਹੀ ਪਾਏ ਸੀ ਜੋ ਤੁਸੀਂ ਅੱਜ ਪਾ ਕੇ ਗਏ ਓਂ... ਅਸੀਂ ਡਰ ਗਏ... ਕਿਤੇ...' ਸ਼ਾਰਦਾ ਦੀਆਂ ਅੱਖਾਂ ਵਿੱਚੋਂ ਕਿੰਨੇ ਹੀ ਅੱਥਰੂ ਵਹਿ ਗਏ। ਚਾਹੇ ਰਣਵਿਜੇ ਦੇ ਸਹੀ-ਸਲਾਮਤ ਹੋਣ ਦੀ ਪੱਕੀ ਖ਼ਬਰ ਮਿਲ ਗਈ ਸੀ, ਪਰ ਫਿਰ ਵੀ ਦਿਲ ਬੈਠ ਗਿਆ।

'ਪਾਪਾ ਤੁਸੀਂ ਘਰ ਆ ਜੋ... ਪਲੀਜ਼..ਮੰਮਾ ਰੋ ਰਹੀ ਐ... ਪਾਪਾ ਮੈਨੂੰ ਵੀ ਰੋਣਾ ਆਜੂਗਾ...' ਉਹਦੀ ਛੋਟੀ ਬੱਚੀ ਦੀ ਨੰਨ੍ਹੀ ਅਵਾਜ਼ ਕੰਨਾਂ ਵਿੱਚ ਪਈ।

'ਮੈਂ ਆਉਨਾਂ ਬੇਟਾ.... ਮੰਮਾ ਦਾ ਖ਼ਿਆਲ ਰੱਖੋ... ਓ.ਕੇ...'

ਰਣਵਿਜੇ ਫੋਨ 'ਤੇ ਗੱਲ ਕਰਦਾ ਹੋਇਆ ਆਪਣੀ ਕੁਰਸੀ 'ਤੇ ਅੱਗੇ ਝੁਕ

ਕੇ, ਕੈਬਿਨ ਦੇ ਸ਼ੀਸ਼ੇ ਵਿੱਚੋਂ ਦੀ ਬਾਹਰ ਦਾ ਨਜ਼ਾਰਾ ਵੇਖਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਬੱਸ ਲੋਕਾਂ ਦੀ ਭੀੜ ਲੰਘਦੀ ਵਿਖਾਈ ਦਿੱਤੀ।

ਰਸੀਵਰ ਰੱਖ ਕੇ ਜਦ ਬੈਂਕ ਵਿੱਚੋਂ ਬਾਹਰ ਆ ਕੇ, ਡੂੰਘੀ ਚੁੱਪ ਧਾਰ ਕੇ ਹਰ ਸ਼ੈਅ ਨੂੰ ਗਹੁ ਨਾਲ਼ ਵੇਖਣ ਲੱਗਿਆ ਤਾਂ ਉਹਦੀ ਨਜ਼ਰ ਗਾਂਧੀ ਚੌਂਕ ਵੱਲੋਂ ਧੂੰਏਂ ਦੇ ਵੱਡੇ-ਵੱਡੇ ਗੁਬਾਰ ਨੀਲੇ ਅਕਾਸ਼ ਨੂੰ ਕਾਲ਼ਾ ਕਰਦੇ ਵਿਖਾਈ ਦਿੱਤੇ।

ਅੱਗ ਬੁਝਾਉਣ ਵਾਲ਼ੇ ਵੱਡੇ ਟੈਂਕ ਦਾ ਸਾਈਰਨ ਵੱਜਦਾ ਸੁਣ ਕੇ ਵਿਹਲੇ ਬਹਿ ਕੇ ਗੱਲਾਂ ਕਰਦੇ ਮੁਲਾਜ਼ਮ ਵੀ ਬਾਹਰ ਆ ਗਏ।

ਟੈਂਕ ਦੇ ਟਾਇਰ ਅੱਗੇ ਇੱਕ ਨਿੱਕਾ ਕਤੂਰਾ ਆ ਕੇ ਮਰ ਗਿਆ, ਜੋ ਰਣਵਿਜੇ ਨੂੰ ਵੇਖ ਕੇ ਹੀ ਏਧਰ ਆ ਰਿਹਾ ਸੀ।

ਇਸ ਕਾਲ਼ੇ ਕਤੂਰੇ ਨੂੰ ਰਣਵਿਜੇ ਆਪਣੀ ਬਚੀ ਹੋਈ ਰੋਟੀ ਰੋਜ਼ ਪਾਉਂਦਾ ਸੀ।

ਅੱਗੇ ਤਾਂ ਜਦੋਂ ਵੀ ਉਹ ਕਤੂਰਾ ਸੜਕ ਪਾਰ ਕਰਦਾ ਸੀ, ਉਦੋਂ ਚਾਹੇ ਕਿਸੇ ਨੂੰ ਭਾਵੇਂ ਕਿੰਨੀ ਵੀ ਕਾਹਲ ਹੁੰਦੀ, ਉਹ ਰੋਕ ਕੇ ਉਹਨੂੰ ਸੜਕ ਪਾਰ ਕਰਨ ਵਿੱਚ ਮਦਦ ਕਰਦਾ ਸੀ। ਹੁਣ ਕਤੂਰੇ ਦੀ ਮਾਂ ਆਉਂਦੇ ਜਾਂਦੇ ਹਰ ਕਾਰ-ਸਕੂਟਰ ਵੱਲ ਮੂੰਹ ਕਰਕੇ ਭੌਂਕਦੀ।

ਸੜਕਾਂ 'ਤੇ ਖੜ੍ਹੇ ਅਵਾਰਾ ਕੁੱਤੇ, ਜੋ ਕਦੇ ਵੀ ਨਹੀਂ ਸੀ ਭੌਂਕਦੇ, ਉਹ ਵੀ ਹੁਣ ਅਕਾਸ਼ ਵੱਲ ਚੜ੍ਹਦੇ ਧੂੰਏਂ ਨੂੰ ਵੇਖ ਕੇ ਭੌਂਕਦੇ ਪਏ ਸੀ।

'ਮੈਨੇਜਰ ਸਾਬ ਆਹ ਅੱਗ ਲੱਗਦਾ ਕਾਰੀ ਸਮੇਂ ਦੀ ਲੱਗੀ ਐ, ਹੁਣ ਆਹ ਕੇਂਟਰ ਜਾ ਕੇ ਕਾਬੂ ਪਾ ਲਊ... ਨਹੀਂ ਤਾਂ ਵੱਡਾ ਨੁਕਸਾਨ ਹੋਣ ਦਾ ਖ਼ਦਸ਼ਾ ਬਣ ਗਿਆ ਸੀ।' ਰੂਪ ਸਿੰਘ ਨੇ ਆਪਣੀ ਐਨਕ ਦੇ ਸ਼ੀਸ਼ਿਆਂ 'ਤੇ ਜੰਮੀ ਭਾਫ਼ ਜਿਹੀ ਸਾਫ਼ ਕੀਤੀ।

'ਕੀ ਲੱਗਦਾ ਚੜ੍ਹਤ ਸਿਆਂ...'

'ਨਹੀਂ ਬੁਝਣੀ...'

'ਕਿਉਂ...'

'ਏਹ ਅੱਗ ਓਨਾ ਚਿਰ ਨਹੀਂ ਬੁਝਣੀ, ਜਿੰਨਾ ਚਿਰ ਬੰਦੇ ਦੇ ਅੰਦਰੋਂ ਨਫ਼ਰਤ ਨਹੀਂ ਮਰਦੀ...' ਰਣਵਿਜੇ ਨੇ ਅੱਖਾਂ ਵਿੱਚ ਉਤਰੀ ਨਮੀ ਨੂੰ ਰੁਮਾਲ ਨਾਲ਼ ਸਾਫ਼ ਕਰਦਿਆਂ, 'ਤੂੰ ਇਉਂ ਕਰ ਸਾਰੀ ਛੁੱਟੀ ਕਰਦੇ ਹੁਣੇ, ਦਸਾਂ ਦਿਨ ਤੀਕ ਬੈਂਕ ਬੰਦ ਰਹੇਗਾ, ਜਾਂ ਜਿੰਨਾ ਚਿਰ ਹਲਾਤ ਬੰਦੇ ਲਈ ਸਖਾਂਵੇ ਨਹੀਂ ਹੋ ਜਾਂਦੇ...'

'ਜੀ...'

ਲੋਕਾਂ ਦੇ ਲਲਕਾਰੇ ਸੁਣ ਕੇ ਰੌਸ਼ਨਦਾਨ ਵਿੱਚ ਬੈਠੇ ਕਬੂਤਰ ਅਕਾਸ਼ ਵਿੱਚ ਉਡਾਰੀ ਮਾਰ ਗਏ ਸੀ। ਉਹਨਾਂ ਦੇ ਦਿਲ ਧੜਕ ਰਹੇ ਸੀ। ਅੱਜ ਨਵੇਂ ਨਾਅਰਿਆਂ ਦੀ ਅਵੱਲੀ ਅਵਾਜ਼ ਨੇ ਕਬੂਤਰਾਂ ਨੂੰ ਚੈਨ ਨਾਲ਼ ਨਹੀਂ ਸੀ ਬਹਿਣ ਦਿੱਤਾ।

ਚੜ੍ਹਤ ਸਿੰਘ ਨੇ ਬੈਂਕ ਨੂੰ ਜਿੰਦਰੇ ਲਗਾ ਕੇ ਚਾਬੀ ਰਣਵਿਜੇ ਦੇ ਹੱਥ ਵਿੱਚ ਫੜਾ ਦਿੱਤੀ। ਸਾਰੇ ਆਪੋ ਆਪਣੇ ਵਾਹਨਾਂ 'ਤੇ ਸਵਾਰ ਹੋ ਕੇ ਆਪੋ-ਆਪਣੇ ਘਰਾਂ ਲਈ ਰਵਾਨਾ ਹੋ ਗਏ, ਜਿਸ ਰਸਤੇ ਵਿੱਚ ਅਜੇ ਜਾਮ ਨਹੀਂ ਸੀ ਲੱਗਿਆ।

ਉਹਨੇ ਆਪਣਾ ਸਾਈਕਲ ਚੱਕਿਆ ਤੇ ਫਿਰ ਪੈਡਲ ਮਾਰ ਕੇ ਬਿਨਾ ਰਸਤਾ ਬਦਲੇ ਤੁਰ ਪਿਆ। ਸੜਕਾਂ 'ਤੇ ਕਿੰਨੇ ਹੀ ਕਾਲ਼ੇ ਝੰਡੇ ਪਏ ਸੀ, ਜਿਹੜੇ ਦੋਵਾਂ ਧਿਰਾਂ ਵਿੱਚ ਝੜਪ ਹੋਣ ਕਰਕੇ ਥੱਲੇ ਡਿੱਗ ਪਏ ਸੀ। ਗਾਂਧੀ ਦੀ ਐਨਕ ਵੀ ਟੁੱਟ ਗਈ ਸੀ। ਸ਼ਾਇਦ ਕਿਸੇ ਦਾ ਮਾਰਿਆ ਹੋਇਆ ਡਲਾ ਆ ਕੇ ਬੁੱਤ ਦੇ ਮੂੰਹ 'ਤੇ ਵੱਜਿਆ ਹੋਣਾ। ਬੰਦੇ ਥੱਲੇ ਬੈਠੇ ਆਪਣੇ ਵੱਜੀਆਂ ਸੱਟਾਂ ਦੀ ਪੀੜ ਜਰਦੇ ਹੋਏ ਐਂਬੂਲੈਂਸ ਵਿੱਚ ਬੈਠੇ ਡਾਕਟਰ ਤੋਂ ਦਵਾਈ ਲੈ ਰਹੇ ਸੀ। ਮੋਟਰਸਾਈਕਲਾਂ ਨੂੰ ਲਾਈ ਅੱਗ ਚਾਹੇ ਬੁੱਝ ਗਈ ਸੀ ਪਰ ਇਹਨਾਂ ਵਿੱਚੋਂ ਅਜੇ ਵੀ ਕਾਲ਼ਾ ਧੂੰਆਂ ਨਿਕਲ਼ ਰਿਹਾ ਸੀ।

ਉਹਨੇ ਜਦ ਆਪਣੇ ਪਿੰਡ ਆਲ਼ੇ ਰਾਹ ਸਾਈਕਲ ਪਾਇਆ ਤਾਂ ਚੁਰਸਤੇ ਵਿੱਚ ਇੱਕ ਟੂਣਾ ਪਿਆ ਸੀ। ਚੂੜੀਆਂ ਦਾ ਜੋੜਾ ਤੇ ਇੱਕ ਨਾਰੀਅਲ। ਉਹਨੇ ਸਾਈਕਲ ਤੋਂ ਥੱਲ੍ਹੇ ਉਤਰ ਕੇ ਚੂੜੀਆਂ ਚੱਕ ਕੇ ਆਪਣੇ ਗੀਝੇ ਵਿੱਚ ਪਾ ਲਈਆਂ ਤੇ ਨਾਰੀਅਲ ਨੂੰ ਉਵੇਂ ਹੀ ਪਿਆ ਰਹਿਣ ਦਿੱਤਾ, 'ਚਲੋ ਹੋਰ ਲੋੜਵੰਦ ਦੇ ਕੰਮ ਆਊ ...'

ਉਹਦੇ ਚਿਹਰੇ ਦੇ ਤੇਵਰ ਵੇਖ ਕੇ ਪਿੰਡ ਦੀ ਫਿਰਨੀ 'ਤੇ ਮਿਲਦੇ ਬੰਦੇ ਸ਼ੰਕਾ ਵਿੱਚ ਪੈ ਗਏ। ਕਿਤੇ ਬੰਦੂਕ ਦੇ ਖੁਸਣ ਕਰਕੇ ਉਹ ਸੁਦਾਈ ਤਾਂ ਨਹੀਂ ਹੋ ਗਿਆ। ਇਹਨਾਂ ਚੂੜੀਆਂ ਨੂੰ ਵੇਖ ਕੇ ਜੋ ਰਾਣੀ ਦੇ ਮੂੰਹ 'ਤੇ ਖ਼ੁਸ਼ੀ ਆਉਣੀ ਸੀ, ਉਹ ਦੀ ਨਕਲ ਕਰਨ ਲੱਗ ਪਿਆ।

ਸਾਈਕਲ ਨੂੰ ਅੰਬ ਥੱਲੇ ਖੜ੍ਹਾ ਕਰਕੇ, ਉਹਨੇ ਮੰਜੇ 'ਤੇ ਬੈਠਦਿਆਂ ਹੀ ਰਾਣੀ ਨੂੰ ਅਵਾਜ਼ ਮਾਰ ਕੇ ਆਪਣੇ ਕੋਲ਼ ਸੱਦ ਲਿਆ।

'ਧੀਏ ਬੁੱਝ ਖਾ ਭਲਾਂ ਮੈਂ ਤੇਰੇ ਲਈ ਕੀ ਲੈ ਕੇ ਆਇਆਂ ... ?'

ਰਾਣੀ ਨੇ ਉਹਦੀ ਪਿੱਠ ਪਿੱਛੇ ਹੱਥਾਂ ਵਿੱਚ ਫੜੀਆਂ ਚੂੜੀਆਂ ਤਾਂ ਭਾਵੇਂ ਮੰਜੇ ਤੇ ਪਏ ਸ਼ੀਸ਼ੇ ਵਿੱਚ ਦੀ ਵੇਖ ਲਈਆਂ ਸੀ, ਪਰ ਫਿਰ ਵੀ ਨਦਾਨ ਬਣ ਕੇ ਖੜ੍ਹੀ ਰਹੀ।

'ਭੁੰਨੀ ਹੋਈ ਛੱਲੀ ...'

'ਨਹੀਂ ...'

'ਫੇਰ ... ਬਾਪੂ ਐਂਤਕੀ ਮੇਲੇ ਤੋਂ ਮੈਨੂੰ ਚੂੜੀਆਂ ਲਿਆ ਕੇ ਦੇਵੀਂ, ਚਾਹੇ ਹੋਰ ਕੁਝ ਨਾ ਲਿਆਵੀਂ ...' ਫਿਰ ਰਾਣੀ ਨੇ ਅੱਖਾਂ ਬੰਦ ਕਰਕੇ ਹਾਰ ਮੰਨ ਲਈ, 'ਮੈਥੋਂ ਨੀ ਬੁੱਝਿਆ ਜਾਂਦਾ ... ਮੇਰੀ ਭਿਆਂ ...'

ਚੜ੍ਹਤ ਸਿੰਘ ਨੇ ਉਹਦੇ ਕੰਨਾਂ ਕੋਲ਼ ਚੂੜੀਆਂ ਛਣਕਾਅ ਦਿੱਤੀਆਂ ਤਾਂ ਰਾਣੀ ਨੇ ਝਮੁੱਟ ਮਾਰ ਕੇ ਚੂੜੀਆਂ ਆਪਣੇ ਕਾਬੂ ਵਿੱਚ ਕਰ ਲਈਆਂ। ਬਾਹਾਂ ਨੂੰ

ਪਾਣੀ ਨਾਲ਼ ਗਿੱਲਾ ਕਰਕੇ, ਉੱਤੇ ਸਾਬਣ ਮਲ਼ ਕੇ ਵੀਹਣੀ ਕੂਲੀ ਕਰਕੇ ਇੱਕ-ਇੱਕ ਕਰ ਕੇ ਚੂੜੀਆਂ ਚਾੜ੍ਹਨ ਲੱਗ ਪਈ।

□ □ □

ਰਾਣੀ ਦੀਪੋ ਨੂੰ ਅਵਾਜ਼ ਮਾਰ ਕੇ ਆਪਣੇ ਨਾਲ਼ ਸਾਗ ਤੋੜਨ ਲਈ ਨਿੱਕੇ ਦੇ ਖੇਤਾਂ ਵੱਲ ਲੈ ਆਈ। ਦੋਵਾਂ ਦੇ ਭੇਦ ਸਾਂਝੇ ਸੀ। ਉਮਰਾਂ ਦੀ ਸਾਂਝ ਸੀ। ਉਹਨਾਂ ਦੇ ਖੇਤ ਪਹੁੰਚਣ ਤੋਂ ਪਹਿਲਾਂ ਹੀ ਜੋਗੀ ਨੇ ਸਾਗ ਤੋੜ ਕੇ, ਬਾਥੂ ਧੋ ਕੇ ਗੁੱਟੀ ਬੰਨ੍ਹ ਕੇ, ਇੱਕ ਪਾਸੇ ਕਰ ਕੇ ਵੱਟ 'ਤੇ ਰੱਖ ਦਿੱਤਾ ਸੀ।

ਰਾਣੀ ਬਿੰਦ ਵਿੱਚ ਹੀ ਸਰੋਂ ਦੇ ਕਿਆਰੇ ਨਾਲ਼ ਬਣੀ ਆਡ ਵਿੱਚੋਂ ਦੀ ਹੁੰਦੀ ਹੋਈ, ਸਿੱਧੀ ਮੋਟਰ ਆਲ਼ੇ ਕੋਠੇ ਵਿੱਚ ਖੜ੍ਹੇ ਜੋਗੀ ਦੀ ਹਿੱਕ ਨਾਲ਼ ਜਾ ਵੱਜੀ।

'ਪੱਟ 'ਤੇ ਬੈਠਾ ਕੇ ਚਬਾਏ ਛੋਲਿਆ ਦੀ ਬੜੀ ਗਰਮੀ ਮੰਨੀ ਖੜ੍ਹੀ ਐਂ, ਟਲ਼ੀ ਨਹੀਂ ਆ ਗਈ ਪੂਰੇ ਵਾਂਙੂੰ ਸ਼ੂਕਦੀ... ਹਏਂ ਬੜੇ ਸਿਣੀਏ ਲਾਏ ਸੀ ਕੰਧਾਂ 'ਤੇ ਲਿਖ-ਲਿਖ ਕੇ, ਹੁਣ ਮੂੰਹ ਵਿੰਗਾ ਕਰੀ ਖੜ੍ਹੀ ਐਂ...' ਜੋਗੀ ਨੇ ਰਾਣੀ ਨੂੰ ਬਾਂਹ ਤੋਂ ਫੜ੍ਹ ਕੇ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਤਾਂ ਉਹਨੇ ਜ਼ੋਰ ਨਾਲ਼ ਉਹਦੀ ਹਿੱਕ ਵਿੱਚ ਮੁੱਕੀ ਮਾਰੀ ਤਾਂ ਚੂੜੀ ਟੁੱਟ ਕੇ ਥੱਲੇ ਡਿੱਗ ਪਈ।

'ਬਹਿ-ਜੇ ਤੇਰਾ ਬੇੜਾ ਮੇਰੀਆਂ ਚੂੜੀਆਂ ਭੰਨ-ਤੀਆਂ...' ਰਾਣੀ ਨੇ ਰੋਣ-ਹਾਕੀ ਅਵਾਜ਼ ਵਿੱਚ ਕਿਹਾ ਤੇ ਫੇਰ ਉਹ ਦੇ ਚਪੇੜ ਮਾਰਨ ਲਈ ਹੱਥ ਚੱਕਿਆ ਤਾਂ ਹੋਰ ਚੂੜੀਆਂ ਟੁੱਟਣ ਦੇ ਡਰ ਕਰ ਕੇ, ਸਿਰਫ਼ ਲੱਤ ਦਾ ਠੁੱਡ ਮਾਰਿਆ। ਪੈਰ ਥੱਲੇ ਵੱਜਣ ਕਰ ਕੇ ਧਰਤੀ ਵਿੱਚ ਲੱਲਾ ਪੈ ਗਿਆ।

'ਬੱਲੇ ਅਸ਼ਕੇ ਤੇਰੀ ਯਾਰੀ ਦੇ....'

'ਕੀ ਅਸ਼ਕੇ ਵੇ... ਕੱਢ ਮੂੰਹੋਂ ਬੋਲ ਹੁਣ...'

'ਸਾਲਾ ਚੂੜੀਆਂ ਦੇ ਟੁੱਟਣ ਦਾ ਬੜਾ ਦੁੱਖ ਮਨਾਇਆ ਯਾਰ ਦੀ ਗੱਲ ਭੁੱਲਗੀ ਐਂ... ਕਦੇ ਸੋਚਿਆ, ਮੈਂ ਕਿਵੇਂ ਦਿਨ ਕੱਟੂੰਗਾ ਤੇਰੇ ਬਿਨਾ... ਉੱਤੋਂ ਸਾਡਾ ਟੱਬਰ ਸਰਸੇ ਆਲ਼ੇ ਨੂੰ ਮੰਨਦਾ, ਮੈਂ ਤਾਂ ਤੇਰੇ ਖੁੱਸਣ ਦੇ ਦੁੱਖ 'ਚ ਦਾਰੂ ਵੀ ਨਹੀਂ ਪੀ ਸਕਦਾ...' ਜੋਗੀ ਨੇ ਪੂਰੇ ਗੜਕੇ ਨਾਲ਼ ਉਹਨੂੰ ਗੁੱਤ ਤੋਂ ਫੜ੍ਹ ਕੇ ਆਪਣੇ ਵੱਲ ਝੁਕਾ ਲਿਆ, 'ਬੋਲਦੀ ਨੀ... ਆਹ ਵੇਖ...'

ਉਹਨੇ ਆਪਣੀ ਹਿੱਕ ਤੋਂ ਕੁੜਤਾ ਪਾਸੇ ਕਰਕੇ ਵਿਖਾ ਦਿੱਤਾ।

ਹਿੱਕ 'ਤੇ ਝਰੀਟਾਂ ਦੇ ਨਿਸ਼ਾਨ ਸੀ ਜੋ ਹੁਣ ਲਾਲ ਖਰੀਂਡ ਨਾਲ਼ ਭਰ ਕੇ ਥੋੜੇ ਜਿਹੇ ਸੁਜੇ ਪਏ ਸੀ।

'ਹਏ ਆਹ ਕੀਹਤੋਂ ਨਹੁੰਦਰਾਂ ਮਰਾ ਲਈਆਂ...'

'ਨਹੁੰਦਰਾਂ ਨਹੀਂ ਏਹ... ਏਹ ਤਾਂ ਓਸ ਦਿਨ ਤੇਰੇ ਨਹੁਆਂ ਦੇ ਮਾਰੇ ਘਰੂੰਡ ਐ ਰਾਣੀ... ਲੱਗਿਆ ਸੀ ਕਿ ਤੂੰ ਓਦੋਂ ਬਾਦ ਕਦੇ ਵੀ ਮਿਲਦੀ ਨੀ, ਤਾਂ ਹੀ ਤੇਰੀ

ਨਿਸ਼ਾਨੀ ਕਰ ਕੇ ਏਨ੍ਹਾਂ ਨੂੰ ਚੇੜਦਾ ਰਹਿਨਾਂ, ਕਿਤੇ ਏਹ ਜ਼ਖ਼ਮ ਭਰ ਕੇ ਤੇਰੀ ਨਿਸ਼ਾਨੀ ਨਾ ਗਵਾਚ ਜੇ...'

ਰਾਣੀ ਨੇ ਉਹਦੀਆਂ ਝਰੀਟਾਂ 'ਤੇ ਫੂਕ ਮਾਰੀ।

ਕਮਰੇ ਵਿੱਚ ਪਏ ਮੰਜੇ 'ਤੇ ਨਿਸਲ ਹੋ ਕੇ ਬਹਿ ਗਈ।

ਜੋਗੀ ਨੂੰ ਵੀ ਕੁਝ ਚਿਰ ਲਈ ਕੋਈ ਗੱਲ ਨਹੀਂ ਫੁਰੀ।

'ਇਸ਼ਕ ਦੇ ਵੀ ਰੰਗ ਵੇਖ ਰਾਣੀ, ਨਾ ਏਹ ਜਾਤ ਵੇਖਦਾ, ਨਾ ਪਾਤ ਵੇਖਦਾ ਤੇ ਹੁਣ ਤਾਂ ਆਂਢ-ਗੁਆਂਢ ਵੀ ਨਹੀਂ ਵੇਖਦਾ, ਦਿਲ ਨੂੰ ਉਹੀ ਚੀਜ਼ ਕਿਉਂ ਚੰਗੀ ਲੱਗਦੀ ਐ ਜੀਹਨੇ ਉਹਦਾ ਹੋਣਾ ਹੀ ਨਹੀਂ... ?' ਉਹਦੇ ਅੰਦਰ ਭਾਂਬੜ ਬਲਦੇ ਪਏ ਸੀ।

ਰਾਣੀ ਐਨ ਪੂਰੀ ਅੱਕੀ ਬੈਠੀ ਸੀ। ਉਹਨੂੰ ਪਤਾ ਸੀ ਬੋਲਣ ਨਾਲ਼ ਗੱਲ ਹੋਰ ਵੱਧ ਜਾਣੀ ਹੈ। ਜੇ ਉਹ ਰੋ ਪਏ ਤਾਂ ਏਥੇ ਕੋਈ ਚੁੱਪ ਕਰਾਉਣ ਵਾਲ਼ਾ ਵੀ ਨਹੀਂ ਸੀ।

ਉਹਨੇ ਮੰਜੇ 'ਤੇ ਪੈ ਕੇ ਜੰਗਲੇ ਵਿੱਚੋਂ ਜੰਡ ਦੇ ਥੱਲੇ ਦੀਪੋ ਤੇ ਨਿੱਕੇ ਨੂੰ ਬੈਠਿਆਂ ਵੇਖਿਆ। ਉਹ ਵੀ ਚੁੱਪ ਸੀ। ਜਿਵੇਂ ਆਸ਼ਕਾਂ ਕੋਲ਼ ਗੱਲਾਂ ਕਰਨ ਲਈ ਮੁੱਕ ਗਈਆਂ ਸੀ।

'ਤੇਰਾ ਬਿਨਾ ਰੱਬ ਨੇ ਮੈਨੂੰ ਜਿਊਣ ਨਹੀਂ ਦੇਣਾ, ਮਰ ਮੈਂ ਸਕਦੀ ਨਹੀਂ, ਬਾਪੂ ਦਾ ਮੇਰੇ ਬਿਨਾ ਏਸ ਦੁਨੀਆ ਵਿੱਚ ਹੋਰ ਹੈ ਕੌਣ... ਆਹੀ ਚਾਰ ਦਿਨ ਐ ਜੋਗੀਆ, ਜੇੜ੍ਹੀ ਭਾਨ ਵੱਟੀ ਦੀ ਐ ਵੱਟ ਲੈ...'

'ਨਾ ਨਾ...' ਉਹਨੇ ਚੁੰਨੀ ਚੱਕ ਕੇ ਉਹਦੀ ਨੰਗੀ ਛਾਤੀ ਕੱਜ ਦਿੱਤੀ, 'ਆਹ ਰੱਬ ਨਾ ਕਦੇ ਜੱਟਾਂ ਦਾ ਹੋਇਆ, ਮੀਹਾਂ ਵਿੱਚ ਫ਼ਸਲ ਰੋੜ ਦਿੰਦੈ, ਨਾ ਆਸ਼ਕਾਂ ਦਾ ਨਾ ਸਾਧਾਂ ਦਾ... ਪਤਾ ਨਹੀਂ ਕੇੜ੍ਹੇ ਕੰਜਰ ਨੇ ਏਹਨੂੰ ਰੱਬ ਬਣਾਤਾ...!' ਕਾਲ਼ੇ ਬੱਦਲਾਂ ਨੇ ਸੂਰਜ ਨੂੰ ਸਮੇਂ ਤੋਂ ਪਹਿਲਾਂ ਛਿਪਾ ਦਿੱਤਾ ਸੀ।

ਧੁੰਦ ਵੀ ਵੇਖਦੇ-ਵੇਖਦੇ ਖੇਤਾਂ ਵਿੱਚ ਉਤਰਨ ਲੱਗ ਪਈ।

ਕਿਸੇ ਵੀ ਚੀਜ਼ ਦਾ ਪਰਛਾਵਾਂ ਹੁਣ ਧਰਤੀ 'ਤੇ ਨਹੀਂ ਸੀ ਪੈਂਦਾ।

'ਇਉਂ ਲੱਗਦੈ ਜਿਵੇਂ ਰੱਬ ਆਪ ਸਾਨੂੰ ਸਜ਼ਾ ਦੇਣ ਲਈ ਏਸ ਧਰਤੀ 'ਤੇ ਆਇਆ ਹੋਵੇ... ਉਹਦੇ ਅੱਗੇ ਅਰਜੋਈ ਐ ਕਿ ਅਗਲੇ ਜਰਮ ਵਿੱਚ ਈ ਸਾਨੂੰ ਮਿਲਾ ਦੇਵੇ, ਜੇ ਸਾਨੂੰ ਇੱਕ ਹੋਣ ਈ ਨਹੀਂ ਸੀ ਦੇਣਾ ਫੇਰ ਕਿਉਂ ਸਾਡੇ ਵਿੱਚ ਏਹ ਖਿੱਚ ਪਾਈ...' ਰਾਣੀ ਨੇ ਜੋਗੀ ਦਾ ਹੱਥ ਆਪਣੇ ਹੱਥ ਵਿੱਚ ਫੜ੍ਹ ਲਿਆ। ਕੋਈ ਵੀ ਹਰਕਤ ਨਹੀਂ ਹੋਈ, ਜਿਵੇਂ ਉਹਨਾਂ ਵਿੱਚ ਜਾਨ ਹੀ ਨਹੀਂ ਸੀ ਬਚੀ।

ਸਾਹ ਚੱਲਦੇ ਸੀ...!!

ਤੇਜ਼ ਹਵਾ ਦੇ ਬੁੱਲੇ ਨੇ ਰੁੱਖਾਂ ਦੇ ਪੱਤਿਆਂ 'ਤੇ ਚੜ੍ਹੀ ਧੁੰਦ ਦੀ ਤਰੇਲ ਕਣੀਆਂ ਬਣਾ ਕੇ ਥੱਲ੍ਹੇ ਵਗਾਹ ਮਾਰੀ।

ਦੋਵੇਂ ਲੰਮੀ ਨਿਗਾਹ ਨਾਲ਼ ਕਿਆਰੇ ਵਿੱਚ ਬਹਿ ਕੇ ਗੱਲਾਂ ਕਰਦੀ ਦੀਪੋ ਤੇ ਨਿੱਕੇ ਵੱਲ ਝਾਕਣ ਲੱਗ ਪਏ।

ਉਹਨਾਂ ਨੇ ਖੁੱਚਾਂ ਤੀਕ ਆਪਣੇ ਪਹੁੰਚੇ ਚਾੜ੍ਹੇ ਸੀ ਤੇ ਸਾਗ ਦੀਆਂ ਗੰਧਲਾਂ ਨਾਲੋਂ ਵਾਲਤੂ ਦੇ ਪੱਤੇ, ਜਿਨ੍ਹਾਂ ਦੇ ਰਿਝਣ ਵਿੱਚ ਦਿੱਕਤ ਆਉਣੀ ਸੀ, ਉਹ ਤੋੜ ਕੇ ਸੁੱਟਦੇ ਪਏ ਸੀ। ਪੱਤਾ ਤੋੜ ਕੇ ਸੁੱਟਦੇ ਤਾਂ ਖਾਲ ਦੇ ਪਾਣੀ ਵਿੱਚ ਉਹ ਤੈਰਦਾ ਹੋਇਆ ਅੱਗੇ ਤੁਰ ਜਾਂਦਾ।

ਜੋਗੀ ਦੀ ਨਿਗਾਹ ਵੀ ਮੋਟਰ ਆਲ਼ੇ ਕੋਠੇ ਵੱਲ ਗਈ ਤਾਂ ਉਹਨੇ ਚਾਰੇ ਪਾਸੇ ਨਿਗਾਹ ਮਾਰ ਕੇ ਵੇਖਿਆ, ਕਿਤੇ ਕੋਈ ਬੰਦਾ ਤਾਂ ਨਹੀਂ ਇੱਧਰ ਆ ਰਿਹਾ।

ਦੀਪੋ ਨੇ ਆਪਣੇ ਗਲ਼ ਵਿੱਚ ਇੱਕ ਮਰੋੜ ਕੇ ਪਾਏ ਖ਼ਤ ਨੂੰ ਨਿੱਕੇ ਦੀ ਮੁੱਠੀ ਵਿੱਚੋਂ ਦੱਬ ਦਿੱਤਾ, 'ਆ ਲੈ-ਜਵਾਬ ਜ਼ਰੂਰ ਦੇਵੀਂ'

ਨਿੱਕੇ ਨੇ ਜਦੋਂ ਇਹ ਖ਼ਤ ਦੀਆਂ ਤਹਿਆਂ ਖੋਲ੍ਹੀਆਂ ਤਾਂ ਵਿੱਚ ਗੁਲਾਬ ਦੀਆਂ ਪੱਤੀਆਂ ਦੀ ਮਹਿਕ ਆਈ। ਕੁਝ ਅੱਖਰਾਂ ਦੀ ਸਿਆਹੀ ਗਿੱਲੇ ਹੱਥ ਲੱਗਣ ਕਰ ਕੇ ਸ਼ਕਲ ਬਦਲੀ ਪਈ ਸੀ। ਉਹਨੇ ਖ਼ਤ ਨੂੰ ਬੜੇ ਗਹੁ ਨਾਲ਼ ਵੇਖਿਆ ਤੇ ਰਾਣੀ ਦੇ ਨਾਉਂ ਕੱਟ ਕੇ ਫ਼ੀਟੀ ਲਿਖਿਆ ਸੀ।

ਤੇ ਹੁਣ ਫ਼ੀਟੀ ਦੇ ਨਾਉਂ 'ਤੇ ਵੀ ਝਰੀਟ ਮਾਰ ਕੇ ਹੁਣ ਉਹਦਾ ਆਪਣਾ ਨਾਉਂ ਲਿਖਿਆ ਸੀ 'ਨਿੱਕਾ'।

'ਭੋਲੀਏ ਏਹ ਖ਼ਤ ਦਾ ਅੱਖਰ ਤਾਂ ਮੈਨੂੰ ਚੇਤੇ ਐ...'

'ਅੱਛਾ ਤੂੰ ਯਾਦ ਵੀ ਕਰ ਲਿਆ...'

'ਲਹੂ ਨਾਲ਼ ਲਿਖੀ ਚੀਜ਼ ਵੀ ਕਦੇ ਭੁੱਲਦੀ ਐ, ਏਹ ਖ਼ਤ ਮੈਂ ਰਾਣੀ ਨੂੰ ਲਿਖ ਕੇ ਦਿੱਤਾ ਸੀ, ਜੋਗੀ ਦੀ ਥਾਂ... ਮੇਰੇ ਲਿਖੇ ਲਵ ਲੈਟਰਾਂ ਨਾਲ਼ ਪਤਾ ਨਹੀਂ ਕਿੰਨੇ ਦਿਲ ਜੁੜਗੇ... ਪਰ ਮੇਰਾ ਕਦੇ ਤੋਪਾ ਨਹੀਂ ਭਰਿਆ ਗਿਆ।'

ਨਿੱਕੇ ਨੂੰ ਖ਼ਿਆਲ ਆਇਆ ਭੂੱਚਰੇ ਦਾ, ਜੀਹਨੇ ਉਹਤੋਂ ਖ਼ਤ ਲਿਖਾ ਕੇ ਆਪਣੀ ਮਸ਼ੂਕ ਨੂੰ ਫੜਾਇਆ ਸੀ ਤੇ ਫਿਰ ਓਹੀ ਉਹਦੀ ਵਹੁਟੀ ਬਣ ਗਈ।

ਪਰ ਵਿਆਹ ਤੋਂ ਬਾਦ ਕਾਟੋ-ਕਲੇਸ਼ ਹੀ ਰਿਹਾ।

ਚਾਹੇ ਜਵਾਕ ਵੀ ਜੰਮਿਆ ਗਿਆ ਸੀ।

ਭਾਬੀ ਉਹਨੂੰ ਮਿਹਣਾ ਮਾਰਦੀ, 'ਵੇ ਕਲਮੂਹਿਆਂ ਜੇੜ੍ਹੇ ਪਿਆਰ ਦੀਆਂ ਗੱਲਾਂ ਤੂੰ ਚਿੱਠੀਆਂ ਵਿੱਚ ਲਿਖ-ਲਿਖ ਕੇ ਘੱਲਦਾ ਸੈਂ, ਉਹ ਤਾਂ ਐਨੇ ਵਰ੍ਹੇ ਹੋਗੇ ਐਥੇ ਆਈ ਨੂੰ ਕਦੇ ਕਰ ਕੇ ਵਿਖਾਈ ਨਹੀਂ...'

ਭੂੱਚਰਾ ਵਿਚਾਰਾ ਚੁੱਪ ਧਰ ਕੇ ਚੰਗੀ-ਮਾੜੀ ਸੁਣੀ ਜਾਂਦਾ। ਹੋਰ ਕਰਦਾ ਵੀ ਕੀ। ਨਮੋਸ਼ੀ ਸੀ। ਉਹ ਕਿਹੜੇ ਹੌਂਸਲੇ ਨਾਲ਼ ਕਹਿੰਦਾ, 'ਏਹ ਪਿਆਰ ਤਾਂ ਨਿੱਕੇ ਦਾ ਸੀ, ਜੀਹਦੇ ਚੱਕਰ 'ਚ ਤੂੰ ਵੜਿੱਕੀ ਗਈ ਐਂ...'

'ਤੂੰ ਆਂਹਦਾ ਸੀ, ਬਚਿੱਤਰ ਕੇ ਟੋਬੇ 'ਤੇ ਘੁੰਮਣ ਚੱਲਾਂਗੇ, ਲੈ ਕੇ ਨਹੀਂ ਗਿਆ, ਕਦੇ ਕਦੇ ਤਾਂ ਚਿੱਤ ਕਰਦਾ ਤੇਰੇ ਤੇ ਆਹ ਲਵ ਲੈਟਰਾਂ ਕਰ ਕੇ ਕੇਸ ਕਰ

ਦਿਆਂ, ਪਰ ਕਰਾਂ ਕੀ, ਮੇਰਾ ਜਵਾਕ ਰੁਲ਼-ਜਾਣਾ... ਜੇ ਆਹ ਨਾ ਛਿੰਡੋਂ ਜੰਮਿਆ ਹੁੰਦਾ ਤਾਂ ਕਦੋਂ ਦੀ ਤੇਰੇ ਢੂਕਣੇ 'ਚ ਲੱਤ ਮਾਰ ਕੇ ਕਿਸੇ ਹੋਰ ਨਾਲ਼ ਨਿਕਲ਼ ਜਾਂਦੀ...' ਫਿਰ ਨਿਆਣੇ ਵੱਲ ਝਾਕ ਕੇ ਚਪੇੜਾ ਮਾਰਿਆ, 'ਤੂੰਈ ਭੋਰਾ ਸੋਚ ਲੈਂਦਾ... ਦੋ ਵਰ੍ਹੇ ਬਾਦ ਜੰਮ ਪੈਂਦਾ, ਕੀ ਥੁੜਿਆ ਪਿਆ ਸੀਗਾ ਤੇਰਾ ਖੁਣੋਂ, ਕਿਸੇ ਚੱਜਦੇ ਬੰਦੇ ਨਾਲ਼, ਕਿਸੇ ਸਰਦੇ ਵਰਦੇ ਘਰੇ ਜੰਮ ਦਿੰਦੀ ਤੈਨੂੰ... ਮਰ-ਭੁੱਖਾ ਹੁਣ...' ਬਿਸ਼ਨੋ ਸੰਦੂਕ ਵਿੱਚੋਂ ਖ਼ਤ ਕੱਢ ਕੇ ਉਹਦੇ ਅੱਗੇ ਲਿਆ ਰੱਖਦੀ, 'ਬੋਲ...?'

ਇਹ ਗੱਲਾਂ ਚੇਤੇ ਕਰ ਕੇ ਦੀਪੋ ਨਾਲ਼ ਬੈਠੇ ਨਿੱਕੇ ਦਾ ਹਾਸਾ ਨਿਕਲ਼ ਗਿਆ।

ਉਹ ਕਮਲਿਆਂ ਵਾਗੂੰ ਤਾੜੀ ਮਾਰ ਮਾਰ ਕੇ ਉੱਚੀ ਹੱਸਣ ਲੱਗ ਪਿਆ। ਉਹਦਾ ਇਹ ਹਾਸਾ ਚੁੱਪ-ਧਾਰੀ ਬੈਠੇ ਖੇਤਾਂ ਦੀਆਂ ਚਾਰੇ ਕੂਟਾਂ ਵਿੱਚ ਗੂੰਜ ਗਿਆ। ਅੱਖਾਂ ਵਿੱਚੋਂ ਹੰਝੂਆਂ ਦੀ ਘਰਾਲ ਵਗ ਗਈ ਸੀ।

'ਦੀਪੋ, ਜਿਨ੍ਹਾਂ ਦੇ ਦਿਲਾਂ ਵਿੱਚ ਭੋਰਾ ਵੀ ਪਿਆਰ ਨਹੀਂ ਸੀ ਇੱਕ ਦੂਜੇ ਲਈ, ਮੈਂ ਤਾਂ ਲਵ ਲੈਟਰ ਲਿਖ-ਲਿਖ ਕੇ, ਉਹਨਾਂ ਦਾ ਵੀ ਮੇਲ ਕਰਾ ਦਿੱਤਾ ਸੀ, ਪਰ ਮੇਰਾ ਤਾਂ ਪਿਆਰ ਬਹੁਤ ਸੀ ਰਾਣੀ ਲਈ... ਉਹਦੇ ਨਾਲ਼ ਕਿਉਂ ਨਹੀਂ ਲੇਖ 'ਚ ਮੇਖ ਵੱਜੀ...' ਨਿੱਕਾ ਆਪਣੇ ਹੱਥਾਂ ਦੀਆਂ ਲਕੀਰਾਂ ਨੂੰ ਸਰੋਂ ਦੀ ਗੰਦਲ ਨਾਲ਼ ਮਸਲ ਕੇ ਹਰਾ ਕਰਨ ਲੱਗ ਪਿਆ। ਮੈਲ਼ ਦੀਆਂ ਵੱਟੀਆਂ ਉਤਰਨ ਲੱਗ ਪਈਆਂ।

'ਰਾਣੀ ਦੇ ਅੰਗਾਂ ਵਿੱਚ ਕੀ ਘੋਲ ਕੇ ਪਾਇਆ ਦਾਤੇ ਨੇ, ਜੋ ਮੇਰੇ ਵਿੱਚ ਨਹੀਂ ਦਿਖਦਾ...' ਉਹਨੇ ਕਿਸੇ ਓਪਰੇ ਜਿਹੇ ਰੋਸੇ ਨਾਲ਼ ਨਿੱਕੇ ਦੀਆਂ ਅੱਖਾਂ ਵਿੱਚ ਵੇਖਿਆ ਕਿ ਜਵਾਬ ਦੇਣ ਵੇਲ਼ੇ ਉਹ ਕੋਈ ਗੱਪ ਨਾ ਮਾਰ ਦੇਵੇ, 'ਮੇਰੇ ਵੰਨੀਂ ਝਾਕ ਕੇ ਜਵਾਬ ਦੇਈਂ...'

'ਇਹ ਜਵਾਬ ਤੇਰੇ ਵੰਨੀਂ ਵੇਖ ਕੇ ਨਹੀਂ, ਰਾਣੀ ਵੱਲ ਵੇਖ ਕੇ ਈ ਦਿੱਤਾ ਜਾਣਾਂ ਜੇ ਸੱਚ ਪੁੱਛਣਾਂ ਤਾਂ...' ਨਿੱਕੇ ਨੇ ਵੱਟ 'ਤੇ ਆਪਣੇ ਵੱਲ ਤੁਰੀ ਆਉਂਦੀ ਰਾਣੀ ਵੱਲ ਵੇਖਦਿਆਂ, 'ਕਿਉਂਕਿ ਏਨੇ ਕਿਸੇ ਦੀ ਨਹੀਂ ਹੋਣਾ... ਬਸ ਬੇਗਾਨੀ ਹੀ ਰਹੂ, ਆਸ਼ਕ ਦੀ ਤਾਂ ਹੁੰਦੀ ਨਹੀਂ... ਪਰ ਤੂੰ ਤਾਂ ਜੀਹਦੀ ਹੋਗੀ ਫੇਰ ਮਰਦੇ ਦਮ ਤੀਕ ਉਸੇ ਦੀ ਰਵੇਂਗੀ...!

ਰਾਣੀ ਨੇ ਆਪਣੇ ਕੋਲ਼ ਖੜ੍ਹੇ ਜੋਗੀ ਨੂੰ ਕਿਹਾ, 'ਸਕੂਟਰ ਸਾਬ ਨਾਲ਼ ਤੋਰਿਆ ਕਰ... ਮੇਰੇ ਬਾਪੂ ਨੇ ਏਹਦੀ ਸਾਈ ਦਿੱਤੀ ਐ... ਨਾਲ਼ੇ ਇਹਦੇ ਵੱਡੇ ਹਾਰਨ ਲਵਾ ਦੀਂ, ਜਿਹੜੇ ਉਦੋਂ ਆਪਾਂ ਮੇਲੇ ਤੇ ਵੱਜਦੇ ਵੇਖੇ ਸੀ...'

'ਸੱਤ ਬਚਨ...'

'ਤੇ ਨਿੱਕਿਆ ਤੂੰ ਵੀ ਭਾਈ ਚਿੱਤ ਨਾ ਡੁਲਾਈਂ, ਅਗਲੇ ਜਰਮ 'ਚ ਤੇਰੀ ਵੀ ਹੋ ਕੇ ਵੇਖੂੰ...! ਫੇਰ ਪਤਾ ਲੱਗੂ ਕਿੰਨੀ ਕੁ ਖ਼ੁਸ਼ ਰੱਖਦੈਂ...!'

'ਅਗਲਾ ਜਰਮ ਕੀਹਨੇ ਵੇਖਿਆ ਰਾਣੀ...' ਨਿੱਕਾ ਬੱਸ ਉਹਦੀ ਠੋਡੀ ਤੀਕ ਹੀ ਨੀਵੀਂ ਚੱਕ ਕੇ ਵੇਖ ਸਕਿਆ, 'ਪਰ ਤੂੰ ਕਹਿਤਾ, ਏਹ ਵੀ ਮੰਨ ਲੈਨੇ ਆਂ...'

'ਚੱਲ ਜੇ ਆਹੀ ਗੱਲ ਏ ਤਾਂ ਕੱਲ੍ਹ ਆਊਂਗੀ ਤੂੰ ਵੀ ਚਿੱਤ ਰਾਜ਼ੀ ਕਰਲੀਂ'

'ਰਾਣੀ ਏਨਾ ਗਰਕਿਆ ਮੈਂ ਵੀ ਨਹੀਂ...'

ਰਾਣੀ ਨੇ ਵੱਟ 'ਤੇ ਪਈ ਗੰਧਲਾਂ ਦੀ ਸੱਧਰੀ ਚੱਕ ਕੇ ਆਪਣੀ ਚੁੰਨੀ ਦੇ ਲੜ ਬੰਨ੍ਹ ਲਈ ਤੇ ਦੀਪੋ ਨਾਲ਼ ਪਿੰਡ ਦੀ ਸੇਧ ਘਤ ਕੇ ਤੁਰ ਗਈ। ਕਮਾਦ ਦੇ ਉਹਲੇ ਹੁੰਦੀ ਦੀਪੋ ਨੇ ਇਕੇਰਾਂ ਮੁੜ ਕੇ ਨਿੱਕੇ ਵੱਲ ਜ਼ਰੂਰ ਵੇਖਿਆ ਸੀ। ਪਰ ਰਾਣੀ ਉਵੇਂ ਹੀ ਤੁਰੀ ਗਈ। ਜਦ ਉਹ ਕਮਾਦ ਦੇ ਉਹਲੇ ਹੋ ਗਈ, ਉਹਨੇ ਵੀ ਖੜ੍ਹ ਕੇ ਪਿਛਾਂਹ ਵੇਖਿਆ। ਪਰ ਹੁਣ ਕੁਝ ਵੀ ਨਜ਼ਰ ਨਹੀਂ ਸੀ ਆਉਂਦਾ।

ਚਿੱਟੀ ਧੁੰਦ ਸਰ੍ਹੋਂ ਦੇ ਖੇਤਾਂ ਵਿੱਚ ਡਿੱਗੀ ਪਈ ਵਿਖਾਈ ਦਿੱਤੀ...!!

'ਚੰਗਾ ਬਈ ਬੇਲੀਆ ਮਿਲਦੇ ਆਂ ਫੇਰ...'

ਜੋਗੀ ਨੇ ਪਹੇ 'ਤੇ ਖੜ੍ਹੇ ਸਕੂਟਰ ਨੂੰ ਕਿੱਕ ਮਾਰ ਕੇ ਸਟਾਰਟ ਕੀਤਾ ਤੇ ਪਿੰਡ ਵੱਲ ਜਾਂਦੇ ਨੂੰ ਰਾਣੀ ਫੇਰ ਟੱਕਰੀ!

ਪਿੰਡ ਦੇ ਆਜੜੀ ਬੱਕਰੀਆਂ ਨੂੰ ਪਿੰਡ ਵੱਲ ਹੱਕਦੇ ਹੋਏ ਲਿਜਾ ਰਹੇ ਸੀ।

ਨਿੱਕੇ ਨੇ ਆਪਣੇ ਹੱਥ ਵਿੱਚ ਫੜ੍ਹੇ ਖ਼ਤ ਨੂੰ ਰਾਣੀ ਦੇ ਪੈਰ ਦੇ ਨਿਸ਼ਾਨ 'ਤੇ ਰੱਖ ਕੇ ਵੇਖਿਆ। ਸਰ੍ਹੋਂ ਦੇ ਫੁੱਲਾਂ ਨਾਲ਼ ਉਹਦਾ ਨਾਮ ਲਿਖਿਆ ਤੇ ਫੂਕ ਮਾਰ ਕੇ ਉਡਾ ਦਿੱਤਾ।

ਵੱਟ ਵਿੱਚ ਖੁੱਭੀ ਕਹੀ ਨਾਲ਼ ਨੱਕਾ ਮੋੜ ਕੇ ਉਹ ਮੋਟਰ ਆਲ਼ੇ ਕਮਰੇ ਵਿੱਚ ਆ ਗਿਆ। ਮਿੱਟੀ ਵਿੱਚ ਚੂੜੀਆਂ ਦੇ ਟੁੱਟੇ ਹੋਏ ਟੁੱਕੜੇ ਵੇਖ ਕੇ ਉਦਾਸੀ ਭਰਿਆ ਹੌਕਾ ਖਿੱਚਿਆ ਤਾਂ ਗਲ਼ ਦੀਆਂ ਨਾੜਾਂ ਸੂਤੀਆਂ ਗਈਆਂ।

ਉਹਦੀ ਚੂੜੀ ਨੂੰ ਆਪਣੀ ਤਲੀ 'ਤੇ ਰੱਖ ਕੇ ਤੋੜਿਆ ਤਾਂ ਉਹਦੇ ਵਿੱਚੋਂ ਨਿਕਲ਼ੇ ਨਿੱਕੇ ਜਿਹੇ ਪਤੰਗਿਆਂ ਨੂੰ ਵੇਖ ਕੇ ਪਿੰਡ ਵੱਲ ਮੂੰਹ ਕਰਕੇ ਬੋਲਿਆ, 'ਰਾਣੀ ਪਿਆਰ ਤਾਂ ਮੇਰਾ ਵੀ ਤੇਰੇ ਨਾਲ਼ ਸੱਚਾ ਈ ਸੀ, ਤੇਰੀ ਚੂੜੀ ਦੇ ਟੋਟੇ ਐਵੇਂ ਨੀਂ ਗਵਾਹੀ ਭਰਦੇ... ਜਿਦੋਂ ਬੇਲਣ ਕੋਲ਼ ਨਾ ਹੋਵੇ ਤਾਂ ਵੀ ਉਹਦੇ ਖੋਹਣ ਦਾ ਡਰ ਜਿਹਾ ਬਣਿਆ ਰਹੇ ਤਾਂ ਉਹੀ ਸੱਚਾ ਪਿਆਰ ਹੁੰਦਾ...'

ਚੂੜੀਆਂ ਦੇ ਟੋਟਿਆਂ ਨੂੰ ਲਵ ਲੈਟਰ ਵਿੱਚ ਪਾ ਕੇ, ਮਰੋੜ ਕੇ ਬਾਹਰ ਬਲਦੀ ਧੂਣੀ ਵਿੱਚ ਸੁੱਟ ਦਿੱਤਾ।

ਅੱਗ ਬਲੀ ਤਾਂ ਆਪਣੀ ਹਿੱਕ 'ਤੇ ਹੱਥ ਸੇਕ ਕੇ ਲਾ ਲਿਆ।

ਸ਼ਰੀਫ਼ ਲੁਟੇਰੇ

ਫ਼ੀਟੀ ਪਿੰਡ ਦੇ ਹਰ ਗਲ਼ੀ ਮੋੜ 'ਤੇ ਭੂੰਚਰੇ ਤੇ ਸ਼ੇਰੇ ਨੂੰ ਲੱਭਦਾ ਹੋਇਆ ਛੱਪੜ ਆਲ਼ੀ ਫਿਰਨੀ 'ਤੇ ਟੱਕਰ ਪਿਆ। ਉਹਦੇ ਚਿਹਰੇ 'ਤੇ ਚਿੰਤਾ ਨਾਲ਼ ਭਰੀ ਮੁਸਕਾਨ ਸੀ। ਅਜੀਬ ਜਿਹੇ ਹਾਵ-ਭਾਵ ਵੇਖ ਕੇ ਸ਼ੇਰੇ ਨੇ ਹੂੰਗਰ ਮਾਰ ਕੇ ਗੱਲ ਪੁੱਛਣੀ ਚਾਹੀ ਤਾਂ ਫ਼ੀਟੀ ਕੋਲ਼ ਪਈ ਵੱਡੀ ਲੱਕੜ 'ਤੇ ਬੈਠ ਗਿਆ, 'ਗੱਲ ਹੈ ਤਾਂ ਮਾੜੀ ਪਰ ਆਵਦੇ ਮੁਨਾਫੇ ਦੀ ਐ, ਜੇ ਹੁਣ ਪਾਸਾ ਸਿੱਧਾ ਪੈ ਗਿਆ ਫੇਰ ਸਾਰੀ ਉਮਰ ਬਹਿ ਕੇ ਖਾਵਾਂਗੇ...'

'ਮੂੰਹੋਂ ਫੁੱਟ ਵੀ ਐਂਵੇ ਮਗਜਾਲੀ ਮਾਰੀ ਜਾਨੋਂ...'

'ਉਹੀ ਦਿਨ ਛਿਪ ਗਿਆ ਜੀਹਦੀ ਆਪਾਂ ਨੂੰ ਕੁੰਭ ਦੇ ਮੇਲੇ ਵਾਨੂੰ ਉਡੀਕ ਸੀ...' ਫ਼ੀਟੀ ਨੇ ਆਸੇ-ਪਾਸੇ ਨਜ਼ਰ ਮਾਰ ਕੇ ਚੜ੍ਹਤ ਸਿੰਘ ਨੂੰ ਏਧਰ ਆਉਂਦਿਆਂ ਵੇਖ ਕੇ ਛੇਤੀ ਨਾਲ਼ ਗੱਲ ਦੱਸਣੀ ਸ਼ੁਰੂ ਕਰ ਦਿੱਤੀ। 'ਸਰਕਾਰ ਤੋਂ ਸਤੇ ਲੋਕਾਂ ਨੇ ਰੇਲ ਆਲ਼ੀ ਪੱਟੜੀ ਪੱਟ ਕੇ ਉਹ ਮਾਰੀ... ਜਿੱਧਰ ਵੇਖੋ ਮਾਰ ਪੈਂਦੀ ਪਈ ਐ, ਜੇੜ੍ਹਾ ਜੀਹਦੇ ਡਿੱਕੇ ਚੜਦਾ ਬਸ ਉਹਦੇ ਈ ਆਹੂ ਲੈਂਦੇ ਪਏ ਐ...'

'ਪੁਲੀਸ ਨੇ ਜੂਤ ਨੀ ਫੇਰਿਆ' ਚੜ੍ਹਤ ਸਿੰਘ ਨੇ ਆ ਕੇ ਗੱਲ ਪੁੱਛੀ, 'ਜੀ'

'ਨਾ ਕਿੱਥੇ... ਉਹ ਤਾਂ ਆਵਦੀ ਜੁੱਤੀ ਹੱਥ ਵਿੱਚ ਫੜੀ ਫਿਰਦੀ ਐ ਬੀ ਕੀ ਪਤਾ ਕਦੋਂ ਵਾਹਣੀਂ-ਵਾਹਣੀਂ ਭੱਜਣਾ ਪੈ ਜਾਵੇ... ਸਾਰਾ ਮੁਲਖ ਈ ਦਾਤਰ ਚੱਕੀ ਫਿਰਦਾ... ਕੱਲ੍ਹ ਰਾਤੀਂ ਏਨ੍ਹਾਂ ਮੱਸ਼ਰੇ ਲੋਕਾਂ ਨੇ ਯੂਨੀਵਰਸਿਟੀ ਨੀ ਆਹ ਆਪਣੀ ਜਾਣੀ ਵੱਡਾ ਸਕੂਲ, ਉਹਦੇ ਵਿੱਚ ਵੜ ਕੇ ਜੱਟਾਂ ਦੇ ਜਵਾਕ ਭਾਲ-ਭਾਲ ਕੇ, ਜਾਤ ਪੁੱਛ-ਪੁੱਛ ਕੇ ਖੜਕਾਤੇ... ਉਹ ਤਾਂ ਨੀ ਕਦੇ ਕਿਤਾਬਾਂ ਵੱਲੀਂ ਮੂੰਹ ਕਰਦੇ...' ਫ਼ੀਟੀ ਨੇ ਆਪਣੇ ਹੱਥ-ਹੱਥ ਮਾਰ ਕੇ ਪੱਕਾ ਨਿਰਣਾ ਹੀ ਕਰ ਦਿੱਤਾ।

ਸ਼ੇਰੇ ਨੂੰ ਇਹ ਸੁਣ ਕੇ ਪੈਰਾਂ ਤੋਂ ਲੈ ਕੇ ਸਿਰ ਤੀਕ ਕੋਈ ਨਿੱਘ ਮਹਿਸੂਸ ਹੋਣ ਲੱਗ ਪਿਆ। ਲਹੂ ਨੇ ਠਾਠਾਂ ਮਾਰ ਕੇ ਜੋਸ਼ ਫੜ੍ਹ ਲਿਆ। ਪਰ ਚੜ੍ਹਤ ਸਿੰਘ ਨੂੰ ਕੋਲ਼ ਖੜਿਆਂ ਵੇਖ ਕੇ ਸ਼ਕਲ ਉਦਾਸੀ ਕਰ ਲਈ, 'ਬੇੜਾ ਗਰਕ ਹੋ ਗਿਆ ਲੋਕਾਂ ਦਾ, ਜਿਦੋਂ ਪਾਪ ਵਧ ਜੇ ਧਰਤੀ 'ਤੇ...

ਫੇਰ ਰੱਬ ਤੀਕ ਕਿੱਥੇ ਫ਼ੈਸਲਾ ਕਰਨ ਲਈ ਗੱਲ ਪਹੁੰਚਦੀ ਐ... ਆਪੋ ਧਾਪੀ ਪਈ ਐ...'

'ਲੋਕਾਂ ਦੇ ਮੌਤ ਦੀ ਸਮਝ ਨੀ ਆਈ, ਬਈ ਹਰਖ ਸੋਡਾ ਸਰਕਾਰ 'ਤੇ ਐ, ਕੁੱਟੀ ਨਿਆਣੇ ਜਾਨੇ ਓਂ' ਚੜ੍ਹਤ ਸਿੰਘ ਆਪਣੀ ਆਖੀ ਗੱਲ 'ਤੇ ਆਪ ਹੀ ਗ਼ੌਰ ਕਰਨ ਲੱਗ ਪਿਆ। ਉਹਦੀ ਧੌਣ ਕਿਸੇ ਫ਼ਿਕਰ ਵਿੱਚ ਹਿਲਣ ਲੱਗ ਪਈ। ਉਹ ਪਤਾ ਨਹੀਂ ਕਿਸ ਚੀਜ਼ ਦਾ ਹੁੰਗਾਰਾ ਭਰ ਰਿਹਾ ਸੀ।

'ਮਾੜਾ ਈ ਐ...' ਸ਼ੇਰੇ ਦੀ ਸੈਨਤ ਸਮਝ ਕੇ ਉਹ ਤਿੰਨੋਂ ਇੱਥੋਂ ਆਪਣੇ ਘਰ ਵੱਲ ਚੱਲ ਪਏ। ਥੋੜੀ ਦੂਰ ਆ ਕੇ ਸ਼ੇਰੇ ਨੇ ਸਾਰਿਆਂ ਦੇ ਕੰਨਾਂ ਵਿੱਚ ਗੱਲ ਪਾ ਦਿੱਤੀ, 'ਆਥਣੇ ਤਿਆਰੀ ਵੱਟ ਕੇ ਰੱਖਿਉ, ਜੇ ਹੁਣ ਵੀ ਨਾ ਕੁਝ ਹੋਇਆ ਫੇਰ ਸਾਰੀ ਉਮਰ ਭੁੱਖ ਨੰਗ ਨਾਲ਼ ਈ ਘੁਲ਼ਦੇ ਰਹੋਂਗੇ... ਆਹ ਮੌਕਾ ਤਾਂ ਕੁਜਰਤ ਬੰਦੇ ਨੂੰ ਵੀਹੀਂ-ਤੀਹੀਂ ਸਾਲੀਂ ਦਿੰਦਾ ਈ ਐ, ਬਈ ਮੌਕਾ ਤਕਾ ਕੇ ਆਪਣੇ ਕਰਮਾਂ ਦੇ ਰੋਣੇ-ਧੋਣੇ ਧੋ-ਲਓ...'

'ਜੇ ਬਾਈ ਕਿਸੇ ਨੇ ਘਰੇ ਮੁੜਨ ਈ ਨਾ ਦਿੱਤਾ ਪੁੱਠਾ... ਭੜਕ ਕੇ ਰੱਖ-ਤਾ ਫੇਰ ਜਾਨ ਗਵਾ-ਲੀ ਤੇ ਨਿਆਣੇ ਰੁਲ਼ਦੇ ਰਹਿਣਗੇ... ਤੇ ਅਤਾਂਹ ਜਾ ਕੇ ਰੱਬ ਦੇ ਮੱਥੇ ਵੀ ਲੱਗਣ ਜੋਗੇ ਨੀ ਰਹਿਣੇ...' ਭੂੱਚਰੇ ਨੇ ਆਪਣੀ ਧੌਣ ਦਾ ਕੌਡਾ ਨੱਪ ਕੇ ਛੱਡਿਆ ਤਾਂ ਖੰਘ ਛਿੜ ਪਈ।

ਫ਼ੀਟੀ ਨੇ ਉਹਦਾ ਹੱਥ ਧੌਣ ਤੋਂ ਹਟਾ ਕੇ ਦਬਕਾ ਜਿਹਾ ਮਾਰਿਆ, 'ਜਿਦੋਂ ਧੌਣ ਕੋਈ ਲਾਹੂ ਵੇਖੀ ਜਾਊ, ਤੂੰ ਹੁਣੇ ਕਿਉਂ ਆਵਦੀ ਸੰਘੀ 'ਚ ਗੂਠਾ ਦੇ ਕੇ ਮਰੀ ਜਾਨਾਂ ਏ... ਪਰਸੋਂ ਖ਼ਬਰ ਨੀ ਸੁਣੀ...'

'ਜਾਨ-ਮਾਲ ਦਾ ਸਾਰਾ ਮੁਆਵਜ਼ਾ ਮਿਲੂ, ਫੱਟੜਾਂ ਨੂੰ ਵੀਹ-ਵੀਹ ਹਜ਼ਾਰ ਤੇ ਬਾਕੀ ਸਰਕਾਰੀ ਹਸਪਤਾਲਾਂ ਵਿੱਚ ਸੱਟ ਫੇਟ ਵੇਖ ਕੇ ਇਲਾਜ ਮੁਫ਼ਤ... ਜਿਹੜੇ ਮਰਗੇ ਉਹਨਾਂ ਦੇ ਟੱਬਰ ਨੂੰ ਦੋ-ਦੋ ਲੱਖ ਰਪਈਆ...'

'ਵਾਹ...' ਫ਼ੀਟੀ ਦੀ ਆਖੀ ਗੱਲ ਸੁਣ ਕੇ ਸਾਰੀ ਚਿੰਤਾ ਮੁੱਕ ਗਈ ਤੇ ਸ਼ੇਰੇ ਨੇ ਫੇਰ ਥਾਪੀ ਦੇ ਕੇ ਮੁੱਛ ਨੂੰ ਵਟਾ ਚਾੜ੍ਹਿਆ, 'ਵਾਹ...! ਆਪਣੇ ਤਾਂ ਦੋਏ ਹੱਥੀਂ ਈ ਲੱਡੂ ਹੋਣਗੇ... ਏਸ ਸਾਬ ਨਾਲ਼ ਤਾਂ ਫੇਰ ਸਾਰੇ ਕਰਜ਼ੇ ਲਾਹ ਕੇ ਮੇਰੇ ਟੱਬਰ ਕੋਲ਼ ਪੱਚੀ ਹਜ਼ਾਰ ਦੋ ਸੌ ਪੱਚੀ ਰਪਈਏ ਬਚ ਜਾਣਗੇ, ਪਰਸੋਂ ਈ ਕਾਪੀ 'ਤੇ ਸਾਵ ਲਾਇਆ ਸੀਗਾ ਮੰਵੀ...'

'ਐਵੇਂ ਤਿੜੀ ਜਾਈਂ, ਏਹ ਸਰਕਾਰ ਦੀਆਂ ਲੋਕਾਂ ਨੂੰ ਲਲਚਾਣ ਦੀਆਂ ਖ਼ਬਰਾਂ ਈ ਹੁੰਦੀਆਂ, ਜੇ ਮਰੇ ਪਿੱਛੋਂ ਪੈਸੇ ਨਾ ਦਿੱਤੇ ਫੇਰ...' ਸ਼ੇਰੇ ਨੇ ਉਹਤੋਂ ਪੂਰੇ ਤਪਾਕ ਨਾਲ਼ ਪੁੱਛਿਆ, 'ਦੱਸ ਖਾਂ... ਫੇਰ ਕੀ ਫੰਨੂੰ ਪੱਟ-ਲੇਂਗਾ...'

'ਹੂੰਅ ਸੱਚੀਂ... ਪਰ ਊਂ ਗੱਲ ਐ ਇੱਕ ਜੇ ਸਰਕਾਰ ਇਮਾਨਦਾਰ ਰਹੇ ਤੇ ਆਹ

ਕੌਲ਼ ਖ਼ਰਾ ਕਰਦੇ ਫੇਰ ਤਾਂ ਚਾਂਦੀ ਐ ਨਾ... ਕਦੇ ਜਿਉਂਦੇ-ਜੀਅ ਵੀਹ ਹਜ਼ਾਰ ਰਪਈਆ ਨੀ ਕੱਠਾ ਵੇਖਿਆ, ਹਾਂ ਕੇਰਾਂ ਖਜ਼ਾਨਚੀ ਸੀਗਾ ਆਪਣੇ ਪਿੱਪਲ ਆਲ਼ੇ ਬਾਬੇ ਦਾ ਥੜ੍ਹਾ ਬਣਾਉਂਦੇ ਸੈਂਗੇ... ਉਦੋਂ ਸਾਡੇ ਉਂਨੀ ਹਜ਼ਾਰ ਦੀ ਰਕਮ ਦਾ ਸਾਬ ਕਰਿਆ ਸੀ'

ਏਹ ਗੱਲਾਂ ਕਰਦੇ ਉਹ ਤਿੰਨੋਂ ਧੁੰਦ ਨਾਲ਼ ਸਿੱਲੀ ਕੀਤੀ ਕਾਨਿਆਂ ਦੀ ਕਾਈ ਨੂੰ ਹੱਥਾਂ ਨਾਲ਼ ਪਾਸੇ ਕਰਕੇ ਰਾਹ ਬਣਾਉਂਦੇ, ਖੰਡਰ ਵਿੱਚ ਵੜ ਗਏ। ਕੰਧ ਦੇ ਮੋਘਰੇ ਵਿੱਚੋਂ ਨੀਵੀਂ ਪਾ ਕੇ ਲੰਘਦਿਆਂ ਤੋਂ ਮੌਰਾਂ ਉੱਤੇ ਮਿੱਟੀ ਲੱਗ ਗਈ ਸੀ। ਇੱਥੋਂ ਹਥਿਆਰਾਂ ਨੂੰ ਆਪਣੇ ਨੇਫ਼ਿਆਂ ਤੇ ਖ਼ੇਸਾਂ ਦੀ ਬੁੱਕਲ ਵਿੱਚ ਲਕੋ ਕੇ ਉਹ ਬਾਹਰ ਆ ਗਏ।

ਹਨੇਰਾ ਕਾਫ਼ੀ ਉਤਰ ਆਇਆ ਸੀ।

ਪਿੰਡ ਵਿੱਚੋਂ ਲੰਘਦਿਆਂ ਨੇ ਆਪਣੇ ਨਾਲ਼ ਪੱਕੇ ਕੀਤੇ ਸਾਥੀ ਵੀ ਬੁਲਾ ਲਏ। ਕੁਝ ਬੰਦਿਆਂ ਦੀ ਉਡੀਕ ਕਰਨ ਲਈ ਉਹ ਛੱਪੜ ਆਲ਼ੇ ਰਾਹ 'ਤੇ ਪਿੰਡ ਤੋਂ ਅੱਧੀ ਕ ਫਰਲਾਂਗ ਬਣੀ ਪੁਲੀ 'ਤੇ ਜਚ ਕੇ ਬਹਿ ਗਏ। ਭੂੰਚਰੇ ਨੇ ਆਉਂਦੇ ਹੋਇਆਂ ਘਰ ਵਿੱਚ ਜਾ ਕੇ ਆਪਣੇ ਪੁੱਤ ਦੀ ਬੋਝੀ ਵਿੱਚ ਦੋ ਰਪਈਏ ਦਾ ਸਿੱਕਾ ਪਾ ਦਿੱਤਾ, 'ਪੁੱਤ ਐਦੀ ਚੀਜ਼ੀ ਲੈ ਕੇ ਖਾ ਲਈ ਹਏਂ... ਸੌਂ ਜਾ ਸ਼ੇਰਾ...'

ਉਹ ਬਿਜਲੀ ਦੀ ਲਿਸ਼ਕ ਵਾਂਙ ਹੀ ਗਿਆ ਤੇ ਉਨੇ ਪੈਰੀਂ ਹੀ ਪਰਤ ਵੀ ਆਇਆ।

'ਖੜ੍ਹ-ਜੋ ਅਜੇ ਭੰਤਾ ਨੀ ਆਇਆ...'

'ਲੱਗਦਾ ਆਹ ਡਾਕੇ ਆਲ਼ੀ ਗੱਲ ਤੂਹੀਂ ਸਾਰੇ ਪਿੰਡ ਵਿੱਚ ਈ ਧੁਮਾ ਦਿੱਤੀ ਐ...' ਸ਼ੇਰੇ ਨੇ ਫ਼ੀਟੀ ਵੱਲ ਗ਼ੁੱਸੇ ਨਾਲ਼ ਵੇਖਿਆ। ਉਹਨੇ ਹੀ ਉਸ ਦਿਨ ਦੋ ਕੁ ਬੰਦੇ ਨਾਲ਼ ਰਲਾਉਣ ਦੀ ਗੱਲ ਕੀਤੀ ਸੀ। ਫਿਰ ਅੱਗੇ ਦੀ ਅੱਗੋਂ ਗੱਲ ਤੁਰਦੀ ਰਹੀ, 'ਤੂੰ ਮੇਰਾ ਪੱਕਾ ਯਾਰ ਆਂ ਤਾਂ ਦੱਸਤਾ ਈ... ਹੁਣ ਅੱਗੇ ਨਾ ਕਿਸੇ ਕੋਲ਼ ਭਾਫ਼ ਕੱਢੀਂ...'

'ਲੈ ਜਵਾਂ ਈ ਨਹੀਂ, ਪਰ ਮੈਂ ਕਹਿਨਾ ਯਾਰ ਜੇ ਪੀਤੂ ਨੂੰ ਵੀ ਆਵਦੇ ਨਾਲ਼ ਰਲ਼ਾ ਲਈਏ, ਉਹਦੇ ਨਾਲ਼ ਬੁਰਕੀ ਸਾਂਝੀ ਐ... ਜਿਵੇਂ ਤੂੰ ਮੇਰਾ ਪੱਕਾ ਆੜੀ ਐਂ ਉਵੇਂ ਈ ਉਹ ਹੈ... ਉਹਦੀ ਵੀ ਜੂਨੀ ਕੱਟੀ ਜਾਊਗੀ... ਹਏਂ....' ਭੰਤੇ ਨੇ ਵੀ ਆਪਣੇ ਲੰਗੋਟੀਏ ਯਾਰ ਦੀ ਹਾਮੀ ਓਟ ਲਈ।

ਤੇ ਫਿਰ ਅੱਗੇ ਜਾ ਕੇ ਪੀਤੂ ਨੇ ਗੋਲੇ ਦੀ ਯਾਰੀ ਦਾ ਮੁੱਲ ਤਾਰਨ ਦੀ ਗੱਲ ਕੀਤੀ, 'ਉਹਨੇ ਯਾਰ ਮੈਨੂੰ ਡੁੱਬਦੇ ਨੂੰ ਛੱਪੜ 'ਚੋਂ ਕੱਢਿਆ ਸੀ... ਆਹੀ ਵੇਲ਼ਾ ਹੁੰਦਾ ਕਿਸੇ ਦੇ ਅਸਾਨ ਦਾ ਮੁੱਲ ਤਾਰਨ ਦਾ... ਹਏਂ... ਉਹਦੀ ਵੀ ਬੁਰਕੀ ਪੱਕਦੀ ਹੋਜੂ... ਜਵਾਕਾਂ ਦੇ ਮੂੰਹ ਵਿੱਚ ਬੁਰਕੀ ਸੌਖੀ ਪੈਂਦੀ ਹੋਜੂ... ਠੀਕ ਐ...'

'ਠੀਕ ਐ...'

ਇਸ ਤਰ੍ਹਾਂ ਹਰ ਬੰਦੇ ਦਾ ਹੀ ਇੱਕ ਪੱਕਾ ਯਾਰ ਸੀ...!

... ਤੇ ਅੱਗੇ ਦੀ ਅੱਗੇ ਗੱਲ ਤੁਰਦੀ ਰਹੀ...!

ਹੁਣ ਆਪਣੇ ਹੱਥਾਂ ਵਿੱਚ ਡਾਂਗਾ ਫੜ੍ਹ ਕੇ ਕਰੀਬ ਵੀਹ ਬੰਦਿਆਂ ਦਾ ਇਕੱਠ ਆ ਜੁੜਿਆ।

ਛੇਰੇ ਦਾ ਦਿਲ ਤਾਂ ਕੀਤਾ ਕਿ ਫ਼ੀਟੀ ਦੇ ਵੱਟ ਕੇ ਚਪੇੜ ਮਾਰੇ ਪਰ ਹਾਲਾਤ ਵੇਖ ਕੇ ਕੁਝ ਕਹਿ ਨਹੀਂ ਸੀ ਸਕਿਆ, 'ਬੁਰਕੀ ਬੁਰਕੀ ਵੰਡਦੇ ਨੇ ਸਾਰਾ ਭੰਡਾਰਾ ਈ ਲੋਕਾਂ ਨੂੰ ਚਕਾਤਾ... ਆਵਦੇ ਲਈ ਰੋਟੀ ਨਹੀਂ ਬਚੀ...'

'ਬਾਈ ਹੁਣ ਅੱਗੇ ਦਾ ਸੋਚੋ ਕੀ ਕਰਨਾ, ਆਪਾਂ ਏਥੇ ਲਾਂਗੜ ਕੱਢੀ ਖੜ੍ਹੇ ਆਂ ਕੋਈ ਫ਼ਾਇਦਾ ਨਹੀਂ...' ਭੰਤੇ ਨੇ ਜਰਦਾ ਮਲ਼ ਕੇ ਚੂੰਡੀ ਭਰ ਕੇ ਆਪਣੇ ਜਬਾੜੇ ਵਿੱਚ ਲਾਇਆ ਤੇ ਬਾਕੀ ਨਾਲ਼ ਖੜ੍ਹੇ ਬੰਦਿਆਂ ਵਿੱਚ ਵਰਤਾ ਦਿੱਤਾ।

'ਵੇਖੋ ਬਈ, ਪਹਿਲਾਂ ਤਾਂ ਸਾਰੇ ਆਪੋ-ਆਪਣੀ ਲੋੜ ਨਾਲ਼ ਪੈਸੇ ਲਖਾਓ... ਕੀਹਦਾ ਕਿੰਨੇ ਪੈਸਿਆਂ ਨਾਲ਼ ਸਰਦਾ... ਫੇਰ ਲਾ ਕੇ ਵੇਖੀਏ ਕਿੰਨਾ ਕੁ ਜੋੜ ਬਣਦਾ...' ਉਹਨੇ ਆਪਣੇ ਗੀਝੇ ਵਿੱਚੋਂ ਜਿਲਦ ਵਾਲ਼ੀ ਮਰੋੜ ਕੇ ਪਾਈ ਕਾਪੀ ਕੱਢ ਲਈ, ਜੀਹਦੇ ਵਿੱਚ ਪੈੱਨ ਦੀ ਥਾਂਏ ਸਿੱਕਾ ਰੱਖਿਆ ਸੀ, 'ਬੋਲ ਬਈ ...'

'ਵੀਹ ਹਜ਼ਾਰ...'

'ਵੀਹ ਹਜ਼ਾਰ ਤੂੰ ਭਰਾਵਾਂ ਐਡਾ ਕੇੜਾ ਕੰਮ ਕਰਨਾ ਏਨੇ ਪੈਸਿਆਂ ਦੀ ਲੋੜ ਪੈ ਗਈ ਐ...' ਭੂੱਚਰਾ ਆਪਣੇ ਤਰੀਕੇ ਨਾਲ਼ ਸ਼ੇਰੇ ਦੇ ਇਸ਼ਾਰੇ 'ਤੇ ਪੁੱਛਦਾ, 'ਬੋਲ ਕੰਮ ਕੀ ਐ...?'

'ਮੈਂ ਬੱਕਰੀਆਂ ਦਾ ਛੱਪਰ ਪਾਉਣਾ...'

'ਐਂ ਕਰ ਤੂੰ ਗਿਆਰਾਂ ਹਜ਼ਾਰ ਨਾਲ਼ ਸਾਰ... ਬਾਕੀ ਆਪਾਂ ਸਾਰੇ ਭਰਾ ਰਲ਼ ਕੇ ਤੇਰਾ ਹੱਲ ਕਰਾਂਗੇ, ਛੱਤ ਤਾਂ ਤੂੰ ਕੱਖਾਂ ਕਾਨਿਆਂ ਦੀ ਪਾਲੀਂ ਉੱਤੇ, ਆਹ ਭੰਤੇ ਕੇ ਖੇਤੋਂ ਦੋ ਬੱਠਲ ਚੀਕਣੀ ਮਿੱਟੀ ਦੇ ਲਿਆ ਕੇ ਕੰਮ ਸਾਰ..' ਫ਼ੀਟੀ ਨੇ ਵੀ ਰਮਜ਼ ਸਮਝ ਕੇ ਉਹਦਾ ਸਾਰਾ ਮਸਲਾ ਹੱਲ ਕਰ ਦਿੱਤਾ।

ਇਸੇ ਤਰ੍ਹਾਂ ਸਾਰਿਆਂ ਦੇ ਪੈਸੇ ਘਟਾ ਕੇ ਇੱਕ ਲੰਮੀ ਲਿਸਟ ਤਿਆਰ ਕਰ ਲਈ। ਕਾਪੀ ਫੇਰ ਆਪਣੇ ਗੀਝੇ ਵਿੱਚ ਪਾ ਲਈ। ਸਾਰੇ ਚੁੱਪ-ਚਾਪ ਸ਼ਹਿਰ ਵੱਲ ਪੈਰਾਂ ਵਿੱਚ ਪਾਈਆਂ ਜੁੱਤੀਆਂ ਦੀ ਖੜ੍ਹੈਂ-ਖੜ੍ਹ ਕਰਦੇ ਚੱਲ ਪਏ।

ਜਿਵੇਂ-ਜਿਵੇਂ ਸ਼ਹਿਰ ਨੇੜੇ ਆਉਂਦਾ ਗਿਆ, ਉਵੇਂ ਉਵੇਂ ਹੀ ਮੁੜਕੇ ਦੀ ਠੰਡੀ ਤਰੇਲੀ ਵੀ ਕਈਆਂ ਦੇ ਸਰੀਰ ਉੱਤੇ ਫਿਰ ਰਹੀ ਸੀ।

ਭੂੱਚਰੇ ਨੇ ਆਪਣੇ ਦਿਲ ਦੀ ਗੱਲ ਡਰਦੇ ਹੋਇਆਂ ਦੱਸੀ, 'ਬਾਈ ਆਪਾਂ ਨੂੰ ਪੰਜ ਕੁ ਹਜ਼ਾਰ ਰੁਪਏ ਵੱਧ ਈ ਲੁੱਟਣ ਦੀ ਖੇਚਲ ਕਰਨੀ ਪੈਣੀ ਐਂ, ਮਿੰਨਤ ਐ...'

'ਕਾਹਦੀ ਮਿੰਨਤ ਐ'

ਤੁਰੇ ਜਾਂਦੇ ਲੋਕਾਂ ਦੀਆਂ ਧੌਣਾਂ ਪਿੱਛੇ ਮੁੜ ਕੇ ਵੇਖਣ ਲੱਗੀਆਂ ਤੇ ਆਪਸ ਵਿੱਚ ਠੇਡਾ ਵੀ ਖਾ ਗਈਆਂ।

ਭੰਤੇ ਤੇ ਪੀਤੂ ਦੀ ਰਲਵੀਂ ਅਵਾਜ਼ ਆਈ, 'ਜੋ ਲਿਖ਼ਤ ਡਾਇਰੀ ਵਿੱਚ ਹੋਈ ਐ, ਉਹੀ ਪੂਰ ਚੜੂਗੀ ਹੁਣ, ਰੱਬ ਦੀ ਸੌਂਹ ਛੱਡ ਭਾਵੇਂ ਰੱਬ ਵੀ ਤੇਰੀ ਸੌਂਹ ਪਾ ਦੇਵੇ, ਅਹੀਂ ਨੀ ਮੰਨਣਾ...'

ਦਾ ਬੀਅ ਉੱਥੇ ਈ ਅੜਿਆ ਰਹੂ, ਨਿਆਣਾ ਤਾਂ ਵਿਲਕਦਾ ਈ ਰਹੂ ਨਾ...'
ਭੂੱਚਰਾ ਖੜ੍ਹ ਕੇ ਪਿੱਛੇ ਮੁੜ ਗਿਆ।

ਸ਼ੇਰਾ ਸਭ ਦੇ ਪਿੱਛੇ ਖੜ੍ਹਾ ਸੀ। ਉਹਦੇ ਅੰਦਰ ਖੁੜਕ ਗਈ ਕਿ ਐਸ ਮੌਕੇ 'ਤੇ ਕੋਈ ਜ਼ਿਦ ਚੰਗੀ ਨਹੀਂ, ਜੇ ਐਵੇਂ ਈ ਜੁੰਡੀ-ਖਿੰਡ ਗਈ ਫੇਰ ਤਾਂ ਨਹੀਂ ਗੱਲ ਬਣਨੀ, ਜੋੜੀ ਤਾਂ ਐਥੇ ਟੁੱਟੀ ਜਾਂਦੀ ਐ, ਬਦਸ਼ਗਨੀ ਐ'

'ਹਾਂ ਹਾਂ...' ਬਾਕੀਆਂ ਨੇ ਵੀ ਹਾਮੀ ਭਰ ਦਿੱਤੀ।

'ਜਰ ਕੱਲ੍ਹ ਡਾਕਟਰ ਜਵਾਕ ਨੂੰ ਦਵਾਈ ਦੇ ਕੇ ਗਿਆ, ਉਹਨੇ ਕਿਹਾ ਜੇ ਪੱਥਰੀ ਦਾ ਲਾਜ ਨਾ ਕਰਾਇਆ ਤਾਂ ਕੰਮ ਵਿਗੜ ਸਕਦੈ, ਨਿਆਣੇ ਦੇ ਅੰਗ-ਪੈਰ ਕੱਚੇ ਐ, ਜੇ ਨਹੀਂ ਤਾਂ ਫੇਰ ਮੇਰੀ ਵੀ ਨਾਂਹ, ਮੇਰਾ ਭਲਾ ਤਾਂ ਹੋਣਾ ਨਹੀਂ... ਟਿੱਡੀ

'ਚੱਲ ਜੇ ਨਿਆਣੇ ਦੀ ਗੱਲ ਐ ਤਾਂ ਏਹ ਵੀ ਕਰਲਾਂਗੇ, ਔਲਾਦ ਲਈ ਬੰਦਾ ਕੀ ਨੀਂ ਕਰਦਾ' ਸ਼ੇਰੇ ਨੇ ਗੀਝੇ ਵਿੱਚੋਂ ਡਾਇਰੀ ਕੱਢ ਕੇ ਸਿੱਕੇ ਨਾਲ਼ 'ਪੰਜ ਹਜ਼ਾਰ ਰੁਪਏ ਭੂੱਚਰਾ' ਲਿਖ ਲਿਆ।

ਬੰਤੇ ਤੇ ਗੇਜੇ ਨੇ ਕਿਸੇ ਮਾਣ 'ਤੇ ਸਹਿਮਤੀ ਨਾਲ਼ ਭੂੱਚਰੇ ਦਾ ਮੋਢਾ ਵੀ ਥਾਪੜਿਆ ਕਿ ਅਸੀਂ ਵੀ ਤੇਰੇ ਨਾਲ਼ ਹਾਂ।

ਅਗਲੇ ਘੰਟੇ ਤੀਕ ਉਹ ਸ਼ਹਿਰ ਦੇ ਗਾਂਧੀ ਚੌਂਕ ਵਿੱਚ ਪਹੁੰਚ ਗਏ।

ਸ਼ੇਰੇ ਨੇ ਨੀਝ ਨਾਲ਼ ਵੇਖਿਆ ਤਾਂ ਸਾਹਮਣੀ ਸੜਕ ਤੋਂ ਚਾਰ ਬੰਦੇ ਪੁਲੀਸ ਦੀ ਵਰਦੀ ਪਾਈ ਏਧਰ ਵੱਲ ਆ ਰਹੇ ਸੀ। ਸਾਰੇ ਗਾਂਧੀ ਦੇ ਆਦਮ ਕੱਦ ਬੁੱਤ ਪਿੱਛੇ ਲੁੱਕ ਗਏ। ਸਿਪਾਹੀ ਆਪਣੇ ਹੱਥਾਂ ਵਿੱਚ ਫੜ੍ਹੇ ਡੰਡਿਆਂ ਨੂੰ ਸੜਕ 'ਤੇ ਖੜਕਾਉਂਦੇ ਅੱਗੇ ਲੰਘ ਗਏ। ਉਂਞ ਭਾਵੇਂ ਉਹਨਾਂ ਨੂੰ ਪਤਾ ਲੱਗ ਗਿਆ ਸੀ, ਕਿ ਕੁੱਝ ਬੰਦੇ ਬੁੱਤ ਪਿੱਛੇ ਲੁੱਕ ਚੁੱਕੇ ਹਨ।

'ਸ਼ੁਕਰ ਐ...' ਸਾਰਿਆਂ ਨੇ ਸੁੱਖ ਦਾ ਸਾਹ ਲਿਆ।

ਭੋਲੇ ਦੇ ਹੱਥ ਵਿੱਚ, ਪਿਛਲੇ ਹਫ਼ਤੇ ਹੋਈ ਝੜਪ ਵਿੱਚ ਇੱਕ ਦੂਜੇ ਨੂੰ ਮਾਰੇ ਪੱਥਰ ਫੜ੍ਹੇ ਸੀ। ਕੁਝ ਪੱਥਰ ਚੱਕ ਕੇ ਉਹਨੇ ਆਪਣੀ ਜੇਬ ਵੀ ਭਰ ਲਈ। ਫ਼ੀਟੀ ਨੇ ਸਾਫ਼ੇ ਨੂੰ ਕੰਨ ਤੱਕ ਚਾੜ੍ਹਦਿਆਂ, 'ਤੂੰ ਕੋਈ ਹਥਿਆਰ ਨਹੀਂ ਲੈ ਕੇ ਆਇਆਂ...?'

'ਆਹ ਵੀ ਹਥਿਆਰ ਈ ਹੈ... ਮੈਂ ਤਾਂ ਗੁੰਮਾ ਮਾਰ ਕੇ ਹਵਾਈ ਜਾਜ਼ ਥੱਲ੍ਹੇ ਸਿੱਟ-ਲੂੰ...'

'ਕੰਜਰਾ ਘਰੋਂ ਕੋਈ ਡਾਂਗ, ਸੋਟੀ ਲੈ ਕੇ ਆਉਂਦਾ, ਨਿਹੱਥੇ ਬੰਦੇ ਤਾਂ ਵੈਰੀ ਦੇ ਦਿਲ ਵਿੱਚ ਜੇਰਾ ਪੈਦਾ ਕਰਦੇ ਨੇ...'

ਭੋਲੇ ਨੇ ਆਸੇ ਪਾਸੇ ਸੋਟਾ ਜਾਂ ਕੋਈ ਡਾਂਗ ਲੱਭਣ ਲਈ ਵੇਖਿਆ ਤਾਂ ਉਹਦੀ ਨਜ਼ਰ ਗਾਂਧੀ ਦੇ ਬੁੱਤ 'ਤੇ ਪਈ। ਉਹਨੇ ਦੋ ਪੌੜੀਆਂ ਚੜ੍ਹ ਕੇ, ਜਿੰਨ੍ਹਾਂ 'ਤੇ ਚੜ੍ਹ ਕੇ ਬੁੱਤ ਦੀ ਸਾਫ਼-ਸਫ਼ਾਈ ਹੁੰਦੀ ਸੀ, ਗਾਂਧੀ ਦੇ ਹੱਥ ਵਿੱਚ ਫੜੀ ਡਾਂਗ ਖਿੱਚ ਕੇ ਆਪਣੇ ਕਾਬੂ ਵਿੱਚ ਕਰ ਲਈ।

ਪਰ ਬੁੱਤ ਦੀ ਇੱਕ ਉਂਗਲ ਇਸ ਡਾਂਗ ਨਾਲ਼ ਟੁੱਟ ਕੇ ਲੱਗੀ ਆਈ।

'ਲੈ ਹੁਣ ਆਉਣ-ਦੀਂ ਜੇੜ੍ਹਾ ਵੀ ਆਉਂਦਾ, ਮਿੱਝ ਕੱਢ ਕੇ ਮੋੜਾਂਗੇ...'

'ਜਿਹੜੀ ਡਾਂਗ ਗਾਂਧੀ ਨੇ ਸਾਰੀ ਉਮਰ ਨੀ ਕਿਸੇ ਦੇ ਮਾਰੀ ਉਹਦੇ ਨਾਲ਼ ਹੁਣ ਤੂੰ ਲੜਾਈ ਕਰਦਾ ਚੰਗਾ ਲੱਗੇਂਗਾ... ਸ਼ਰਮ ਕਰ...' ਰਾਣੇ ਨੇ, ਜੋ ਮੁੱਛਾਂ ਤਾਂ ਰੱਖਦਾ ਸੀ, ਪਰ ਦਾੜ੍ਹੀ ਜਵਾਂ ਸ਼ੇਵ ਕਰ ਕੇ ਰੱਖਦਾ, ਆਪਣਾ ਰੋਸਾ ਵਿਖਾ ਦਿੱਤਾ।

'ਜੇ ਗਾਂਧੀ ਨੇ ਡਾਂਗ ਵਰਤੀ ਹੁੰਦੀ ਤਾਂ ਆਪਾਂ ਨੂੰ ਅੱਜ ਆ ਵੇਲ਼ਾ ਨਾ ਵੇਖਣਾ ਪੈਂਦਾ, ਸੀ ਕਿਸੇ ਦੀ ਹਿੰਮਤ ਕਿ ਗ਼ਰੀਬ-ਮਜ਼ਲੂਮ 'ਤੇ ਵਾਧਾ ਕਰ ਕੇ ਧੱਕਾ ਕਰਦੇ... ਬਾਲ੍ਹੋਆਂ ਗੱਲਾਂ ਨਾ ਕਰੇ, ਅੱਗੋਂ ਦੱਸੇ ਕੀਹਦੇ ਸਿਰ ਮਧਾਨੀ ਚੀਰਾ ਪਾਉਣਾ...?'

ਜਦੋਂ ਸਾਰੇ ਰਸਤੇ ਸਾਫ਼ ਹੋ ਗਏ ਤਾਂ ਸ਼ੇਰੇ ਦੇ ਇਸ਼ਾਰੇ 'ਤੇ ਉਹ ਬੁੱਤ ਪਿੱਛੋਂ ਨਿਕਲ਼ ਕੇ ਕੁਝ ਚਿਰ ਤਾਂ ਖੜ੍ਹੇ ਰਹੇ। ਫਿਰ ਸਾਹਮਣੀ ਸੜਕ ਪੈ ਗਏ, ਜੋ ਸ਼ਹਿਰੀ ਮੁਹੱਲੇ ਵਿੱਚ ਜਾ ਵੜਦੀ ਸੀ। ਸਾਰੇ ਸ਼ਹਿਰ ਦੇ ਲੋਕ ਮਾਹੌਲ ਬੁਰਾ ਵੇਖ ਕੇ, ਡਰਦੇ ਹੋਏ ਆਪਣੇ ਘਰਾਂ ਨੂੰ ਤਾਲੇ ਲਗਾ ਕੇ ਰਿਸ਼ਤੇਦਾਰਾਂ ਕੋਲ਼ ਚਲੇ ਗਏ। ਕੁੱਝ ਦੂਜੇ ਸੂਬੇ ਵਿੱਚ ਜਾ ਕੇ ਹੋਟਲਾਂ ਵਿੱਚ ਰਹਿਣ ਲੱਗ ਪਏ, ਜਿੱਥੇ ਜਾਤ ਬਰਾਦਰੀ ਦਾ ਨਾਮ ਨਿਸ਼ਾਨ ਨਹੀਂ ਸੀ।

ਪਰ ਫਿਰ ਵੀ ਉਹਨਾਂ ਦੀ ਧੁਰ-ਆਤਮਾ ਸ਼ਹਿਰ ਵਿੱਚ ਸੀ।

ਫ਼ਿਕਰ ਸੀ ਕਿਤੇ ਘਰਾਂ ਦਾ ਨੁਕਸਾਨ ਨਾ ਹੋ ਜਾਵੇ।

ਉਹ ਘਰ ਜੀਹਨੂੰ ਬਣਾਉਂਦਿਆ ਸਾਰੀ ਉਮਰ ਗਾਲ਼ ਦਿੱਤੀ ਸੀ!!

ਜੋ ਸੁਪਨਿਆਂ ਵਿੱਚ ਵੇਖਿਆ ਸੀ...!!

ਛੋਟੀ ਨੇ ਆਪਣੇ ਹੱਥ ਵਿੱਚ ਫੜ੍ਹੇ ਪੱਥਰ ਨਾਲ਼ ਸੜਕ 'ਤੇ ਜਗਦੀ ਲਾਇਟ ਦੇ ਨਿਸ਼ਾਨਾ ਲਾਇਆ। ਬੱਲਬ ਟੁੱਟ ਗਿਆ। ਤਾਰਾਂ ਵਿੱਚੋਂ ਚੰਗਿਆੜੇ ਨਿਕਲ਼ਣ ਲੱਗ ਪਏ ਤੇ ਚਾਨਣ ਹੋਣ ਲੱਗ ਪਿਆ।

ਸ਼ੇਰੇ ਨੇ ਆਪਣੇ ਸਾਥੀਆਂ ਤੋਂ ਚੋਰੀ ਡੱਬ ਵਿੱਚ ਦੱਬੇ ਦੇਸੀ ਕੱਟੇ 'ਤੇ ਹੱਥ ਧਰਿਆ ਤਾਂ ਵੱਡੇ ਹੋਣ ਦਾ ਅਹਿਸਾਸ ਹੋਇਆ। ਉਪਰ ਨਿਗਾਹ ਮਾਰਦੇ ਹੋਇਆਂ ਘਰਾਂ ਵੱਲ ਵੇਖਿਆ ਤਾਂ ਉਹਨਾਂ ਨੂੰ ਖਿੜਕੀ ਦੇ ਸ਼ੀਸ਼ੇ ਨਾਲ਼ ਲੱਗੀ ਇੱਕ ਬੱਚੀ ਵਿਖਾਈ ਦਿੱਤੀ।

ਸਾਰੇ ਇਸ ਘਰ ਵੱਲ ਕਿਸੇ ਸਕੀਮ ਨਾਲ਼ ਵੇਖਣ ਲੱਗ ਪਏ।

'ਓਏ...' ਭੂੱਚਰੇ ਨੇ ਮੱਚਦੀ ਹੋਈ ਲੀਰ ਨੂੰ ਠੁੱਡਾ ਮਾਰਿਆ। ਖਿੜਕੀ ਵਿੱਚ ਖੜ੍ਹੇ ਪਰਿਵਾਰ ਦੀਆਂ ਅੱਖਾਂ ਸਿਰਫ਼ ਇਹਨਾਂ ਦੇ ਹੱਥਾਂ ਵਿੱਚ ਫੜ੍ਹੇ ਹਥਿਆਰਾਂ 'ਤੇ ਟਿੱਕੀਆਂ ਸੀ। ਜਿਵੇਂ ਇਹੀ ਇਹਨਾਂ ਦੇ ਮੂੰਹ ਹੋਣ।

ਸ਼ੇਰੇ ਦੇ ਹੱਥ ਫੜੀ ਤਲਵਾਰ ਦੀ ਲਿਸ਼ਕੋਰ ਖਿੜਕੀ ਦੇ ਸ਼ੀਸ਼ੇ 'ਤੇ ਪਈ। ਭੂੱਚਰੇ ਦੀ ਲਲਕਾਰ ਤੇ ਅੱਖਾਂ ਦੀ ਭੈੜੀ ਤੱਕਣੀ ਵੇਖ ਕੇ ਬੱਚਾ ਡਰ ਗਿਆ। ਉਹ ਖਿੜਕੀ ਵਿੱਚੋਂ ਪਿੱਛੇ ਹੱਟਿਆ।

ਆਪਣੀ ਪੈਂਟ ਦੀ ਜੇਬ ਵਿੱਚ ਪਾਇਆ ਹੱਥ ਬਾਹਰ ਕੱਢ ਕੇ, ਮੁੱਠੀ ਖੋਲ੍ਹੀ ਤਾਂ ਉਹਦੇ ਵਿੱਚ ਫੜ੍ਹੇ ਦਸਾਂ ਦੇ ਸਿੱਕੇ ਦਾ ਨਿਸ਼ਾਨ ਹੱਥ ਵਿੱਚ ਛਪਿਆ ਪਿਆ ਸੀ।

ਉਹਨੇ ਖਿੜਕੀ ਦਾ ਸ਼ੀਸ਼ਾ ਸਰਕਾ ਕੇ ਆਪਣਾ ਹੱਥ ਬਾਹਰ ਕੱਢ ਕੇ ਜ਼ੋਰ ਨਾਲ਼ ਉਹਨਾਂ ਵੱਲ ਆਪਣਾ ਸਿੱਕਾ ਸੁੱਟ ਦਿੱਤਾ। ਸਿੱਕਾ ਸੜਕ 'ਤੇ ਰੁੜਦਾ ਤੇ ਬੁੜਕਦਾ ਹੋਇਆ ਢੂੰਚਰੇ ਦੇ ਪੈਰਾਂ ਵਿੱਚ ਆ ਵੱਜਿਆ।

ਬੱਚੇ ਵੱਲ ਕਿਸੇ ਨੇ ਵੀ ਨੀਵੀਂ ਉਤਾਂਹ ਚੱਕ ਕੇ ਨਹੀਂ ਸੀ ਵੇਖਿਆ, ਵੇਖਦੇ ਵੀ ਕਿਵੇਂ ਹਿੰਮਤ ਹੀ ਨਹੀਂ ਸੀ ਪਈ। ਜਿਵੇਂ ਉਹਨਾਂ ਏਸ ਸ਼ਹਿਰ ਵਿੱਚ ਕੋਈ ਗ਼ਲਤ ਸ਼ੈਅ ਲੁੱਟ ਲਈ...!!

ਸ਼ੇਰੇ ਨੇ ਸ਼ਰਮਸ਼ਾਰ ਹੁੰਦੀਆਂ, ਸਿੱਕਾ ਚੱਕ ਕੇ ਮੁੜ ਜਵਾਕ ਵੱਲ ਸੁੱਟਿਆ ਤਾਂ ਉਹ ਖਿੜਕੀ ਦੇ ਸ਼ੀਸ਼ੇ ਨਾਲ਼ ਟਕਰਾ ਕੇ ਧਰਤੀ 'ਤੇ ਆ ਡਿੱਗਿਆ।

ਬੱਚੇ ਦੇ ਹੱਥ ਵਿੱਚ ਬੁਗਨੀ ਸੀ, ਜੀਹਦੇ ਵਿੱਚੋਂ ਉਹ ਇੱਕ ਸਿੱਕਾ ਕੱਢ ਕੇ ਤੁਰੇ ਜਾਂਦੇ ਲੋਕਾਂ ਵੱਲ ਸੁੱਟ ਦਿੰਦਾ ਸੀ...!!

□ □ □

ਸ਼ਹਿਰ ਵਿੱਚ ਥਾਂ-ਥਾਂ ਬਲਦੀ ਅੱਗ ਦਾ ਧੂੰਆਂ ਹਵਾ ਦੇ ਰੁਖ਼ ਨਾਲ਼ ਧਰਤੀ ਨਾਲ਼ ਖਹਿੰਦਾ ਪਿੰਡਾਂ ਵੱਲ ਆ ਗਿਆ। ਲੋਕਾਂ ਦਾ ਦਮ ਘੁੱਟਣ ਲੱਗ ਪਿਆ ਸੀ ਪਰ ਪਾਲੇ ਤੋਂ ਡਰਦਾ ਮਾਰਿਆ ਕੋਈ ਵੀ ਉੱਠ ਕੇ ਬਾਹਰ ਨਹੀਂ ਸੀ ਆਇਆ। ਬਾਬੇ ਮਿਲਖੀ ਨੇ ਘਰ ਦੇ ਵਿਹੜੇ ਵਿੱਚ ਖੜ੍ਹ ਕੇ ਐਵੇਂ ਹੀ ਸ਼ਹਿਰ ਵੱਲ ਨਜ਼ਰ ਮਾਰ ਕੇ ਕੁੱਝ ਵੇਖਣ ਦੀ ਕੋਸ਼ਿਸ਼ ਕੀਤੀ, ਪਰ ਐਨਕ ਨਾਲ਼ ਵੀ ਉਹਨੂੰ ਤਾਂ ਸੂਰਜ ਦੇ ਛਿਪਾਅ ਤੀਕ ਦਿਸਦਾ ਸੀ। ਉਸ ਤੋਂ ਬਾਦ ਤਾਂ ਦੋ ਕਦਮਾਂ ਤੱਕ ਦੀ ਧਰਤੀ ਦਿਸਦੀ ਸੀ।

ਪਿੰਡ ਦੀ ਹਰ ਗਲ਼ੀ ਦਾ ਮੋੜ-ਨੁੱਕਰ ਚੇਤਿਆਂ ਵਿੱਚ ਵਸਿਆ ਸੀ। ਸੋ ਇੱਥੇ ਤਾਂ ਉਹ ਬਿਨਾ ਅੱਖਾਂ ਤੋਂ ਵੀ ਆ ਜਾ ਸਕਦਾ ਸੀ। ਕਦੇ ਕਦੇ ਉਹ ਕਹਿੰਦਾ ਹੁੰਦਾ, 'ਪਿੰਡ ਦੀਆਂ ਤਾਂ ਕੰਧਾਂ ਵੀ ਬੰਦੇ ਨੂੰ ਡਿੱਗਣ ਨਹੀਂ ਦਿੰਦੀਆਂ, ਆਪ ਬੋਚ ਲੈਂਦੀਆਂ'

ਇਹ ਧੂੰਏਂ ਦਾ ਬੱਦਲ ਚੌਧਰੀ ਦੀ ਹਵੇਲੀ 'ਤੇ ਲੱਗੇ ਨਜ਼ਰ ਵੱਟੂ ਨਾਲ਼ ਖਹਿੰਦਾ ਹੋਇਆ, ਵਿਹੜੇ ਵਿੱਚ ਪਏ ਚੜ੍ਹਤ ਸਿੰਘ ਦੇ ਨੱਕ ਦੀ ਕਰੂਬਲ ਨੂੰ ਛੂਹਿਆ ਤਾਂ ਉਹਦੀ ਪਟਕ ਦਿਣੇ ਅੱਖ ਖੁੱਲ ਗਈ। ਉਹ ਅੱਖ ਦੀ ਝਪਕ ਨਾਲ਼ ਮੰਜੇ 'ਤੇ ਹੀ ਪੈਰਾਂ ਭਾਰ ਹੋ ਕੇ ਬਹਿ ਗਿਆ। ਸਿਰ 'ਤੇ ਬੰਨ੍ਹੇ ਸਾਫ਼ੇ ਨਾਲ਼ ਧੂੰਏਂ ਦੇ ਬੱਦਲ ਨੂੰ ਹਵਾ ਝੱਲ ਕੇ ਖਿੰਡਾਉਣ ਦੀ ਕੋਸ਼ਿਸ਼ ਕਰਨ ਲੱਗਿਆ। ਚਾਰੇ ਪਾਸੇ ਕਾਲ਼ਾ ਧੂੰਆਂ ਗਲ਼ਿਆ ਪਿਆ ਸੀ।

ਧੁੰਦ ਨਾਲ਼ ਧੂੰਆਂ ਓਹਦੇ ਨੱਕ ਕੋਲ਼ ਦੀ ਲੰਘਣ ਲੱਗਿਆ ਤਾਂ ਉਹਨੇ ਸਾਹ ਦਾ ਫੂੰਗਰ ਮਾਰ ਕੇ ਪਰ੍ਹੇ ਕੀਤਾ। ਉਹ ਇਸੇ ਤਰ੍ਹਾਂ ਹੀ ਹੁਣ ਫੂੰਗਰ ਮਾਰਨ ਲੱਗ ਪਿਆ ਸੀ।

ਧੂੰਆਂ ਸਵਾਤ ਦੇ ਬਣੇ ਤਖ਼ਤਿਆਂ ਦੀਆਂ ਝੀਥਾਂ ਵਿੱਚੋਂ ਦੀ ਅੰਦਰ ਜਾਂਦਾ

ਉਹਨੂੰ ਵਖਾਈ ਦਿੱਤਾ ਤਾਂ ਉਹਨੇ ਆਪਣਾ ਖੇਸ ਉਤਾਰ ਕੇ, ਤਖ਼ਤੇ 'ਤੇ ਪਾ ਕੇ ਫੇਰ ਅਰਲ ਅੜਾ ਦਿੱਤੀ।

ਸ਼ਹਿਰ ਵਾਲੇ ਪਾਸਿਉਂ ਗੋਲ਼ੀ ਚੱਲਣ ਦੀ ਅਵਾਜ਼ ਆਈ ਤਾਂ ਉਹ ਭੱਜ ਕੇ ਅੰਬ-ਪੁੱਤ ਦੇ ਮੁੱਢ ਨੂੰ ਜੱਫਾ ਪਾ ਕੇ ਦੋ ਕੁ ਫੁੱਟ ਉੱਪਰ ਚੜ੍ਹ ਗਿਆ ਤੇ ਅਕਾਸ਼ ਨੂੰ ਅੱਗ ਦੇ ਚਾਨਣ ਕਰ ਕੇ ਗੇਰੂਆ ਹੁੰਦਾ ਤੱਕਿਆ। ਉਹਨੇ ਥੱਲ੍ਹੇ ਉਤਰ ਕੇ ਮੜ੍ਹੀ 'ਤੇ ਬਣਾਏ ਪੁੱਤ ਦੇ ਚਿਹਰੇ ਨੂੰ ਚੰਗੀ ਤਰ੍ਹਾਂ ਚੁੰਮਿਆ ਤੇ ਚਾਕ ਨਾਲ਼ ਉਹਦੀਆਂ ਅੱਖਾਂ ਵੱਡੀਆਂ ਕਰ ਕੇ ਵਾਹ ਦਿੱਤੀਆਂ, 'ਨਿਗਾਹ ਰੱਖੀ ਸ਼ੇਰਾ...'

ਤੇ ਫਿਰ ਉਹਦੇ ਦਿਲ ਵਿੱਚ ਰਾਣੀ ਨੂੰ ਕੱਲ੍ਹਿਆਂ ਛੱਡ ਕੇ ਜਾਣਾ ਠੀਕ ਨਹੀਂ ਲੱਗਿਆ... ਤਾਂ ਉਹਨੇ ਅੰਬ ਨਾਲ਼ੋਂ ਇੱਕ ਪੱਤਾ ਤੋੜ ਕੇ, ਸੁਆਤ ਵਿੱਚ ਪਈ ਰਾਣੀ ਦੀ ਚੁੰਨੀ ਨਾਲ਼ ਬੰਨ ਕੇ ਤਸੱਲੀ ਦਿੱਤੀ, 'ਭੈਣ ਦਾ ਖ਼ਿਆਲ ਰੱਖੀਂ...'

ਕੰਧ ਨਾਲ਼ ਟੰਗੀ ਆਪਣੀ ਬੰਦੂਕ ਚੁੱਕ ਕੇ ਮੋਢੇ ਵਿੱਚ ਪਾਉਂਦਿਆਂ ਅਰਦਾਸ ਕਰਨ ਲੱਗ ਪਿਆ। ਗੁੱਟ ਵਿੱਚ ਕੜੇ ਵਾਂਙ ਚੇਪੀ ਵਾਲ਼ਾ ਰੋਲ ਪਾ ਲਿਆ। ਕਾਰਤੂਸਾਂ ਵਾਲ਼ੇ ਪਟੇ ਨੂੰ ਲੱਕ ਨਾਲ਼ ਬੰਨ੍ਹ ਕੇ ਬਾਹਰ ਖੜ੍ਹੇ ਸਾਇਕਲ 'ਤੇ ਚੜ੍ਹ ਕੇ, ਲੰਮੀ ਬਾਂਹ ਕਰ ਕੇ ਦਾਣਿਆਂ ਦੀ ਬੋਰੀ 'ਚੋਂ ਇੱਕ ਲੱਪ ਭਰ ਕੇ ਆਪਣੇ ਗੀਝੇ ਵਿੱਚ ਪਾ ਲਈ।

ਬੂਹਾ ਭੇੜ ਕੇ ਉਹਨੇ ਘਰ ਦੇ ਵੱਡੇ ਤਖ਼ਤੇ 'ਤੇ ਫਿਰ ਇੱਕ ਅੱਖ ਬਣਾ ਦਿੱਤੀ। ਉਹਦੇ ਸਾਇਕਲ ਦੇ ਚੈਨ ਦੀ 'ਚੀਂ-ਚੀਂ' ਦੀ ਅਵਾਜ਼ ਟਿਕੀ ਰਾਤ ਵਿੱਚ ਦੂਰ ਤੀਕ ਸੁਣਾਈ ਦਿੰਦੀ। ਸਾਹਾਂ ਦੀ ਢੂੰਗਰ ਹਰ ਸਾਹ ਨਾਲ਼ ਵੱਜਦੀ।

ਹੂੰਅ-ਹੂੰਅ..!!

ਹੂੰਅ.....!ਹੂੰਅ...!!ਹੂੰਅ...!!!

ਤੇ ਚੈਨ ਦੀ ਖਰੜ-ਖਰੜ ਦੀ ਰੁਲਵੀਂ ਅਵਾਜ਼ ਨਾਲ਼ ਉਹਨੂੰ ਸ਼ਹਿਰ ਵੜਦਿਆਂ ਸਾਰ ਹੀ ਬਲਦੀ ਅੱਗ ਮੱਥੇ ਲੱਗੀ। ਅੱਗ ਰੇੜ੍ਹੀ ਨੂੰ ਤਾਂ ਸਾੜ ਚੁੱਕੀ ਸੀ ਪਰ ਉਹਦੇ ਟਾਇਰਾਂ ਵਿੱਚ ਅਜੇ ਵੀ ਅੱਗ ਬਲਦੀ ਪਈ ਸੀ। ਸਾਈਕਲ ਨੂੰ ਸੜਕ 'ਤੇ ਲੰਮਾ ਪਾ ਕੇ ਉਹਨੇ ਹੱਥਾਂ ਦੀਆਂ ਨਹੁੰਦਰਾਂ ਨਾਲ਼ ਮਿੱਟੀ ਖੁਰਚ ਕੇ ਪੱਟੀ ਤੇ ਬੁਕ ਭਰ-ਭਰ ਕੇ ਅੱਗ ਉੱਤੇ ਪਾਉਣ ਲੱਗ ਪਿਆ।

ਅੱਗ ਬੁਝਾਉਂਦਿਆਂ ਉਹਨੂੰ ਕਾਫ਼ੀ ਨਿੱਘ ਵੀ ਮਹਿਸੂਸ ਹੋਇਆ।

ਠੰਢ ਨਾਲ਼ ਠਰੇ ਅੰਗਾਂ ਵਿੱਚ ਜੰਮਿਆ ਲਹੂ ਪੰਘਰ ਕੇ ਫਿਰ ਤੁਰਨ ਲੱਗਿਆ। ਸਰੀਰ ਨੂੰ ਤਾਂ ਭਾਵੇਂ ਕਾਫ਼ੀ ਰਾਹਤ ਮਿਲੀ ਪਰ ਚਿੱਤ ਅੱਗੇ ਨਾਲ਼ੋਂ ਹੋਰ ਵੀ ਬੈਚੇਨ ਹੋ ਗਿਆ।

ਇੱਥੋਂ ਉਹ ਸਾਈਕਲ ਚੁੱਕ ਕੇ ਅਗਲੇ ਮੋੜ ਤੇ ਆਇਆ ਤਾਂ ਇੱਥੇ ਵੀ ਸਕੂਟਰ ਨੂੰ ਅੱਗ ਲੱਗੀ ਪਈ। ਕੋਲ਼ ਬੱਚਿਆਂ ਦੇ ਖੇਡਣ ਵਾਲ਼ੇ ਖਿਡੌਣੇ ਵੀ ਬਲਦੇ ਪਏ ਸੀ। ਉਹਨੇ ਸਾਈਕਲ ਨੂੰ ਟੇਢਾ ਕਰ ਕੇ ਖੰਬੇ ਨਾਲ਼ ਲਾਇਆ ਤੇ ਕੋਲ਼ ਵਗਦੀ

ਗੰਦੇ ਪਾਣੀ ਦੀ ਨਾਲ਼ੀ, ਜੀਹਦੇ ਵਿੱਚ ਪਾਣੀ ਕਾਫ਼ੀ ਨਿਤਰਿਆ ਸੀ, ਬੁੱਕਾਂ ਨਾਲ਼ ਦੂਰੋਂ ਹੀ ਅੱਗ 'ਤੇ ਛਿੜਕਾ ਕਰ ਕੇ ਬੁਝਾ ਦਿੱਤਾ।

ਉਹਦਾ ਪਾਣੀ ਛੱਟਦੇ ਦਾ ਜ਼ੋਰ ਲੱਗਣ ਕਰਕੇ ਸਾਹ ਫੁੱਲ ਗਿਆ ਸੀ। ਗੋਡਿਆਂ 'ਤੇ ਹੱਥ ਧਰ ਕੇ ਆਪਣਾ ਦਮ ਟਿਕਾਣੇ ਕੀਤਾ ਤਾਂ ਬੰਦੂਕ ਉਹਦੇ ਮੋਢੇ 'ਚ ਨਿਕਲ਼ ਕੇ ਕੂਹਣੀ ਦੇ ਜੋੜ ਵਿੱਚ ਆ ਪਈ। ਬੰਦੂਕ ਫੇਰ ਟਿਕਾਣੇ ਸਿਰ ਕਰ ਕੇ ਆਪਣੇ ਗੋਡਿਆਂ ਵੱਲ ਵੇਖਿਆ ਤਾਂ ਉਹਦੇ ਗਿੱਲੇ ਹੱਥਾਂ ਨਾਲ਼ ਪਜਾਮੇ 'ਤੇ ਛਾਪਾ ਲਹਿ ਗਿਆ।

ਉਹਦੇ ਅੰਦਰ ਬੈਂਕ ਦਾ ਖ਼ਿਆਲ ਆਇਆ ਤਾਂ ਉਹਨੇ ਸਾਈਕਲ ਖੰਬੇ ਨਾਲੋਂ ਚੁੱਕਦਿਆਂ ਉੱਪਰ ਕਰ ਕੇ ਲੱਗਿਆ ਲੀਡਰਾਂ ਦਾ ਪੋਸਟਰ ਵੇਖਿਆ ਤਾਂ ਕਚੀਚੀ ਲਏ ਬਿਨਾ ਰਹਿ ਨਾ ਸਕਿਆ, 'ਕਦੇ ਕਦੇ ਤਾਂ ਸੋਡੇ ਵੱਲ ਵੇਖ ਕੇ ਲੱਗਦਾ, ਦੇਸ਼ ਦੀ ਅਜ਼ਾਦੀ ਲੈਣ ਲਈ ਜੇੜ੍ਹੇ ਬੰਦੇ ਸੱਚੀ ਨੀਤ ਨਾਲ਼ ਲੜੇ ਸੀ, ਉਹ ਤਾਂ ਸ਼ਹੀਦ ਹੋ ਗਏ ਐ ... ਬਾਕੀ ਤਾਂ ਸਾਡੇ ਏਸ ਮੁਲਖ 'ਤੇ ਆਵਦਾ ਰਾਜ ਕਰਨ ਲਈ ਹੀ ਧਰਨੇ ਲਾਉਂਦੇ ਰਹੇ ਨੇ ...'

ਉਹਦੀ ਨਜ਼ਰ ਜਦ ਫੇਰ ਬੈਂਕ ਵੱਲ ਜਾਂਦੇ ਰਾਹ ਵੱਲ ਗਈ ਤਾਂ ਉੱਥੇ ਕਿੰਨੀ ਹੀ ਥਾਵਾਂ 'ਤੇ ਅੱਗ ਬਲਦੀ ਪਈ ਸੀ। ਉਹ ਇਸ ਅੱਗ ਕੋਲ਼ ਦੀ ਸਾਈਕਲ 'ਤੇ ਟੱਲੀ ਮਾਰਦਾ ਹੋਇਆ ਅੱਗੇ ਲੰਘ ਗਿਆ। ਫਿਰ ਉਹਨੇ ਟੱਲੀ ਵਜਾਉਣੀ ਬੰਦ ਕਰ ਦਿੱਤੀ। ਇੱਥੇ ਕੋਈ ਸੀ ਹੀ ਨਹੀਂ, ਸਿਵਾਏ ਅਵਾਰਾ ਕੁੱਤਿਆਂ ਦੇ।

ਕੁਝ ਬੰਦਿਆਂ ਦੀਆਂ ਜ਼ੋਰ ਲੱਗਣ ਦੀਆਂ ਅਵਾਜ਼ਾਂ ਆ ਰਹੀਆਂ ਸੀ। ਇੱਕ ਕੁੜੀ, ਜੋ ਉਹਨਾਂ ਦੀ ਪਕੜ ਵਿੱਚੋਂ ਖ਼ੁਦ ਨੂੰ ਬਚਾਉਣ ਲਈ ਆਪਣੀ ਹਰ ਕੋਸ਼ਿਸ਼ ਕਰਦੀ ਪਈ ਸੀ, ਪਰ ਸਫ਼ਲ ਨਹੀਂ ਹੋ ਰਹੀ। ਜਦੋਂ ਕਦੇ ਥੋੜ੍ਹਾ ਬਹੁਤਾ ਉਹਦੇ ਮੂੰਹ ਤੋਂ ਹੱਥ ਪਾਸੇ ਹੁੰਦਾ, ਉਹਦੀ ਚੀਖ਼ ਬਾਹਰ ਆਉਂਦੀ। ਪਰ ਗਲ਼ ਦੀਆਂ ਰਗਾਂ ਬੈਠਣ ਕਰਕੇ ਚੀਖ਼ ਨਹੀਂ ਸੀ ਵੱਜਦੀ।

ਚੜ੍ਹਤ ਸਿੰਘ ਦੇ ਸਾਈਕਲ ਦੀ ਚੈਨ ਲੱਥ ਗਈ ਤਾਂ ਉਹਨੇ ਮੱਡਗਾਰਡ ਨਾਲ਼ ਪੈਰ ਦੱਬ ਕੇ ਰੋਕ ਲਿਆ। ਪੱਕ ਚੁੱਕੀ ਆਦਤ ਮੁਜਬ ਪੂਰੀ ਸ਼ੱਕੀ ਨਿਗਾਹ ਨਾਲ਼ ਚਾਰੇ ਪਾਸੇ ਵੇਖਿਆ ਤੇ ਹੂੰਗਰ ਮਾਰਦੇ ਨੇ ਆਪਣੇ ਖੱਬੇ ਮੋਢੇ ਦੇ ਗਾਤਰੇ ਪਾਈ ਬੰਦੂਕ ਲਾਹ ਕੇ, ਕਾਰਤੂਸਾਂ ਵਾਲ਼ਾ ਪਟਾ ਲੱਕ ਨਾਲੋਂ ਖੋਲ੍ਹ ਕੇ ਜਦ ਗਲ਼ ਵਿੱਚ ਪਾਉਣ ਲੱਗਿਆ ਤਾਂ ਬਦਮਾਸ਼ਾਂ ਵਿੱਚੋਂ ਇੱਕ ਨੇ ਕਾਹਲ ਨਾਲ਼ ਰੌਲਾ ਪਾਇਆ, 'ਭਾਜੋ ... ਭੱਜੋ ... ਨਹੀਂ ਮਾਰੇ ਜਾਵਾਂਗੇ ... ਇਹਤੋਂ ਪਹਿਲਾਂ ਗੋਲ਼ੀ ਚਲਾਵੇ ...'

ਉਹ ਸਾਰੇ ਖੋਖੇ ਵਿੱਚੋਂ ਨਿਕਲ਼ ਕੇ ਬਾਹਰ ਨੂੰ ਭੱਜ ਗਏ।

ਹਨੇਰੇ ਵਿੱਚ ਗੁੰਮ ਹੋ ਗਏ ਕਿਤੇ ਉਹਨਾਂ ਦਾ ਨਿਸ਼ਾਨਾ ਨਾ ਸੇਧ ਲਵੇ।

ਕੁੜੀ ਆਪਣੇ ਸੂਟ ਦੇ ਵਲ ਕੱਢਦੀ ਹੋਈ ਬਾਹਰ ਆ ਕੇ ਖੜ੍ਹ ਗਈ।

ਉਹਨੇ ਸਾਇਕਲ ਦੀ ਗਰਾਰੀ ਨੂੰ ਪੁੱਠਾ ਘੁੰਮਾ ਕੇ ਚੈਨ ਚਾੜ੍ਹ ਲਈ ਤੇ ਅੱਗੇ

ਜਾਣ ਲਈ ਹੁਣ ਤੂਰ ਕੇ ਹੀ ਜਾਣ ਦਾ ਇਰਾਦਾ ਕਰ ਲਿਆ। ਖਿੱਲਰੇ ਵਾਲਾਂ ਨਾਲ਼ ਰੋਂਦੀ ਕੁੜੀ ਨੇ ਸਲਵਾਰ ਨੂੰ ਹੱਥ ਪਾਇਆ ਸੀ। ਨਾਲਾ ਟੁੱਟ ਗਿਆ ਸੀ। ਉਹਨੇ ਸ਼ੁਕਰ ਅਦਾ ਕਰਨ ਦੇ ਲਹਿਜ਼ੇ ਨਾਲ਼ ਗੱਲ੍ਹਾਂ ਤੇ ਸੁੱਕ ਚੁੱਕੇ ਹੰਝੂਆਂ ਨੂੰ ਪੂੰਝਦਿਆਂ, 'ਰੱਬਾ ਭਲਾ ਹੋਵੇ ਤੇਰਾ, ਦਾਤਿਆ ਮੇਰੀ ਆ-ਬ-ਰੂ ਬਚਾਈ ਐ...'

ਕੁੜੀ ਏਨਾ ਆਖਦੀ ਹੋਈ, ਪੁਲੀਸ ਦੀ ਜੀਪ ਨੂੰ ਲੱਗੇ ਸਾਇਰਨ ਨੂੰ ਸੁਣਦਿਆਂ ਹੀ, ਉੱਧਰ ਭੱਜ ਪਈ, ਕਿਤੇ ਫੇਰ ਨਾ ਐਸੀ ਅਣਹੋਣੀ ਬੀਤ ਜਾਵੇ।

ਸਾਇਕਲ ਨੂੰ ਆਪਣੇ ਨਾਲ਼ ਤੇਜ਼ੀ ਨਾਲ਼ ਭਜਾ ਕੇ ਬੈਂਕ ਵੱਲ ਆਉਂਦੇ ਦੇ ਦਿਮਾਗ਼ ਵਿੱਚ ਚਾਨਣ ਦੀ ਲੀਕ ਵਾਂਙ ਇਹ ਵਿਚਾਰ ਲਿਸ਼ਕਦਾ ਰਿਹਾ, 'ਚੈਨ ਚਾੜ੍ਹਨ ਨਾਲ਼ ਕੁੜੀ ਦੀ ਇੱਜ਼ਤ ਕਿਵੇਂ ਬੱਚ-ਗੀ...'

ਬੈਂਕ ਅੱਗੇ ਲਟਕ ਰਹੇ ਆਪਣੇ ਨੋਟਿਸ, 'ਜੀਹਦੇ 'ਤੇ ਕਾਲ਼ੇ ਅੱਖਰਾਂ ਵਿੱਚ ਲਿਖਿਆ ਸੀ, 'ਇੱਥੇ ਗਾਰਡ ਦੀ ਲੋੜ ਹੈ...' ਉਹਨੂੰ ਸਹੀ ਕਰਕੇ ਚੇਪੀ ਨਾਲ਼ ਫੇਰ ਚਮੇੜ ਦਿੱਤਾ। ਸਾਈਕਲ ਨੂੰ ਕੰਧ ਨਾਲ਼ ਟੇਢਾ ਲਗਾ ਕੇ ਉਹ ਨੇ ਆਪਣੀ ਜੇਬ ਵਿੱਚੋਂ ਦਾਣਿਆਂ ਦੀ ਲੱਪ ਕੱਢ ਕੇ, ਰੋਸ਼ਨਦਾਨ ਵਿੱਚ ਅਰਾਮ ਨਾਲ਼ ਸੁੱਤੇ ਪਏ ਕਬੂਤਰਾਂ ਨੂੰ ਪਾਈ। ਕਿਸੇ ਮੋਹ ਤੇ ਪਿਆਰ ਨਾਲ਼ ਚੋਗਾ ਪਾਉਣ ਦਾ ਧੰਨਵਾਦ ਕਰਨ ਲਈ ਥੋੜ੍ਹਾ ਗੁਟਕੇ।

ਬੈਂਕ ਦੇ ਸ਼ਟਰ ਨੂੰ ਲੱਗੇ ਵੱਡੇ-ਵੱਡੇ ਦੋ ਜਿੰਦਰੇ ਵੇਖ ਉਹਨੇ ਬਾਹਰ ਬੈਂਚ 'ਤੇ ਬੈਠਣਾ ਹੀ ਠੀਕ ਸਮਝਿਆ, ਪਰ ਫਿਰ ਹਾਲਾਤ ਵੇਖ ਕੇ ਨਾਲ਼ ਬਣਾਏ ਪਿਸ਼ਾਬ ਘਰ ਦੀਆਂ ਕੰਧਾਂ ਦੀਆਂ ਇੱਟਾਂ ਨਾਲ਼ ਜਿੰਦਰੇ ਤੋੜਨ ਦੀ ਕੋਸ਼ਿਸ਼ ਕਰਨ ਲੱਗਿਆ।

ਤੇਰਾਂ ਇੱਟਾਂ ਦਾ ਐਨ ਜਵਾਂ ਚੂਰਾ ਹੋ ਗਿਆ ਸੀ। ਬੱਜਰੀ ਬਣ ਗਈ ਇਹ ਜਿੰਦਰਿਆਂ ਨੂੰ ਤੋੜਦਿਆਂ। ਉਹਨੇ ਥੱਲੇ ਪਈ ਬੱਜਰੀ ਨੂੰ ਬੜੇ ਹੀ ਗਹੁ ਨਾਲ਼ ਵੇਖਿਆ ਤਾਂ ਯਾਦ ਆਇਆ, ਐਸੀ ਬੱਜਰੀ ਕੁੱਟ ਕੇ ਚੌਧਰੀ ਦੀ ਹਵੇਲੀ ਦੀਆਂ ਨੀਹਾਂ ਵਿੱਚ ਦੱਬੀ ਸੀ।

ਉਦੋਂ ਉਹਦੀ ਉਂਗਲ ਦਾ ਨਹੁੰ ਵੱਢ ਕੇ ਥੱਲੇ ਹੀ ਦੱਬਿਆ ਗਿਆ ਸੀ।

ਜਦੋਂ ਵੀ ਉਹਦਾ ਬਿਨ ਨਹੁੰ ਵਾਲ਼ੀ ਉਂਗਲ ਵੱਲ ਧਿਆਨ ਜਾਂਦਾ ਤਾਂ ਨੀਂਹ ਦੀ ਬੱਜਰੀ ਚੇਤੇ ਆਉਂਦਿਆਂ ਹੀ ਦੰਦ ਕਰੀਚੇ ਜਾਂਦੇ ਸੀ।

□ □ □

'ਇਉਂ ਸੜਕਾਂ 'ਤੇ ਹਰਲ-ਹਰਲ ਕਰਦਿਆਂ ਨੂੰ ਤਾਂ ਕਾਰੂੰ ਦਾ ਖ਼ਜ਼ਾਨਾ ਨਹੀਂ ਹੱਥੀਂ ਲੱਗਣਾ, ਆਪ ਈ ਕਿਸੇ ਦੇ ਘਰ ਵੜ ਕੇ ਹਿੰਮਤ ਮਾਰਨੀ ਪੈਣੀ ਐਂ, ਇਉਂ ਤਾਂ ਆਪਾਂ ਭਾਵੇਂ ਨਿੱਤ ਈ ਆਜਿਆ ਕਰੀਏ...' ਜੱਸੇ ਨੇ ਤੁਰੇ ਜਾਂਦੇ ਸਾਥੀਆਂ ਦਾ ਰਾਹ ਘੇਰ ਕੇ ਆਪਣੇ ਦਿਲ ਦੀ ਚਿੰਤਾ ਬਿਆਨ ਕੀਤੀ।

'ਹਾਂ, ਹਿੰਮਤ ਤਾਂ ਕਰਨੀ ਪਊਗੀ...'

'ਤੇ ਹੋਰ ਜਿੰਨੇ ਪੈਸੇ ਆਪਾਂ ਡਾਇਰੀ ਤੇ ਲਿਖੇ ਉਨੇ ਦਵਾ-ਦਵ ਲੁੱਟ ਕੇ ਘਰ ਨੂੰ ਤੁਰਦੇ ਹੋਈਏ... ਕਿਵੇਂ ਕਰੀਏ ਫੇਰ...?' ਭੋਲਾ ਵੀ ਭੀੜ ਵਿੱਚੋਂ ਬਾਹਰ ਆ ਕੇ ਜੱਸੇ ਨਾਲ਼ ਖੜ੍ਹ ਗਿਆ।

'ਰਾਇ ਨਾਲ਼ ਚੱਲਣਾ ਪੈਣਾਂ...' ਹਰਵੰਤ ਵੀ ਮੂੰਹ 'ਤੇ ਲਿਆ ਮੜਾਸਾ ਸਹੀ ਕਰਦਾ ਭੋਲੇ ਨਾਲ਼ ਆ ਕੇ ਹਿੱਕ ਤਾਣ ਕੇ ਖੜ੍ਹ ਗਿਆ।

ਇਹਨਾਂ ਤਿੰਨਾਂ ਦੀਆਂ ਨਜ਼ਰਾਂ ਸਾਹਮਣੇ ਖੜ੍ਹੇ ਆਪਣੇ ਸਾਥੀਆਂ ਦੇ ਚਿਹਰੇ 'ਤੇ ਵਾਰ-ਵਾਰ ਗਈਆਂ। ਦੋ ਸਕਿੰਟ ਹਰ ਚਿਹਰੇ ਵੱਲ ਤਿਰਛੀ ਤੀਖ਼ਣਤਾ ਨਾਲ਼ ਵੇਖਦੀਆਂ ਹੋਈਆਂ ਅੰਤ ਸ਼ੇਰੇ ਦੇ ਮੂੰਹ 'ਤੇ ਆ ਕੇ ਰੁੱਕ ਗਈਆਂ। ਜਦ ਵਾਰੋ-ਵਾਰੀ ਸਾਰੇ ਸ਼ੇਰੇ ਅੱਗੇ ਆ ਕੇ ਖੜ੍ਹ ਗਏ ਤਾਂ ਉਹਨੇ ਆਪਣੇ ਪਿੱਛੇ ਕਿਸੇ ਨੂੰ ਵੀ ਨਾ ਵੇਖਦਿਆਂ, 'ਇੱਕੋ ਰਾਹ ਈ ਐ...'

'ਕਿਹੜਾ...?'

'ਸੋਨੂੰ ਪਤਾ ਈ ਐ...' ਉਹਨੇ ਆਪਣੇ ਹੱਥ ਵਿੱਚ ਸੜਕ 'ਤੇ ਖਿੱਲਰੇ ਪੱਥਰ ਚੁੱਕ ਕੇ ਸਾਹਮਣੇ ਉਸਰੀ ਵੱਡੀ ਸਫ਼ੈਦ ਕੋਠੀ ਵੱਲ ਚਲਾਵਾਂ ਮਾਰ ਦਿੱਤਾ। ਫਿਰ ਬਿਨਾ ਕੁਝ ਸੋਚੇ ਸਮਝੇ ਹੀ ਸਾਰਿਆਂ ਨੇ ਦੋ-ਦੋ ਡਲੇ ਉਸ ਘਰ ਵੱਲ ਚਲਾ ਮਾਰੇ। ਕੰਧਾਂ 'ਤੇ ਲੱਗੇ ਵੱਡੇ-ਵੱਡੇ ਸ਼ੀਸ਼ੇ ਤੜਕ ਕਰ ਕੇ ਟੁੱਟ ਗਏ। ਅੱਗੋਂ ਕਿਸੇ ਦੀ ਕੋਈ ਨਾ ਅਵਾਜ਼ ਆਈ ਤੇ ਨਾ ਹੀ ਕੋਈ ਗੋਲ਼ੀ ਚੱਲਣ ਦੀ ਸ਼ੋਰ ਸੁਣੀ।

ਹਨੇਰੇ ਵਿੱਚ ਲੁਕੇ ਉਹ ਵਾਰੋ-ਵਾਰੀ ਕੰਧ ਲੰਘ ਕੇ ਕੋਠੀ ਦੇ ਲਾਅਨ ਵਿੱਚ ਉੱਤਰ ਗਏ। ਕੋਠੀ ਦੇ ਮੇਨ ਦਰਵਾਜ਼ੇ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਪਰ ਨਹੀਂ ਖੁੱਲਿਆ।

'ਜਿੰਦਰਾ ਲੱਗਿਆ ਹੋਣਾ...'

'ਦੀਂਹਦਾ ਤਾਂ ਹੈਨੀ ਕਿਤੇ ਵੀ...'

ਦਰਵਾਜ਼ੇ ਨਾਲ਼ ਕੰਨ ਲਗਾ ਕੇ ਅੰਦਰ ਕਿਸੇ ਦੇ ਬੋਲਣ ਤੇ ਤੁਰਨ ਦੀ ਅਵਾਜ਼ ਸੁਣਨ ਦੀ ਕੋਸ਼ਿਸ਼ ਕੀਤੀ। ਪਰ ਨਹੀਂ ਸੁਣੀ। ਅੰਦਰ ਕੋਈ ਵੀ ਨਹੀਂ, ਇਸ ਦੀ ਤਸੱਲੀ ਕਰ ਕੇ ਉਹਨਾਂ ਨੇ ਬੂਹਾ ਤੋੜਨ ਲਈ ਇਸ਼ਾਰਾ ਕਰ ਦਿੱਤਾ।

ਸਾਰੇ ਖ਼ੁਸ਼ ਸੀ!!

ਏਨੇ ਵੱਡੇ ਘਰ ਨੂੰ ਦਿਲ ਖੋਲ੍ਹ ਕੇ ਲੁੱਟਿਆ ਜਾਵੇਗਾ ਤੇ ਹੋ ਸਕਦਾ, ਜਿੰਨੀ ਰਕਮ ਉਹਨਾਂ ਨੂੰ ਚਾਹੀਦੀ ਹੈ, ਉਹ ਇੱਥੇ ਹੀ ਮੁਕੰਮਲ ਹੋ ਜਾਵੇ।

ਸ਼ੇਰਾ ਲਾਅਨ ਵਿੱਚ ਲੱਗੇ ਝੂਲੇ 'ਤੇ ਬਹਿ ਕੇ ਝੂਟੇ ਲੈਣ ਲੱਗ ਪਿਆ। ਭੂੱਚਰੇ ਨਾਲ਼ ਮਿਲ ਕੇ ਜਦ ਦੋ ਬੰਦਿਆਂ ਨੇ ਦਰਵਾਜ਼ੇ ਨੂੰ ਮੋਢੇ ਨਾਲ਼ ਜ਼ੋਰ ਮਾਰਿਆ ਤਾਂ ਅੰਦਰੋਂ ਕਿਸੇ ਦੇ ਖੰਘਣ ਦੀ ਅਵਾਜ਼ ਸੁਣ ਕੇ ਜਿੱਥੇ ਵੀ ਲੁਕਣ ਨੂੰ ਥਾਂ ਲੱਭਿਆ ਲੁਕ ਗਏ। ਜਿਵੇਂ ਕਿਸੇ ਨੇ ਅਚਾਨਕ ਸਟੇਨਗੰਨ ਨਾਲ਼ ਫ਼ਾਇਰ ਕਰ ਦਿੱਤੇ ਹੋਣ।

ਡਰ ਨਾਲ਼ ਸਾਰਿਆਂ ਦੇ ਹੱਥ ਆਪਣੀ ਛਾਤੀ 'ਤੇ ਸੀ।

ਡਰੇ ਹੋਏ ਬੰਦੇ ਅੱਗੇ ਕਿਸੇ ਦੀ ਦਲੇਰੀ ਤੇ ਬਹਾਦਰੀ ਕੰਮ ਨਹੀਂ ਕਰਦੀ। ਉਹ ਸਭ ਤੋਂ ਵੱਧ ਖ਼ਤਰਨਾਕ ਹੁੰਦਾ।

'ਓਏ.... ਬੂਹਾ ਖੋਲ੍ਹ...!' ਸ਼ੇਰੇ ਦੇ ਕਹਿਣ ਤੇ ਪੀਤੂ ਨੇ ਦਬਕਾ ਮਾਰ ਦਿੱਤਾ। ਕਿਉਂਕਿ ਸ਼ੇਰਾ ਡਰਦਾ ਸੀ, ਅੰਦਰ ਲੁਕਿਆ ਬੰਦਾ ਅਵਾਜ਼ ਦੀ ਸੇਧ ਵਿੱਚ ਹੀ ਨਾ ਹਮਲਾ ਕਰ ਦੇਵੇ।

'ਮੇਰਾ ਨਾਉਂ ਰਾਜਵੀਰ ਸੰਘਾ, ਤੁਸੀਂ ਮੈਨੂੰ ਸੰਘਾ ਵੀ ਕਹਿ ਸਕਦੇ ਹੋ, ਕੋਈ ਮੈਨੂੰ ਓਏ ਆਖੇ ਮੈਂ ਜ਼ਰ ਨਹੀਂ ਸਕਦਾ' ਸੰਘੇ ਨੇ ਆਪਣੇ ਹਰਖ 'ਤੇ ਕਾਬੂ ਪਾ ਲਿਆ। ਉਹ ਚਾਹੇ ਇਸ ਘਰ ਵਿੱਚ ਨੌਕਰ ਸੀ ਪਰ ਜੱਟ ਹੋਣ ਕਰ ਕੇ ਕਿਸੇ ਨੂੰ 'ਓਏ' ਆਖ਼ਣ ਦੀ ਖੁੱਲ੍ਹ ਨਹੀਂ ਸੀ ਦਿੰਦਾ।

'ਸੰਘਾ ਸਾਹਿਬ ਜੀ ਬੂਹਾ ਅਸੀਂ ਆਪ ਤੋੜ ਕੇ ਅੰਦਰ ਆਈਏ ਕਿ ਤੁਸੀ ਖੋਲ੍ਹਣ ਦੀ ਕਿਰਪਾ ਕਰੋਗੇ...?' ਭੂੱਚਰੇ ਦੇ ਚਿਹਰੇ 'ਤੇ ਵਿਅੰਗ ਭਰੀ ਹਾਸੀ ਸੀ।

'ਤੁਹਾਡਾ ਕੀ ਨਾਉਂ ਐ ਵੀਰ ਜੀ...?' ਸੰਘੇ ਦੇ ਅੰਦਰ ਵਿਚਾਰ ਸੀ ਕਿ ਉਹਨਾਂ ਦਾ ਵੀ ਇੱਜ਼ਤ ਨਾਲ਼ ਨਾਂ ਲੈਣਾ ਚਾਹੀਦਾ।

'ਭੂੱਚਰਾ...'

'ਇਹ ਸਾਲਾ ਕੀ ਨਾਂ ਹੋਇਆ, ਅਨਪੜ੍ਹ ਮਾਪੇ ਐਂਵੇ ਈ ਕੋਈ ਨਾਂ ਰੱਖ ਦਿੰਦੇ ਨੇ, ਬੱਚਿਆਂ ਦੇ ਨਾਉਂ ਤੋਂ ਹੀ ਮਾਪਿਆਂ ਦੀ ਹੈਸੀਅਤ ਤੇ ਸਮਝ ਦਾ ਪਤਾ ਲੱਗਦਾ' ਸੰਘੇ ਨੇ ਆਪਣੇ ਆਪ ਨਾਲ਼ ਗੱਲ ਕੀਤੀ ਤੇ ਉੱਚੀ ਅਵਾਜ਼ 'ਚ ਬੋਲਿਆ, 'ਇਹ ਨਾਉਂ ਇਸ ਤਰ੍ਹਾਂ ਦਾ ਹੈ ਜਿਵੇਂ ਆਪਣੇ ਆਪ ਨੂੰ ਭੈਣ ਦੀ ਗਾਲ ਕੱਢੀ ਹੁੰਦੀ ਐ... ਪਲੀਜ਼, ਹੋਰ ਚੱਜਦਾ ਨਾਉਂ ਦੱਸੋ, ਜੋ ਮੈਨੂੰ ਬੋਲਣ 'ਚ ਮਾਣ ਮਹਿਸੂਸ ਹੋਵੇ... ਇਹ ਨਾਂ ਮੇਰੇ ਕੰਨਾਂ ਨੂੰ ਸੁਣਨ 'ਚ ਈ ਬਹੁਤ ਗੰਦਾ ਲੱਗਿਆ... ਫੇਰ ਮੈਂ ਬੋਲ ਕਿਵੇਂ ਸਕਦਾਂ...'

'ਪੀਤੂ...' ਪੀਤੂ ਨੇ ਜਦ ਆਪਣਾ ਨਾਉਂ ਦੱਸਿਆ ਤੇ ਅੱਗੋਂ ਕੋਈ ਜਵਾਬ ਨਾ ਆਇਆ ਤਾਂ ਬੋਲਿਆ, 'ਸ਼ੇਰਾ, ਕਿੰਦਰ, ਸੋਮਾ, ਭੂੰਡੀ...'

'ਸ਼ੇਰਾ ਵੀਰ ਜੀ ਐਥੋਂ ਚਲੇ ਜਾਓ, ਤੁਹਾਨੂੰ ਕੱਖ ਨਹੀਂ ਮਿਲਣਾ, ਘਰ ਦੇ ਮਾਲਕ ਤਾਂ ਪਿਛਲੇ ਹਫ਼ਤੇ ਈ ਏਥੋਂ ਤਬਾਦਲਾ ਕਰਾ ਕੇ ਦੂਜੇ ਸ਼ਹਿਰ ਚਲੇ ਗਏ ਐ, ਨਵਾਂ ਮਾਲਕ ਪਤਾ ਨਹੀਂ ਕਦੋਂ ਆਵੇ ਤੇ ਮੈਨੂੰ ਤਨਖ਼ਾਹ ਮਿਲੇਗੀ... ਨਹੀਂ ਤਾਂ ਸ਼ਾਇਦ ਮੈਂ ਤੁਹਾਡੀ ਕੋਈ ਮਦਦ ਕਰ ਸਕਦਾ' ਸੰਘੇ ਨੇ ਆਪਣੀ ਅਵਾਜ਼ ਦਾ ਬੋਲ ਥੋੜ੍ਹਾ ਜਿਹਾ ਭਾਰਾ ਕਰ ਲਿਆ ਸੀ, ਜੀਹਦਾ ਅਸਰ ਤਾਂ ਹੋਇਆ ਪਰ ਓਨਾ ਨਹੀਂ ਜਿੰਨਾ ਹੋਣ ਦੀ ਉਮੀਦ ਰੱਖੀ ਸੀ।

ਕੰਧ ਨਾਲ਼ ਲੱਗ ਕੇ ਉਹਨਾਂ ਦੀ ਹੁੰਦੀ ਖੁਸਰ-ਮੁਸਰ ਸੁਣਨ ਲੱਗਿਆ।

ਸ਼ੇਰੇ ਨੇ ਅੱਗੇ ਆ ਕੇ ਜ਼ੋਰ ਨਾਲ਼ ਦਰਵਾਜ਼ੇ ਨੂੰ ਲੱਤ ਮਾਰਦਿਆਂ ਹਰਖ ਵਿਖਾਇਆ, 'ਅਸੀਂ ਕਮਲੇ ਨਹੀਂ ਕਿ ਤੇਰੇ ਜਿਹੇ ਬੰਦੇ ਪਿੱਛੇ ਲੱਗ ਕੇ ਖ਼ਾਲੀ ਹੱਥ ਮੁੜ ਜਾਈਏ... ਕੁਝ ਨਾ ਕੁਝ ਤਾਂ ਹੋਵੇਗਾ, ਖੋਲ੍ਹ ਬੂਹਾ ਨਹੀਂ ਭੰਨ ਦੇਵਾਂਗੇ...'

'ਮੈਨੂੰ ਪਤਾ ਸਾਰੇ ਸਿਆਣੇ ਬੰਦੇ ਹੋ, ਮੈਂ ਇਹ ਤਾਂ ਨਹੀਂ ਕਿਹਾ ਕਿ ਤੁਸੀਂ ਕਮਲੇ ਬੰਦੇ ਹੋ, ਸਿਆਣੇ ਹੋ ਤਾਂ-ਹੀ ਰੋਕ ਰਿਹਾ, ਤੁਸੀਂ ਏਹ ਬੇਵਕੂਫ਼ੀ ਨਾ ਕਰੋ...' ਸੰਘੇ ਨੇ ਫੇਰ ਕੁਝ ਸੋਚਣ ਲਈ ਉਹਨਾਂ ਨੂੰ ਰੋਕਿਆ, 'ਰੁਕੋ...'

ਸ਼ੇਰਾ ਦੋ ਠੁੱਡੇ ਮਾਰ ਕੇ ਪਿੱਛੇ ਹੋ ਗਿਆ।

'ਬੋਲ...'

'ਦੋ ਮਿੰਟ ਰੁਕੋ ਮੈਨੂੰ ਕੁਝ ਸੋਚਣ ਦਿਉ...' ਅੱਖਾਂ ਬੰਦ ਕਰ ਕੇ ਉਹ ਕੋਠੀ ਦੇ ਹਰ ਕਮਰੇ ਵਿੱਚ ਖ਼ਿਆਲਾਂ ਨਾਲ਼ ਤਲਾਸ਼ੀ ਲੈਣ ਲੱਗ ਪਿਆ।

ਦੋ ਮਿੰਟਾਂ ਬਾਅਦ ਪੂਰੇ ਭਰੋਸੇ ਨਾਲ਼ ਗੜਕ ਕੇ ਜਵਾਬ ਦਿੱਤਾ, 'ਵਾਕੇ ਹੀ ਏਥੇ ਐਸੀ ਕੋਈ ਵੀ ਸ਼ੈਅ ਨਹੀਂ, ਜੀਹਨੂੰ ਤੁਸੀਂ ਲਿਜਾ ਸਕੋਂ, ਮੈਨੂੰ ਸੌਂਹ ਲੱਗੇ... ਮੇਰਾ ਭਰੋਸਾ ਕਰੋ ਜੀ... ਮੈਂ ਕਦੇ ਵੀ ਝੂਠੀ ਸੌਂਹ ਨਹੀਂ ਖਾਧੀ, ਚਾਹੇ ਰੋਟੀ ਖੋਹ ਕੇ ਖਾਂਦਾ ਰਿਹਾਂ... ਉਹਦੇ 'ਚ ਵੀ ਮੇਰਾ ਕੋਈ ਦੋਸ਼ ਨਹੀਂ ਹੁੰਦਾ, ਜਿਦੋਂ ਭੁੱਖ ਲੱਗੀ ਹੋਵੇ ਨਾ ਉਦੋਂ ਬੰਦਾ ਰੱਬ ਨੂੰ ਕੱਚਾ ਖਾਣ ਦੀ ਹਿੰਮਤ ਰੱਖਦਾ...'

'ਵਾਕੇ ਹੀ ਇਹਦੇ ਕੋਲ਼ ਕੋਈ ਕੀਮਤੀ ਸ਼ੈਅ ਹੋਵੇਗੀ... ਤੋੜ ਦਿਉ...'

'ਰੁਕੋ... ਯਾਰ ਪਾਗਲ ਹੋ ਤੁਸੀਂ, ਏਹ ਕੋਈ ਬੈਂਕ ਥੋੜ੍ਹਾ ਬਈ ਏਥੋਂ ਰੁਪਏ ਮਿਲ ਜਾਣਗੇ, ਕਿਸੇ ਸਰੀਫ਼ ਤੇ ਡਰਪੋਕ ਬੰਦੇ ਦਾ ਘਰ ਹੈ...'

ਬੈਂਕ ਦਾ ਨਾਉਂ ਸੁਣਦਿਆਂ ਸਾਰ ਹੀ ਸਾਰਿਆਂ ਦੀਆਂ ਅੱਖਾਂ ਵਿੱਚ ਕਿਸੇ ਜੇਤੂ ਜਿਹੀ ਚਮਕ ਆ ਗਈ। ਯਕੀਨ ਹੋਇਆ ਕਿ ਵਾਕੇ ਈ ਉਹ ਮੂਰਖ਼ਤਾ ਕਰਨ ਜਾ ਰਹੇ ਸੀ। ਸਭ ਦੀਆਂ ਧੌਣਾਂ ਕਿਸੇ ਪੱਕੀ ਸਹਿਮਤੀ ਨਾਲ਼ ਹਿੱਲੀਆਂ, ਜੋ ਫ਼ੈਸਲਾ ਹੋ ਗਿਆ।

'ਬੈਂਕ, ਬੈਂਕ ਤਾਂ ਐਸ ਵੇਲ਼ੇ ਬੰਦ ਹੋਣਾ'

'ਬੈਂਕ ਬੰਦ ਐਂ, ਪੈਸੇ ਤਾਂ ਨਹੀਂ ਨਾਲ਼ ਚੱਕ ਕੇ ਲਿਜਾਂਦੇ...' ਸ਼ੇਰੇ ਨੇ ਅੰਦਰ-ਖ਼ਾਤੇ ਸੰਘੇ ਦਾ ਸ਼ੁਕਰੀਆਂ ਅਦਾ ਕੀਤਾ ਤੇ ਇਹਨੂੰ ਰੱਬ ਦਾ ਇਲਹਾਮ ਮੰਨ ਕੇ ਡਕੈਤੀ ਕਰਨ ਦਾ ਪੱਕਾ ਮਨ ਬਣਾ ਲਿਆ।

ਘੜੀ ਤੋਂ ਸਮਾਂ ਵੇਖਿਆ ਪੂਰੇ ਬਾਰਾਂ ਵੱਜ ਚੁੱਕੇ ਸੀ।

ਸਰਦੀ ਹੋਣ ਕਰਕੇ ਨੌਂ ਵਜੇ ਤੀਕ ਤਾਂ ਸੂਰਜ ਵੀ ਨਹੀਂ ਸੀ ਨਿਕਲਦਾ। ਸੋ ਤਿੰਨ ਚਾਰ ਘੰਟਿਆਂ ਵਿੱਚ ਪੈਸੇ ਲੁੱਟ ਕੇ ਅਰਾਮ ਨਾਲ਼ ਘਰ ਮੁੜਿਆ ਜਾ ਸਕਦਾ ਸੀ।

ਸ਼ੇਰੇ ਨੇ ਝੂਲੇ ਵਿੱਚ ਖੜ੍ਹ ਕੇ ਸਾਰਿਆਂ ਨੂੰ ਕਿਹਾ, 'ਆਪਾਂ ਬੱਸ ਓਨੇ ਈ ਪੈਸੇ ਲੁੱਟਣੇ ਐ, ਜਿੰਨੇ ਆਪਾਂ ਏਸ ਡਾਇਰੀ ਵਿੱਚ ਲਿਖਤ ਕੀਤੀ ਐ, ਇਹ ਤੋਂ ਵੱਧ ਇਕ ਵੀ ਖੋਟਾ ਧੇਲਾ ਵੀ ਗਊ ਦਾ ਮਾਸ ਖਾਣ ਆਲ਼ੀ ਗੱਲ ਐ...'

'ਹਾਂ ਹਾਂ... ਜ਼ੁਬਾਨ ਐ, ਲਾਲਚ ਬੰਦੇ ਨੂੰ ਮਰਾ ਦਿੰਦਾ, ਨਾਲ਼ੇ ਏਨੇ ਪੈਸੇ ਤਾਂ ਆਪਾਂ ਕਿਤੇ ਨਾ ਕਿਤੇ ਖਪਾ ਵੀ ਦੇਵਾਂਗੇ...'

ਸੰਘਾ ਨੇ ਜਦ ਉਹਨਾਂ ਦੇ ਪੈਰਾਂ ਦੇ ਖੜਾਕ ਨੂੰ, ਘਰ ਦੀ ਕੰਧ 'ਤੋਂ, ਛਾਲ

ਮਾਰ ਕੇ ਲੰਘਦੇ, ਸੁਣਿਆ ਤਾਂ ਕੋਠੀ ਦਾ ਦਰਵਾਜ਼ਾ ਖੋਲ੍ਹ ਕੇ ਪੋਰਚ ਵਿੱਚ ਆ ਗਿਆ, 'ਰੁਕੋ, ਮੈਂ ਵੀ ਤੁਹਾਡੇ ਨਾਲ਼ ਜਾਊਂਗਾ...'

ਸਾਰੇ ਰੁੱਕ ਗਏ...!!

ਸੰਘਾ ਨੇ ਛੇਤੀ ਨਾਲ਼ ਘਰ ਵਿੱਚ ਪਿਆ ਸਮਾਨ ਚੱਕ ਕੇ ਫਰਸ਼ 'ਤੇ ਸੁੱਟਣਾ ਸ਼ੁਰੂ ਕਰ ਦਿੱਤਾ। ਅਲਮਾਰੀ ਵਿੱਚ ਪਏ ਕੱਪੜੇ ਬੁਰੀ ਤਰ੍ਹਾਂ ਖਿਲਾਰ ਦਿੱਤੇ। ਭੂੱਚਰੇ ਨੇ ਅੱਗੇ ਵੱਧ ਕੇ ਫ਼ਰਸ਼ 'ਤੇ ਖਿਲਾਰੇ ਕੱਪੜਿਆਂ ਵਿੱਚੋਂ ਆਪਣੇ ਮੁੰਡੇ ਦੇ ਮੇਚ ਦੀਆਂ ਦੋ ਸ਼ਰਟਾਂ ਚੁੱਕ ਕੇ ਹੇਠ ਉੱਤੇ ਪਹਿਣ ਲਈਆਂ। ਜਦ ਸੰਘੇ ਨੇ ਉਹਨੂੰ ਇਜ ਕਰਦਿਆਂ ਰੋਅਬ ਭਰੀ ਨਜ਼ਰ ਨਾਲ਼ ਵੇਖਿਆ ਤਾਂ ਭੂੱਚਰੇ ਨੇ ਉੱਤਰ ਦਿੱਤਾ, 'ਜਾਣਦਾ, ਆਵਦੇ ਸਾਥੀ ਦੇ ਘਰੋਂ ਕੋਈ ਚੀਜ਼ ਚੋਰੀ ਨਹੀਂ ਕਰਨੀ ਚਾਹੀਦੀ, ਪਰ ਮਾਫ਼ੀ, ਮੈਂ ਤਾਂ ਤੇਰੀਆਂ ਅੱਖਾਂ ਅੱਗੇ ਈ ਚੋਰੀ ਕਰ ਰਿਹਾਂ... ਲੋੜ ਐ...'

ਦੋਵਾਂ ਵਿੱਚ ਸਨਾਟਾ ਛਾਅ ਗਿਆ।

ਜਦ ਸ਼ਹਿਰ ਦੇ ਦੂਜੇ ਪਾਸੇ ਤੋਂ ਗੋਲ਼ੀ ਚੱਲਣ ਦੀ ਅਵਾਜ਼ ਨਾਲ਼ ਲਲਕਾਰੇ ਵੱਜਦੇ ਸੁਣੇ ਤਾਂ ਸਭ ਦਾ ਧਿਆਨ ਉੱਧਰ ਹੋ ਗਿਆ। ਸਾਰੇ ਅੰਦਾਜ਼ੇ ਲਾਉਣ ਲੱਗ ਪਏ ਕਿਤੇ ਪੁਲੀਸ ਨਾਲ਼ ਤਾਂ ਨਹੀਂ ਝੜਪ ਹੋ ਗਈ।

'ਤੂੰ ਕਿਉਂ ਤਬਾਹੀ ਕਰੀ ਜਾਨਾਂ...' ਪੀਤੂ ਨੇ ਦਿਲਾਂ ਉੱਤੇ ਛਾਈ ਹੈਰਾਨੀ ਨੂੰ ਦੂਰ ਕਰਨ ਲਈ ਮੋਹਰੀ ਹੋ ਕੇ ਪੁੱਛ ਲਿਆ, 'ਬੋਲ...?'

ਸੰਘੇ ਨੇ ਆਪਣੇ ਹੱਥੀਂ ਖਿੱਲਾਰੇ ਸਮਾਨ ਵੱਲ ਝਾਤੀ ਮਾਰ ਕੇ ਪੂਰੀ ਤਸੱਲੀ ਕਰ ਕੇ ਹੱਥ ਝਾੜਦਿਆਂ, 'ਤਾਂ ਜੋ, ਜਿਹੜਾ ਵੀ ਸਾਡੇ ਜਾਣ ਬਾਦ ਏਥੇ ਘਰ ਵਿੱਚ ਆਵੇ, ਉਹਨੂੰ ਭਰੋਸਾ ਹੋ ਜਾਊ ਕਿ ਉਹਦੇ ਆਉਣ ਤੋਂ ਪਹਿਲਾਂ ਕੋਈ ਹੋਰ ਹੱਥ ਸਾਫ਼ ਕਰ ਗਿਆ, ਲੁੱਟਣ ਲਈ ਕੁੱਝ ਵੀ ਨਹੀਂ ਬਚਿਆ... ਨਈਂ ਤਾਂ ਐਵੇਂ ਹੀ ਭੰਨ-ਤੋੜ ਕਰਦਾ ਰਹੂੰਗਾ... ਤੇ ਮੌਕੇ ਦੀ ਖ਼ਰਾਬੀ ਕਰ ਕੇ ਬਹਿ ਜਾਊ...'

'ਮੌਕੇ ਦੀ ਖ਼ਰਾਬੀ...'

'ਹਾਂ, ਕੱਲ ਤੋਂ ਏਥੇ ਸਾਰੇ ਇਲਾਕੇ 'ਚ ਸਰਕਾਰ ਨੇ ਪੈਰਾ ਮਿਲਟਰੀ ਫੋਰਸ ਦਾ ਪਹਿਰਾ ਲਵਾ ਦੇਣਾ, ਸਿੱਧਾ ਗੋਲ਼ੀ ਦਾ ਆਡਰ ਹੈ, ਫੇਰ ਨਹੀਂ ਕਿਸੇ ਤੋਂ ਆਪਣੀ ਡਿੱਗੀ ਚੀਜ਼ ਆਪ ਵੀ ਚੁੱਕੀ ਜਾਣੀ, ਕੋਈ ਸ਼ੈਅ ਦੇ ਲੁੱਟਣ ਦਾ ਖ਼ਿਆਲ ਵੀ ਸੁਫ਼ਨੇ ਵਿੱਚ ਆਉਂਦਿਆਂ ਈ ਗੋਲ਼ੀ ਦਾ ਆਡਰ ਐ...'

'ਤੁਰੋ ਹੁਣ...'

ਸੰਘਾ ਹੁਣ ਸ਼ੇਰੇ ਨਾਲ਼ ਸਭ ਤੋਂ ਅੱਗੇ ਮੋਹਰੀ ਹੋ ਕੇ ਤੁਰਦਾ ਜਾ ਰਿਹਾ ਸੀ। ਬਾਕੀ ਇੱਕ ਕਦਮ ਦੀ ਵਿੱਥ ਪਾ ਤੁਰਦੇ ਪਏ ਸੀ, ਜਿਵੇਂ ਭੇਡਾਂ ਦੇ ਵੱਗ ਵਿੱਚ ਛੱਤਰਾ ਸਭ ਤੋਂ ਅੱਗੇ ਤੁਰਦਾ ਹੈ।

ਸ਼ੇਰੇ ਨੇ ਜੇਬ ਵਿੱਚੋਂ ਬਿਨਾ ਜਿਲਦ ਵਾਲ਼ੀ ਡਾਇਰੀ ਕੱਢ ਕੇ ਸੰਘੇ ਨੂੰ ਪੁੱਛਿਆ,

'ਹੂੰ... ਦੱਸ ਤੈਨੂੰ ਕਿੰਨੇ ਰੁਪਈਆਂ ਦੀ ਲੋੜ ਐ, ਜੀਹਦੇ ਨਾਲ਼ ਤੂੰ ਆਪਣੀ ਜ਼ਿੰਦਗੀ ਦਾ ਅੜਿਆ ਕੰਮ ਕੱਢ ਸਕੇਂ...?'

'ਪੈਸੇ... ਪੈਸੇ ਤਾਂ ਜਿੰਨੇ ਵੀ ਵੱਧੋ ਵੱਧ ਮਿਲ ਜਾਣ ਓਨੇ ਈ ਥੋੜੇ ਐ...'

'ਘੱਟੋ-ਘੱਟ ਦੱਸ ਕਿੰਨੇ ਮਿਲ ਜਾਣ ਜੋ ਤੇਰੇ ਲਈ ਵਾਧੂ ਹੋਣ...' ਸ਼ੇਰੇ ਨੇ ਸਿੱਕੇ ਵਿੱਚ ਫੂਕ ਮਾਰੀ।

'ਇਹ ਕੀ ਗੱਲ ਹੋਈ ਭਲਾਂ...'

'ਇਹੀ ਗੱਲ ਹੋਣੀ ਐਂ, ਜੋ ਡਾਇਰੀ 'ਚ ਲਿਖਤ ਹੋਗੀ...'

'ਚਾਲੀ ਹਜ਼ਾਰ ਤਾਂ ਚਾਹੀਦੇ ਐ, ਭਾਵੇਂ ਕੁਸ਼ ਵੀ ਹੋ ਜਾਵੇ, ਘੱਟੋ-ਘੱਟ ਦੋ ਮਹੀਨੇ ਦੀ ਤਨਖ਼ਾਹ ਤਾਂ ਲੁੱਟ ਲਵਾਂ, ਉਦੋਂ ਤੀਕ ਹਲਾਤ ਵੀ ਸਹੀ ਹੋ ਜਾਣਗੇ, ਫੇਰ ਆਪਣੇ ਕੰਮ 'ਤੇ ਲੱਗ ਜਾਊਂ, ਜੇ ਮੇਰੇ ਮਾਲਕ ਨੇ ਵੇਲ਼ੇ ਸਿਰ ਤਨਖ਼ਾਹ ਦਿੱਤੀ ਹੁੰਦੀ ਤਾਂ ਮੈਂ ਸੋਡੇ ਨਾਲ਼ ਆਹ ਘਟੀਆ ਕੰਮ ਕਰਨ ਲਈ ਨਾ ਆਉਂਦਾ...' ਸੰਘੇ ਨੇ ਅਕਾਸ਼ ਵੱਲ ਝਾਕਦਿਆਂ ਦੋਵੇਂ ਹੱਥ ਕੰਨਾਂ ਨੂੰ ਲਾਉਂਦਿਆਂ ਮਾਫ਼ੀ ਮੰਗੀ।

'ਥੋੜ੍ਹਾ ਜਿਹਾ ਹੋਰ ਸੋਚ-ਲਾ, ਫੇਰ ਲਿਖ਼ਤ ਕੱਟ ਦੇਣੀ ਮਾੜੀ ਗੱਲ ਹੁੰਦੀ ਐ...' ਸ਼ੇਰੇ ਨੇ ਸਿੱਕੇ ਨੂੰ ਉਂਗਲਾਂ ਵਿੱਚ ਅੜਾ ਕੇ ਹਿਲਾਇਆ ਤੇ ਬਿਨ ਪਲਕ ਝਪਕੇ ਉਹਦੇ ਵੱਲ ਨਿਗਾਹ ਟਿਕਾਈ ਰੱਖੀ।

'ਚੱਲੋ... ਤੀਹ ਹਜ਼ਾਰ...'

'ਹੋਰ ਸੋਚ-ਲਾ...' ਬੌਂਦਲੇ ਪੰਛੀ ਵਾਂਙ ਭੁੱਚਰੇ ਦੀ ਸੁਰਤ ਉਹਦੇ ਤੇ ਅਟਕੀ ਰਹੀ 'ਸੋਚ-ਲਾ...'

ਸੰਘਾ ਉਖੜੀ ਕੁਹਾੜੀ ਵਾਂਙ ਪਲਟ ਗਿਆ, 'ਐਦੂੰ ਵੱਧ ਨੀ ਮੈਂ ਸੋਚ ਸਕਦਾ... ਜਾਨ ਤਲ਼ੀ 'ਤੇ ਰੱਖ ਕੇ ਸੋਡੇ ਨਾਲ਼ ਆਇਆ ਮੈਂ... ਮੈਂ ਚੱਲਿਆਂ ਘਰੇ...'

'ਅਸੀਂ ਵੀ ਕੇੜ੍ਹਾ ਜਾਨ ਘਰੇ ਛਾਬੇ 'ਚ ਧਰ ਕੇ ਆਏਂ ਆਂ'

ਸ਼ੇਰੇ ਨੇ ਉਹਨੂੰ ਘੇਰ ਲਿਆ ਤੇ ਉਹਦੀਆਂ ਅੱਖਾਂ ਦੇ ਸਾਮਣੇ ਡਾਇਰੀ ਵਿੱਚ ਉਹਦੇ ਹਿੱਸੇ ਦੀ ਰਕਮ ਵੀ ਲਿਖ ਲਈ। ਉਹ ਕਿਸੇ ਵੀ ਹਾਲਤ ਵਿੱਚ ਕਿਸੇ ਵੀ ਬੰਦੇ ਨੂੰ ਵਾਪਸ ਨਹੀਂ ਸੀ ਪਰਤਣ ਦੇਣਾ ਚਾਹੁੰਦਾ ਕਿਉਂਕਿ ਵੱਡਾ ਇਕੱਠ ਵੀ ਐਸੇ ਹਲਾਤਾਂ ਵਿੱਚ ਤੋਪ ਜਿੰਨਾ ਕੰਮ ਕਰਦਾ ਹੈ।

ਸ਼ੇਰਾ ਇਹ ਵੀ ਜਾਣਦਾ ਸੀ ਕਿ ਐਸੀ ਲੁੱਟ ਬਾਦ ਆਪ ਨੂੰ ਹੋਰਾਂ ਦੀ ਲੁੱਟ ਤੋਂ ਬਚਾਉਣ ਲਈ ਬੰਦਿਆਂ ਦੀ ਜ਼ਰੂਰਤ ਪੈਂਦੀ ਹੈ।

'ਸਾਡਾ ਭਰਾ...' ਉਹਨੂੰ ਜੱਫੀ ਪਾ ਕੇ ਪੂਰੀ ਅੱਪਣਤ ਨਾਲ਼ ਬੈਂਕ ਵੱਲ ਤੋਰ ਲਿਆ।

□ □ □

ਜਦੋਂ ਉਹਨਾਂ ਦੇ ਚਲਦੇ ਪੈਰ ਬੈਂਕ ਅੱਗੇ ਆ ਕੇ ਰੁੱਕੇ ਤਾਂ ਉੱਥੇ ਕੰਧ ਨਾਲ਼

ਖੜ੍ਹਾ ਕੀਤਾ ਸਾਇਕਲ ਵੇਖ ਕੇ ਸਾਰੇ ਹੈਰਾਨ ਹੋ ਗਏ। ਸ਼ੇਰੇ ਦੀ ਨਜ਼ਰ ਟੁੱਟੇ ਜਿੰਦਰਿਆਂ 'ਤੇ ਗਈ ਤਾਂ ਕਾਬਾਂ ਛਿੜ ਗਿਆ, ਕੋਈ ਪਹਿਲਾਂ ਹੀ ਹੱਥ ਸਾਫ਼ ਕਰ ਗਿਆ। ਰੋਸ਼ਨਦਾਨ ਵਿੱਚ ਬੈਠੇ ਕਬੂਤਰਾਂ ਦੀ ਗੁਟਰ-ਗੂੰ ਈ ਸੁਣਾਈ ਦਿੱਤੀ। ਬੈਂਕ ਦੇ ਸ਼ਟਰ 'ਤੇ ਚਿੱਟੇ ਚਾਕ ਨਾਲ ਬਣਾਈ ਅੱਖ ਉਹਨਾਂ ਵੱਲ ਝਾਕਦੀ ਪਈ ਸੀ।

'ਆਪਾਂ ਨੂੰ ਅੰਦਰ ਜਾ ਕੇ ਹੱਥ ਮਾਰਨਾ ਚਾਹੀਦਾ, ਸਾਡੇ ਗੁਜ਼ਾਰੇ ਲਈ ਕੁਝ ਨਾ ਕੁਝ ਤਾਂ ਜ਼ਰੂਰ ਹੀ ਮਿਲ ਸਕਦਾ...!'

'ਹਾਂ...' ਸਾਰਿਆਂ ਨੇ ਦਬਵੇਂ ਪੈਰੀਂ ਬੈਂਕ ਵੱਲ ਜਾਣ ਲਈ ਚਾਰ ਕਦਮ ਹੀ ਪੱਟੇ ਸੀ ਕਿ ਚੜ੍ਹਤ ਸਿੰਘ ਨੇ, ਜੋ ਸਿਸਤ ਬਣ ਕੇ ਕਦੋਂ ਦਾ ਏਨ੍ਹਾਂ ਦੀਆਂ ਅਵਾਜ਼ਾਂ ਸੁਣੀ ਜਾਂਦਾ ਸੀ, ਬੰਦੂਕ ਵਿੱਚ ਕਾਰਤੂਸ ਪਾ ਕੇ ਬੰਦੂਕ ਜੜਦਿਆਂ, 'ਏਥੇ ਈ ਰੁੱਕ ਜੋ, ਅੱਗੇ ਨਾ ਆਇਉ...'

'ਅੱਛਾ... ਬੱਲੇ ਓਏ ਵੱਡਿਆ ਸਿਆਣਿਆ, ਤਾਂ ਤੂੰ ਕੱਲਾ ਈ ਏਨ੍ਹਾਂ ਪੈਸਿਆਂ ਨਾਲ ਆਪਣੇ ਹੱਥ ਰੰਗ ਲਵੇਂ" ਏਨੀ ਗੱਲ ਕਰਦੇ ਹੋਇਆਂ ਹੀ ਸ਼ੇਰੇ ਦਾ ਪਾਰਾ ਚੜ੍ਹ ਗਿਆ, 'ਤੂੰ ਬਾਹਰ ਨਿਕਲ਼, ਏਥੇ ਸਾਡੇ ਵੀ ਖਾਤੇ ਖੁੱਲੇ ਨੇ, ਤੇਰੀ ਹਿੰਮਤ ਕਿਵੇਂ ਹੋਈ ਸਾਡੇ ਪੈਸਿਆਂ 'ਤੇ ਡਾਕਾ ਮਾਰਨ ਦੀ... ਕੌਣ ਐਂ ਤੂੰ...' ਇਉਂ ਗੱਲ ਕਰਦਾ ਹੋਇਆ ਉਹ ਦੋ ਕਦਮ ਹੋਰ ਅੱਗੇ ਆ ਗਿਆ।

'ਅਸੀਂ ਤੈਨੂੰ ਸੁੱਕਾ ਨਹੀਂ ਜਾਣ ਦੇਣਾ...'

'ਮੈਂ ਡਰਨ ਆਲ਼ਾ ਨਹੀਂ...'

ਸ਼ੇਰੇ ਦੇ ਇਸ਼ਾਰੇ 'ਤੇ ਦੋ ਬੰਦੇ ਹੋਰ ਅੱਗੇ ਆ ਕੇ ਖੜ੍ਹ ਗਏ ਤਾਂ ਚੜ੍ਹਤ ਸਿੰਘ ਨੇ ਜੰਗਲੇ ਦੀ ਵਿਰਲ ਵਿੱਚੋਂ ਦੀ ਬੰਦੂਕ ਦੀ ਨਾਲ਼ ਬਾਹਰ ਕੱਢ ਕੇ ਸਾਰਿਆਂ ਦੇ ਪੈਰ ਵਿੱਚ ਫ਼ਾਇਰ ਮਾਰ ਦਿੱਤਾ। ਤਾਂ ਜੋ ਡਰ ਪੈਦਾ ਕਰ ਕੇ ਸਭ ਨੂੰ ਏਥੋਂ ਜਾਣ ਲਈ ਮਜਬੂਰ ਕਰ ਦੇਵੇ। ਉਹਨੂੰ ਸ਼ਹਿਰ ਵਿੱਚ ਮਿਲੇ ਇੱਕ ਰਿਟਾਇਰ ਫੌਜੀ ਤੋਂ, ਜਿਸ ਨੇ ਸੰਨ ਇੱਕਤਰ ਦੀ ਹਿੰਦ-ਪਾਕ ਜੰਗ ਲੜੀ ਸੀ, ਪਤਾ ਲੱਗਿਆ ਸੀ, 'ਆਹ ਫ਼ਿਲਮਾਂ ਆਲ਼ੇ ਤਾਂ ਗਪੌੜ ਮਾਰੀ ਜਾਂਦੇ ਐ... ਹਥਿਆਰ ਨੂੰ ਮਾਣ-ਤਾਣ ਬਣਾ ਕੇ ਰੱਖਣ ਲਈ ਅਸੂਲ ਹੁੰਦੇ ਐ... ਅਜਿਹੇ ਬੰਦੇ ਹੱਥੋਂ ਵੈਰੀ ਮਰ ਕੇ ਵੀ ਸਿੱਧਾ ਸੁਰਗ 'ਚ ਈ ਜਾਂਦੇ...'

'ਕੇੜ੍ਹੇ ਅਸੂਲ ਨੇ ਉਹ...'

'ਵੇਖੋ ਸੂਰਮਾ ਬੰਦਾ ਮੈਂ ਉਹਨੂੰ ਮੰਨਦਾ... ਜੇੜ੍ਹਾ ਵੈਰੀ ਦੇ ਪਹਿਲਾ ਫ਼ਾਇਰ ਸਿਰ ਉੱਤੋਂ ਦੀ ਹਵਾਈ ਫ਼ਾਇਰ ਕਰੇ... ਫੇਰ ਦੂਜਾ ਪੈਰਾਂ ਵਿੱਚ... ਤੇਰ ਫੇਰ ਵੰਗਾਰ ਕੇ ਆਖੇ... ਮੁੜ-ਜੋ ਨਹੀਂ ਤਾਂ...'

'ਨਹੀਂ ਤਾਂ ਕੀ ...?'

'ਨਹੀਂ ਹੁਣ ਹਿੱਕ 'ਚ ਈ ਵੱਜੂ... ਫੇਰ ਅਣਸਰਦੇ ਨੂੰ ਹਿੱਕ 'ਚ ਮਾਰੇ...'

ਜੋ ਉਹਨੇ ਸੋਚਿਆ ਸੀ ਕਿ ਹਵਾਈ ਫ਼ਾਇਰ ਤਾਂ ਮੈਂ ਦਿਵਾਲੀ ਵਾਲ਼ੇ ਦਿਨ ਕਰ ਦਿੱਤਾ ਸੀ... ਦੂਜਾ ਫ਼ਾਇਰ ਹੁਣ ਪੈਰਾਂ ਵਿੱਚ ਠੋਕ ਦਿੱਤਾ... ਇਹ ਫ਼ਾਇਰ ਕਰਨ ਦੀ ਵੀ ਨੌਬਤ ਉਦੋਂ ਬਣੀ, ਜਦ ਸ਼ੇਰੇ ਨੇ ਉਹਨੂੰ ਗੱਲਾਂ ਵਿੱਚ ਉਲਝਾ ਕੇ ਮੰਗੇ ਨੂੰ ਬੈਂਕ ਦਾ ਸ਼ਟਰ ਖੋਲ੍ਹਣ ਲਈ ਇਸ਼ਾਰਾ ਕੀਤਾ ਸੀ।

ਜਦੋਂ ਮੰਗਾ ਬੂਹਾ ਖੋਲ੍ਹਣ ਲਈ ਅੱਗੇ ਗਿਆ ਤਾਂ ਉਹਦੀ ਜੇਬ ਵਿੱਚ ਪਏ ਸਿੱਕੇ ਛਣਕ ਪਏ।

ਮੰਗਾ ਧਰਤੀ 'ਤੇ ਲੋਟਨੀ ਖਾਂਦਾ ਹੋਇਆ ਫਿਰ ਸ਼ੇਰੇ ਹੋਰਾਂ ਦੇ ਪੈਰਾਂ ਵਿੱਚ ਆ ਕੇ ਖੜ੍ਹਾ ਹੋਇਆ। ਸ਼ੇਰੇ ਨੇ ਉਹਤੋਂ ਸਿੱਕੇ ਖੋਹ ਕੇ ਆਪਣੀ ਜੇਬ ਵਿੱਚ ਪਾਉਂਦਿਆਂ ਦਬਕਾ ਮਾਰਿਆ, 'ਜੇ ਤੇਰੇ ਕੋਲ਼ ਬੰਦੂਕ ਐ ਫੇਰ ਅਸੀਂ ਵੀ ਕਿਹੜਾ ਖ਼ਾਲੀ ਹੱਥ ਆਏ ਆਂ, ਸਾਡੇ ਕੋਲ਼ ਵੀ ਗੋਲ਼ੀ-ਬਰੂਦ ਹੈਗਾ...' ਨਾਲ਼ ਡੱਬ ਵਿੱਚੋਂ ਦੇਸੀ ਕੱਟਾ ਕੱਢ ਕੇ ਹਨੇਰੇ ਵਿੱਚ ਉੱਪਰ ਚੱਕਿਆ ਤਾਂ ਭੂੱਚਰੇ ਨੇ ਡੱਬੀ ਦੀ ਸੀਖ ਬਾਲ ਕੇ ਚਾਨਣ ਕਰ ਕੇ ਵਿਖਾਇਆ, 'ਵੇਖ... ਪੂਰੀ ਤਿਆਰੀ ਨਾਲ਼ ਈ ਆਏ ਆਂ... ਖ਼ਾਲੀ ਹੱਥ ਨੀ ਮੁੜਦੇ, ਭੁੱਖੇ ਮਰਨ ਨਾਲੋਂ ਤਾਂ ਇਉਂ ਗੋਲ਼ੀ ਨਾਲ਼ ਮਰਨਾ ਮਨਜ਼ੂਰ ਐ...'

'ਹਾਂ ਮਨਜ਼ੂਰ ਐ, ਆਵਦੇ ਟੱਬਰ ਲਈ ਸ਼ਹੀਦ ਹੋਜਾਂਗੇ, ਪਰ ਟੱਸ ਤੋਂ ਮੱਸ ਨਹੀਂ ਹੁੰਦੇ... ਤੂੰ ਵੀ ਤਾਂ ਆਵਦੇ ਟੱਬਰ ਲਈ ਐਥੇ ਬੈਠਾਂ...' ਪੀਤੂ ਨੇ ਭੀੜ ਦੇ ਪਿੱਛੇ ਖੜ੍ਹਿਆਂ ਈ ਲਲਕਾਰ ਮਾਰੀ।

'ਨਹੀਂ...'

'ਨਹੀਂ ਕੀ... ਤੂੰ ਫੇਰ ਐਥੇ ਕੀ ਛੋਪ ਕੱਤੀ ਜਾਨੈਂ...'

'ਚੁੱਪ...' ਸ਼ੇਰੇ ਨੇ ਸਾਰਿਆਂ ਨੂੰ ਕੁੱਝ ਵੀ ਬੋਲਣ ਤੋਂ ਟੋਕਿਆ ਕਿਤੇ ਗੱਲ ਵਿਗੜ ਹੀ ਨਾ ਜਾਵੇ। ਉਹਨੇ ਗਰਜ ਭਰੀ ਅਵਾਜ਼ ਵਿੱਚ ਬੇਨਤੀ ਕੀਤੀ, 'ਅਸੀਂ ਵੀ ਤੇਰੇ ਨਾਲ਼ ਦੇ ਆਂ, ਸਾਨੂੰ ਤਾਂ ਬੱਸ ਏਨੇ ਹੀ ਪੈਸਿਆਂ ਦੀ ਲੋੜ ਐ, ਬਾਕੀ ਆਪ ਰੱਖ-ਲੈ, ਆਪਣੇ ਹੱਥੀਂ ਤੂੰ ਗਿਣ ਕੇ ਬਾਹਰ ਸੁੱਟ ਦੇ, ਅਸੀਂ ਚੱਕ ਕੇ ਤੁਰ ਜਾਵਾਂਗੇ' ਉਹਨੇ ਸਾਰਿਆਂ ਦੀ ਸਹਿਮਤੀ ਨਾਲ਼ ਜੇਬ ਵਿੱਚੋਂ ਡਾਇਰੀ ਕੱਢ ਕੇ ਉਹਦੇ ਉੱਤੇ ਲਿਖੀ ਰਕਮ ਦਾ ਕੁਲ ਜੋੜ ਉਂਗਲਾਂ ਦੇ ਪੋਟਿਆਂ 'ਤੇ ਕਰ ਕੇ ਲਿਖ ਲਿਆ, 'ਸੱਤ ਲੱਖ ਪੱਚਵੰਜਾ ਹਜ਼ਾਰ ਤਿੰਨ ਸੌ ਚਾਲੀ ਰੁਪਈਆਂ ਦੀ ਲੋੜ ਐ... ਠੀਕ ਐ ਨਾ...'

ਸਾਰਿਆਂ ਦੇ ਮੂੰਹਾਂ ਵਿੱਚੋਂ ਹੁੰਗਾਰੇ ਵਿੱਚ ਨਿਕਲ਼ੀ 'ਹੂੰ' ਦੀ ਅਵਾਜ਼ ਨੇ ਕੰਨਾਂ ਵਿੱਚ ਘੁਣਕਣੀ ਛੇੜ ਦਿੱਤੀ।

'ਬੋਲਦਾ ਨੀ...' ਭੂੱਚਰੇ ਨੂੰ ਅੰਦਰੋਂ ਕੋਈ ਅਵਾਜ਼ ਨਹੀਂ ਆਈ। ਸਿਰਫ਼ ਕਬੂਤਰਾਂ ਦੇ ਖੰਭਾਂ ਦੇ ਫਰਕਣ ਦੀ ਅਵਾਜ਼ ਆਈ, ਜਿਵੇਂ ਕਾਫ਼ੀ ਸਮਾਂ ਇੱਕੋ ਥਾਂ 'ਤੇ ਬਹਿਣ ਕਰ ਕੇ ਕਰਵਟ ਬਦਲੀ ਹੋਵੇ। ਨਾਲ਼ ਹੀ ਕੁਰਸੀ ਦੀਆਂ ਚੂਲਾਂ ਦੇ ਜਰਕਨ ਦੀ ਅਵਾਜ਼ ਆਈ।

ਸ਼ੇਰਾ ਡਰਦਾ ਹੋਇਆ ਆਪਣੇ ਖ਼ਾਲੀ ਹੱਥ ਉੱਪਰ ਕਰਕੇ ਅੱਗੇ ਆਇਆ, ਜਿਵੇਂ ਉਹਦੇ ਜਵਾਬ ਵਿੱਚ ਬੋਲਿਆ ਨੀਵੇਂ ਬੋਲ ਨੂੰ ਸੁਣਨ ਦੀ ਕੋਸ਼ਿਸ਼ ਕਰਦਾ ਸੀ।

'ਏਥੇ ਰੁਕ-ਜਾ...' ਸ਼ੇਰਾ ਇਹ ਸੁਣ ਕੇ ਸਾਰੇ ਸਰੀਰ ਨੂੰ ਅਕੜਾ ਕੇ ਬੁੱਤ ਹੀ ਬਣ ਗਿਆ। ਬੱਸ ਅੱਖਾਂ ਦੇ ਆਨੇ ਅੱਗੇ-ਪਿੱਛੇ ਹਿਲਦੇ ਸੀ, 'ਏਥੇ ਆਪਣੀ ਉਂਗਲ ਨਾਲ਼ ਇੱਕ ਲਕ਼ੀਰ ਮਾਰ... ਛੇਤੀ ਕਰ...!'

ਸ਼ੇਰਾ ਆਪਣੇ ਖੱਬੇ ਹੱਥ ਦੇ ਅਗੂੰਠੇ ਨਾਲ਼ ਦੀ ਉਂਗਲ ਨਾਲ਼ ਬੈਂਕ ਦੇ ਖ਼ਾਲੀ ਥਾਂ 'ਤੇ ਲੰਮੀ ਲਕੀਰ ਮਾਰ ਕੇ ਹੱਥ ਝਾੜ ਕੇ ਖੜ੍ਹਾ ਹੋ ਗਿਆ, 'ਬੱਸ ਅਸੀਂ ਤੇਰਾ ਕੰਮ ਕਰਤਾ... ਹੁਣ ਤੂੰ... ਵੀ ਕਰ...'

'ਬੱਸ ਐਸ ਲਕ਼ੀਰ ਤੋਂ ਕੋਈ ਵੀ ਅੱਗੇ ਨਾ ਆਵੇ, ਨਹੀਂ ਤਾਂ ਮੈਨੂੰ ਹਿੱਕ 'ਚ ਗੋਲ਼ੀ ਦਾਗਣੀ ਪੈ ਸਕਦੀ ਐ, ਫੇਰ ਨਾ ਕਿਹੋ ਕਿ ਪਾਪ ਕਰਤਾ... ਜਾਓ ਕੋਈ ਹੋਰ ਥਾਂ ਲੱਭੋ ਜਿੱਥੇ ਮੇਰੀ ਡਿਊਟੀ ਨਹੀਂ... ਮੈਂ ਆਵਦੀ ਡਿਊਟੀ ਨਾਲ਼ ਕੋਈ ਵੀ ਦਗ਼ਾ ਨਹੀਂ ਕਰ ਸਕਦਾ...'

ਸ਼ੇਰੇ ਨੂੰ ਆਪਣੀ ਵਾਹੀ ਲਕੀਰ ਵੀ ਬਹੁਤ ਵੱਡੀ ਬੇਵਕੂਫ਼ੀ ਲੱਗੀ ਜਿਵੇਂ ਉਹਨੇ ਖ਼ੁਦ ਨੂੰ ਕਿਸੇ ਲਛਮਣ ਰੇਖਾ ਦੇ ਅੰਦਰ ਵਲ਼ ਲਿਆ ਸੀ। ਜੀਹਨੂੰ ਪਾਰ ਕਰਨਾ ਮੌਤ ਨੂੰ ਸੀਨੇ ਲਾਉਣ ਵਾਲ਼ੀ ਗੱਲ ਸੀ। ਉਹਨੇ ਖੜ੍ਹੇ-ਖੜ੍ਹੇ ਹੀ ਸੋਚਾਂ ਵਿੱਚ ਕੋਈ ਸਕੀਮ ਬਣਾਉਣ ਦੀ ਮਨਸ਼ਾ ਵਿੱਚ ਸਹਿ-ਸੁਭਾਅ ਹੀ ਰੋੜੀ ਚੱਕ ਕੇ ਉਂਗਲਾਂ ਵਿੱਚ ਫੜ ਲਈ।

'ਆਹ ਰੋੜੀ ਐਥੇ ਈ ਰੱਖਦੇ... ਤੇ ਪਿੱਛੇ ਹੋ-ਜਾ...'

ਉਹਨੂੰ ਰੋੜੀ ਥੱਲੇ ਰੱਖ ਕੇ ਪਿੱਛੇ ਜਾਂਦਿਆਂ ਵੇਖ ਕੇ ਅਰਾਮ ਨਾਲ ਢੋਅ ਲਗਾ ਕੇ, ਬੈਂਕ ਵਿੱਚ ਪਈਆਂ ਸਭ ਚੀਜ਼ਾਂ ਨੂੰ ਬੜੇ ਹੀ ਗਹੁ ਨਾਲ਼ ਵੇਖਣ ਲੱਗ ਪਿਆ। ਬੈਂਕ ਵਿੱਚ ਪਈਆਂ ਖ਼ਾਲੀ ਕੁਰਸੀਆਂ 'ਤੇ ਉਹਨੂੰ ਬਿੰਦ ਦੀ ਬਿੰਦ ਸਾਰੇ ਮੁਲਾਜ਼ਮ ਡਰੇ ਹੋਏ ਬੈਠੇ ਵਿਖਾਈ ਦਿੱਤੇ।

ਹੌਂਸਲੇ ਭਰੀ ਮੁਸਕਾਨ ਨਾਲ਼ ਸਾਰਿਆਂ ਵੱਲ ਵੇਖ ਕੇ ਹੱਲਾਸ਼ੇਰੀ ਵਿੱਚ ਬੋਲਿਆ, 'ਤੁਸੀਂ ਕਿਸੇ ਵੀ ਗੱਲੋਂ ਭੋਰਾ ਨਾ ਡਰੋ, ਮੈਂ ਹੈ-ਗਾ ਨਾ... ਭਰੋਸਾ ਰੱਖੋ ਮੇਰੇ ਹੁੰਦਿਆਂ ਏਸ ਕੁਰਸੀ ਤੋਂ ਧੂੜ ਵੀ ਨਹੀਂ ਝੜਦੀ... ਜੇ ਨਹੀਂ ਤਾਂ ਕੱਲ੍ਹ ਆ ਕੇ ਆਵਦੀ ਉਂਗਲ ਨਾਲ਼ ਆਪਣੇ ਨਾਉਂ ਲਿਖ ਲੈਣਾ...'

ਉਹਨੇ ਕੁਰਸੀ 'ਤੇ ਜੰਮੀ ਧੂੜ 'ਤੇ ਉਂਗਲ ਨਾਲ਼ ਇੱਕ ਚਿਹਰਾ ਬਣਾ ਕੇ, ਅੱਖਾਂ, ਨੱਕ ਲਾ ਦਿੱਤਾ। ਅੱਖਾਂ ਮੂੰਹ ਦੇ ਹਰ ਅੰਗ ਨਾਲ਼ੋਂ ਵੱਡੀਆਂ ਸੀ।

'ਹੁਣ ਤੂੰ ਵੀ ਆ ਗਿਐਂ ਪੁੱਤ, ਹੁਣ ਨੀ ਆਪਾਂ ਕਿਸੇ ਨੂੰ ਦਵਾਲ... ਇੱਕ ਤੇ ਇੱਕ ਗਿਆਰ੍ਹਾਂ ਹੁੰਦੇ ਐ, ਪਰ ਪਿਉ-ਪੁੱਤ ਤਾਂ ਇੱਕ ਸੌ ਗਿਆਰਾਂ ਹੋ ਜਾਂਦੇ ਐ... ਡੋਰਾ ਈ ਕੋਈ ਨਹੀਂ...' ਉਹਨੇ ਆਪਣੇ ਖ਼ਿਆਲਾਂ ਵਿੱਚ ਆਪਣੇ ਅੰਬ ਥੱਲੇ ਦੱਬੇ

ਪੁੱਤ ਦਾ ਚਿਹਰਾ-ਮੋਹਰਾ ਬਣਾ ਲਿਆ। ਔਲਾਦ ਮਾਂ-ਪਿਉ 'ਤੇ ਜਾਂਦੀ ਹੈ, ਸੋ ਉਹਨੇ ਨੱਕ ਤੇ ਕੰਨ ਤਾਂ ਆਪਣੇ ਲਾ ਲਏ ਸੀ ਤੇ ਫਿਰ ਬੁੱਲ੍ਹ ਤੇ ਅੱਖਾਂ ਘਰਵਾਲ਼ੀ ਦੀਆਂ ਬਣਾ ਲਈਆਂ।

ਜੇਬ ਵਿੱਚ ਪਾਇਆ ਅੰਬ ਦਾ ਪੱਤਾ ਕੱਢ ਕੇ ਮੱਥੇ 'ਤੇ ਰੱਖ ਦਿੱਤਾ।

ਲੰਮਾ ਚੌੜਾ ਜਵਾਨ ਉਹਦੀਆਂ ਅੱਖਾਂ ਅੱਗੇ ਖੜ੍ਹਾ ਹੋ ਗਿਆ।

ਸੀਨਾ ਤਾਣ ਕੇ ਉਹਦੇ ਵੱਲ ਝਾਕਦਾ ਪਿਆ ਸੀ...!!

ਕੰਧ ਨਾਲ਼ ਪਿੱਠ ਲਾਈ, ਜਿੱਥੇ ਕਿਸੇ ਵੀ ਤਰ੍ਹਾਂ ਗੋਲ਼ੀ ਦਾ ਨਿਸ਼ਾਨਾ ਨਹੀਂ ਲੱਗ ਸਕਦਾ, ਪੀਤੂ ਬੈਂਕ ਦੇ ਸ਼ਟਰ ਨਾਲ਼ ਆ ਕੇ ਖੜ੍ਹ ਗਿਆ। ਉਹਨੇ ਸ਼ਟਰ ਨੂੰ ਉੱਤੇ ਵੱਲ ਖਿੱਚਿਆ ਤਾਂ ਆਪਣੀ ਤੜ੍ਹ ਨਾਲ਼ ਹੀ ਸ਼ਟਰ ਸਵਾ ਫੁੱਟ ਉੱਚਾ ਹੋ ਗਿਆ। ਬਾਹਰ ਦਾ ਚਾਨਣ ਜਦ ਅੰਦਰ ਆਇਆ ਤਾਂ ਬੈਂਕ ਵਿੱਚ ਜਗਦੇ ਬੱਲਬ ਦੀ ਰੌਸ਼ਨੀ ਥੋੜ੍ਹੀ ਫਿੱਕੀ ਪੈ ਗਈ।

ਚੜ੍ਹਤ ਸਿੰਘ ਨੇ ਗੋਲ਼ੀ ਚਲਾ ਦਿੱਤੀ। ਖੁੱਲੇ ਸ਼ਟਰ ਨੂੰ ਬੰਦ ਕਰਨ ਦੀ ਕੋਸ਼ਿਸ਼ ਵਿੱਚ ਅੱਗੇ ਆਇਆ ਤਾਂ ਬਾਹਰੋਂ ਉਹਦੇ ਪੱਥਰ ਵੱਜਣੇ ਸ਼ੁਰੂ ਹੋ ਗਏ।

ਸ਼ੇਰੇ ਨੇ ਭੂੰਚਰੇ ਦੇ ਸਿਰੋਂ ਸਾਫ਼ਾ ਉਤਾਰ ਕੇ, ਬੈਂਕ ਵੱਲ ਜਾਂਦੀ ਬਿਜਲੀ ਦੀ ਤਾਰ ਨੂੰ ਵਲਾਵਾਂ ਪਾ ਕੇ, ਖਿੱਚ ਮਾਰ ਕੇ ਤੋੜ ਦਿੱਤਾ। ਤਾਰ ਵਿੱਚੋਂ ਅੱਗ ਦੀਆਂ ਲਪਟਾਂ ਨਿਕਲ਼ੀਆਂ ਤੇ ਖੰਬੇ 'ਤੇ ਜਾ ਕੇ ਜ਼ੋਰ ਦਾ ਪਟਾਕਾ ਪਿਆ।

ਟਰਾਂਸਫਾਰਮ ਵਿੱਚੋਂ ਧੂੰਆਂ ਨਿਕਲ਼ ਗਿਆ...!!

ਇਹ ਕਰੰਟ ਦੀਆਂ ਲਾਟਾਂ ਨੇ ਚੜ੍ਹਤ ਸਿੰਘ ਨੂੰ ਵੀ ਸਿਰੋਂ ਲੈ ਕੇ ਪੈਰਾਂ ਤੀਕ ਡਰਾ ਦਿੱਤਾ ਸੀ, ਕਿਤੇ ਇਹ ਅੱਗ ਬੈਂਕ ਵਿੱਚ ਵੀ ਨਾ ਲੱਗ ਜਾਵੇ।

ਬਿਜਲੀ ਦੇ ਹੋਏ ਧਮਾਕਿਆਂ ਕਰਕੇ ਕੁਝ ਪਲਾਂ ਲਈ ਕਿਸੇ ਨੂੰ ਵੀ ਕੁਝ ਵਿਖਾਈ ਨਹੀਂ ਦਿੱਤਾ, ਜੀਹਦੀ ਨਜ਼ਰ ਨੇ ਇਹਨਾਂ ਨੂੰ ਨੰਗੀਆਂ ਅੱਖਾਂ ਨਾਲ਼ ਵੇਖਿਆ ਸੀ।

ਗੱਲ ਕਿਸੇ ਵੀ ਸਿਰੇ ਲੱਗਦੀ ਨਾ ਵੇਖ ਕੇ ਫ਼ੀਟੀ ਨੇ ਆਪ ਸਿਆਣਪ ਤੋਂ ਕੰਮ ਲੈਂਦਿਆਂ, 'ਹੋ ਸਕਦਾ ਆਪਾਂ ਪੈਸੇ ਘੱਟ ਕਰ ਕੇ ਦੱਸੀਏ... ਜੇੜ੍ਹੇ ਪੈਸੇ ਆਪਾਂ ਜਾਣ ਕੇ ਲੋੜ ਤੋਂ ਵੱਧ ਲਿਖਾਏ ਨੇ ਉਹੀ ਹੁਣ ਏਸ ਡਕੈਤੀ ਵਿੱਚ ਰੋੜਾ ਬਣ ਰਹੇ ਨੇ... ਬੇਈਮਾਨੀ ਤਾਂ ਵੇਖ-ਲੋ ਬੇਈਮਾਨੀ ਈ ਹੁੰਦੀ ਐ, ਚਾਹੇ ਕਿਸੇ ਨਾਲ਼ ਕਰੋ ਚਾਹੇ ਆਵਦੇ ਨਾਲ਼ ਕਰੋ... ਮੇਰਾ ਚਾਰ ਹਜ਼ਾਰ ਘੱਟ ਕਰ-ਲੋ, ਮੈਂ ਤਾਂ ਏਨੇ ਨਾਲ਼ ਹੀ ਸਾਰ ਲਵੂੰਗਾ...'

'ਹੋਰ ਵੀ ਕਿਸੇ ਨੇ ਬੇਈਮਾਨੀ ਕਰੀ ਐ... ਵੇਖ-ਲੋ ਰੱਬ ਨੂੰ ਵੀ ਜਾਨ ਦੇਣ ਦਾ ਮੌਕਾ ਨਹੀਂ ਮਿਲਣਾ... ਅਗਲਾ ਐਥੇ ਈ ਅੱਖੜ ਬੇਰੀ ਵਾਨੂੰ ਛਾਂਗ ਕੇ ਰੱਖ-ਦੂ...' ਭੋਲੇ ਨੇ ਸਾਰਿਆਂ ਨੂੰ ਇਉਂ ਵੇਖਿਆ ਜਿਵੇਂ ਉਹਨਾਂ ਦੇ ਦਿਲਾਂ ਵਿੱਚ ਪਈ ਹਰ ਗੱਲ ਨੂੰ ਬੁੱਝਣ ਦੀ ਜੁਅਰਤ ਰੱਖਦਾ ਹੋਵੇ, 'ਹੱਥ ਖੜ੍ਹਾ ਕਰੋ...'

'ਰੱਬ ਦੀ ਸੌਹ ਲੱਗੇ...'

ਕਿਸੇ ਨੇ ਵੀ ਆਪਣਾ ਹੱਥ ਖੜ੍ਹਾ ਨਹੀਂ ਕੀਤਾ, ਬੱਸ ਸੰਘੇ ਨੇ ਹੀ ਆਪਣਾ ਹੱਥ ਖੜ੍ਹਾ ਕੀਤਾ ਸੀ, 'ਮੇਰੇ ਸਿਰਫ਼ ਸੱਤ ਹਜ਼ਾਰ ਨੌਂ ਸੌ ਗਿਆਰਾਂ ਰੁਪਏ ਲਿਖਲੋ ਇੱਕ ਮਹੀਨੇ ਦੀ ਤਨਖ਼ਾਹ ਛੱਡੀ ਮੈਂ...'

'ਆਵਦੀ ਔਲਾਦ ਦੀ ਸੌਂਹ ਲੱਗੇ..' ਇਹ ਸੁਣਦਿਆਂ ਹੀ ਸਾਰਿਆਂ ਦੇ ਹੱਥ ਅਕਾਸ਼ ਵੱਲ ਉੱਪਰ ਉੱਠ ਗਏ। ਪਰ ਰਾਜੇ ਦਾ ਹੱਥ ਈ ਥੱਲੇ ਸੀ। ਉਹਦੀ ਨਾ ਕੋਈ ਔਲਾਦ ਸੀ। ਛੜਾ ਸੀ, ਤੇ ਨਾ ਹੀ ਰੱਬ ਦੇ ਕੋਈ ਭਰੋਸਾ ਤੇ ਵਸਾਹ ਰੱਖਦਾ ਸੀ।

ਸਾਰਿਆਂ ਨੇ ਆਪੋ-ਆਪਣੇ ਵਾਧੂ ਲਿਖਾਏ ਰੁਪਏ ਸ਼ੇਰੇ ਦੀ ਡਾਇਰੀ ਵਿੱਚੋਂ ਕਟਾ ਦਿੱਤੇ। ਕੁਝ ਜੋੜ ਕੀਤਾ ਤਾਂ ਦੋ ਲੱਖ ਸਤਾਹਟ ਹਜ਼ਾਰ ਰੁਪਏ ਬਾਕੀ ਰਹਿ ਗਏ ਸੀ। ਜਿਨ੍ਹਾਂ ਨਾਲ਼ ਗੁਜ਼ਾਰ ਹੋ ਜਾਣਾ ਸੀ।

'ਚੱਲ ਅਸੀਂ ਫੈਸਲਾ ਕੀਤਾ ਕਿ ਏਨੇ ਪੈਸੇ ਜੇ ਨਹੀਂ ਦੇ ਸਕਦਾ ਤਾਂ ਫੇਰ ਦੋ ਲੱਖ ਸਤਾਹਟ ਹਜ਼ਾਰ ਈ ਦੇਦੇ... ਏਸਤੋਂ ਘੱਟ ਤਾਂ ਨਹੀਂ ਅਸੀਂ ਕਰ ਸਕਦੇ, ਫੇਰ ਵੀ ਅੱਧੀ ਰਾਤ ਨੂੰ ਜਾਨ 'ਤੇ ਖੇਡ ਕੇ ਆਏ ਆਂ...'

ਸਾਰੇ ਸਾਥੀਆਂ ਨੂੰ ਧੱਕਾ ਲੱਗਾ ਪਰ ਜ਼ਰ ਗਏ। ਹੋਰ ਕੋਈ ਚਾਰਾ ਵੀ ਨਹੀਂ ਸੀ ਬਚਿਆ। ਇਨੇ ਹੀ ਬੰਸਾ ਆਪਣੀ ਗਿੱਚੀ ਨੂੰ ਖੁਰਕ ਕਰਦਾ ਅੱਗੇ ਆ ਗਿਆ, 'ਨਹੀਂ, ਮੈਂ ਨਹੀ ਕਟਾਉਣੇ... ਮੇਰੀ ਤਾਂ ਏਨੇ ਪੈਸਿਆਂ ਨਾਲ਼ ਰੇੜ੍ਹੀ ਵੀ ਨਹੀਂ ਖੁੱਲਣੀ... ਚਾਹ ਨਾਲ਼ ਲੋਕੀਂ ਮੱਠੀਆਂ ਵੀ ਖਾਂਦੇ ਐ, ਬਿਸਕੁੱਟ ਵੀ ਉਹਦਾ ਖ਼ਰਚਾ ਮੈਂ ਅਜੇ ਜੋੜਿਆ ਵੀ ਨਹੀਂ, ਕਿੱਥੋਂ ਲੈ ਕੇ ਆਊ... ਮੇਰੇ ਤਾਂ ਓਨੇ ਹੀ ਲਿਖੋ ਦੁਬਾਰੇ...'

ਜਦ ਸਾਰੇ ਉਹਦੇ ਵੱਲ ਵੇਖਣ ਲੱਗੇ ਤਾਂ ਉਹਨਾਂ ਦੀਆਂ ਪਿੱਠਾਂ ਬੈਂਕ ਵੱਲ ਹੋ ਗਈਆਂ। ਉਹ ਰੋਣਹਾਕਾ ਹੋਇਆ ਖੜ੍ਹਾ ਸੀ।

'ਅਸੀਂ ਦੇ ਦਿਆਂਗੇ, ਤੂੰ ਨੰਨਾ ਨਾ ਪਾ ਹੁਣ, ਤੇਰਾ ਕੰਮ ਤਾਂ ਤੁਰਦਾ ਹੋ-ਜੂਗਾ ਨਾ...'

ਸ਼ੇਰੇ ਨੇ ਮੋਹਰੀ ਹੋਣ ਕਰ ਕੇ ਉਨ੍ਹਾਂ ਅੰਦਰ ਟੁੱਟੀ ਸਾਂਝ ਫਿਰ ਜੋੜਨ ਦੀ ਕੋਸ਼ਿਸ਼ ਕੀਤੀ।

ਬੈਂਕ ਵਿੱਚ ਉਹਦਾ ਪੈਰ ਗਲਾਸ ਨਾਲ਼ ਵੱਜਣ ਕਰ ਕੇ ਰੁੜਦੇ ਗਲਾਸ ਦੀ ਟਣਕਾਰ ਟਿਕੀ ਰਾਤ ਵਿੱਚ ਬਾਹਰ ਤੀਕ ਸੁਣਾਈ ਦਿੱਤੀ। ਉਹਨੇ ਨਾਂਹ ਵਿੱਚ ਸਿਰ ਹਿਲਾ ਦਿੱਤਾ।

ਜਦੋਂ ਉਹਨਾਂ ਨੂੰ ਯਕੀਨ ਹੋ ਗਿਆ ਕਿ ਇਵ ਕੁਝ ਵੀ ਨਹੀਂ ਹੋਣਾ ਤਾਂ ਭੂੱਚਰੇ ਤੇ ਗੇਜੇ ਨੇ ਚਾਰ ਪੰਜ ਬੰਦਿਆਂ ਨਾਲ਼ ਰਲ ਕੇ, ਜਿੰਨੇ ਵੀ ਲੀਡਰਾਂ ਦੇ ਉੱਥੇ ਬੈਨਰ ਕੰਧਾਂ 'ਤੇ ਲਟਕ ਰਹੇ ਸੀ, ਉਹਨਾਂ ਨੂੰ ਅੱਗ ਲਾ ਕੇ ਸ਼ਟਰ ਵਿੱਚ ਦੀ ਅੰਦਰ ਸੁੱਟਣ ਦੀ ਨਾਕਾਮ ਕੋਸ਼ਿਸ਼ ਕੀਤੀ।

ਬੈਂਕ ਵਿੱਚ ਚਾਨਣ ਹੋਣ ਲੱਗ ਪਿਆ।

ਧੂੰਏਂ ਨਾਲ ਸਾਰਾ ਬੈਂਕ ਭਰ ਗਿਆ ਤਾਂ ਖੰਘ ਛਿੜ ਪਈ।

ਦਮ ਘੁੱਟਣ ਲੱਗ ਪਿਆ।

ਕੁੱਝ ਬੰਦਿਆਂ ਦੀ ਪੈੜਚਾਲ ਬੈਂਕ ਦੀ ਛੱਤ 'ਤੇ ਵੀ ਹੁੰਦੀ ਸੁਣੀ। ਜਿਵੇਂ ਉਹ ਛੱਤ ਪੱਟ ਕੇ ਅੰਦਰ ਆਉਣ ਦੀ ਕੋਸ਼ਿਸ਼ ਕਰਦੇ ਹੋਣ। ਇਨ੍ਹਾਂ ਸਾਰਿਆਂ ਨੂੰ ਰੋਕਣ ਲਈ ਉਹਨੇ ਗੋਲ਼ੀ ਚਲਾ ਦਿੱਤੀ। ਡਰ ਕੇ ਸਾਰੇ ਇੱਕ ਥਾਂ ਰੁੱਕ ਗਏ।

ਚੜ੍ਹਤ ਸਿੰਘ ਨੇ ਕੋਲ਼ ਪਏ ਟੈਲੀਫ਼ੋਨ ਦੇ ਨੰਬਰ ਘੁੰਮਾ ਕੇ ਸੌ ਨੰਬਰ ਲਾ ਦਿੱਤਾ, ਜੋ ਰੂਪ ਸਿੰਘ ਨੇ ਉਹਨੂੰ ਕਿਹਾ ਸੀ, ਕਿ ਜਦੋਂ ਵੀ ਕਿਤੇ ਵੀ ਕੋਈ ਆਫ਼ਤ ਆ ਜਾਵੇ ਉਦੋਂ ਇੱਕ ਨਾਲ਼ ਦੋ ਜੀਰੋਆਂ ਦੱਬ ਕੇ ਕਾਲ ਕਰ ਦੀਂ, ਮੌਕਾ ਵਾਰਦਾਤ ਹੋਣ ਤੋਂ ਪਹਿਲਾਂ ਪੁਲੀਸ ਬੂਹੇ ਅੱਗੇ ਆ ਜਾਵੇਗੀ।

ਉਹਦੇ ਲਗਾਏ ਫ਼ੋਨ ਦੀ ਘੰਟੀ ਸ਼ਹਿਰ ਦੇ ਬਲਵੰਤ ਗਾਰਗੀ ਮੁਹੱਲੇ ਵਿੱਚ ਖੜ੍ਹੀ ਪੁਲਸ ਵਾਲ਼ਿਆਂ ਦੀ ਜੀਪ ਵਿੱਚ ਵੱਜੀ।

ਥਾਣੇਦਾਰ ਨੇ ਮਰੇ ਬੰਦੇ ਦੇ ਗੁੱਟ 'ਤੇ ਬੱਧੀ ਘੜੀ ਖੋਲ੍ਹ ਕੇ ਆਪਣੇ ਗੁੱਟ 'ਤੇ ਕੜਕ ਕਰ ਕੇ ਬੰਨ੍ਹ ਲਈ। ਉਹਦੇ ਸਿਰ ਵਿੱਚੋਂ ਨਿਕਲ਼ੇ ਲਹੂ ਨਾਲ਼ ਸੜਕ ਦਾ ਨਿੱਕਾ ਜਿਹਾ ਟੋਆ ਭਰ ਗਿਆ, ਜੀਹਦੇ ਵਿੱਚ ਅਕਸਰ ਹੀ ਮੀਂਹ ਦਾ ਪਾਣੀ ਖੜ੍ਹਦਾ ਸੀ। ਜਦੋਂ ਘੰਟੀ ਸੁਣ ਕੇ ਥਾਣੇਦਾਰ ਭੱਜ ਕੇ ਜੀਪ ਵੱਲ ਗਿਆ ਤਾਂ ਉਹਦਾ ਪੈਰ ਟੋਏ ਵਿੱਚ ਵੱਜਣ ਕਰ ਕੇ, ਮਰੇ ਬੰਦੇ ਦੀਆਂ ਜੇਬਾਂ ਫਰੋਲ ਕੇ ਰੁਪਏ ਕੱਢਦੇ ਸਿਪਾਹੀ ਦੇ ਮੂੰਹ 'ਤੇ ਛਿੱਟੇ ਪੈ ਗਏ। ਚਿਹਰੇ ਨੂੰ ਉਹਦੀ ਜੇਬ ਵਿੱਚੋਂ ਕੱਢੇ ਰੁਮਾਲ ਨਾਲ਼ ਸਾਫ਼ ਕਰ ਕੇ ਪਰ੍ਹੇ ਸੁੱਟ ਦਿੱਤਾ।

ਚੜ੍ਹਤ ਸਿੰਘ ਨੇ ਫ਼ੋਨ ਚੁੱਕਣ ਦੇ ਨਾਲ਼ ਦੀ ਨਾਲ਼ ਦੱਸਣਾ ਸ਼ੁਰੂ ਕੀਤਾ, 'ਸਾਸਰੀ ਕਾਲ ਜੀ...' ਉਹਨੇ ਜਦ ਦੋ ਵਾਰੀ ਅੱਗੋਂ ਸਾਸਰੀ ਅਕਾਲ ਬੁਲਾਈ ਤਾਂ ਥਾਣੇਦਾਰ ਨੂੰ ਵੀ ਜਵਾਬ ਦੇਣਾ ਪਿਆ, 'ਹੈਲੋ ਹਾਂ ਅੱਗੇ ਵੀ ਭੌਂਕ ਕੁਝ ਸਾਸਰੀ ਕਾਲ, ਸਾਸਰੀ ਕਾਲ ਲਾਈ ਐ...'

'ਜਨਾਬ ਮੈਂ ਐਥੇ ਕੱਲਾ ਸਿੰਧ ਬੈਂਕ ਵਿੱਚ ਫੱਸ ਗਿਆ, ਜਨਾਬ ਤੁਸੀਂ ਏਥੇ ਆ ਕੇ ਮੇਰੀ ਮਦਾਦ ਕਰੋ ਜੀ' ਬਾਹਰ ਵਰਦੇ ਪੱਥਰ, ਜੋ ਖੁੱਲੇ ਸ਼ਟਰ ਦੇ ਥੱਲੇ ਦੀ ਅੰਦਰ ਮਾਰੇ ਜਾ ਰਹੇ ਸੀ, ਤੋਂ ਬਚਣ ਲਈ ਉਹ ਮੈਨੇਜਰ ਦੀ ਪਈ ਕੁਰਸੀ ਦੇ ਥੱਲੇ ਲੁਕ ਜਾਂਦਾ ਸੀ। ਪਰ ਉਹਦੀ ਨਜ਼ਰ ਬੂਹੇ ਵੱਲ ਸੀ ਕੋਈ ਅੰਦਰ ਵੜਿਆ ਤਾਂ ਗੋਲ਼ੀ ਮਾਰ ਦੇਵੇਗਾ। ਸ਼ਟਰ 'ਤੇ ਵੱਜਦੇ ਪੱਥਰਾਂ ਦਾ ਖੜਾਕ ਸੀ...!

'ਨਾ ਤੂੰ ਐਸ ਵੇਲ਼ੇ ਬੈਂਕ 'ਚ... ਦਿੰਨਾ, ਘਰਾਂ ਵਿੱਚ ਸਾਰਾ ਮੁਲਖ ਆਵਦੀ ਜਾਨ ਲਕੋਈ ਬੈਠਾ...'

ਥਾਣੇਦਾਰ ਦੀ ਕੌੜੀ ਗਾਲ੍ਹ ਨੇ ਉਹਦੇ ਅੰਦਰ ਵਾਢ ਪਾ ਦਿੱਤੀ।

ਸਿਪਾਹੀ ਨੇ ਲਾਸ਼ ਦੀ ਜੇਬ ਵਿੱਚੋਂ ਨੋਟ ਕੱਢ ਕੇ ਗਿਣੇ ਤੇ ਲਿਆ ਕੇ ਥਾਣੇਦਾਰ ਨੂੰ

ਫੜਾ ਦਿੱਤੇ। ਨੋਟਾਂ ਨੂੰ ਪੁੱਠਾ ਸਿੱਧਾ ਕਰ ਕੇ ਵੇਖਦਿਆਂ ਥਾਣੇਦਾਰ ਨੇ ਹਦਾਇਤ ਦਿੱਤੀ, 'ਪੁੱਠਾ ਕਰ ਕੇ ਤਲਾਸ਼ੀ ਲੈ, ਪਿਛਲੀ ਜੇਬ ਵਿੱਚੋਂ ਵੀ ਕੁਝ ਨਾ ਕੁਝ ਨਿਕਲੂ...' ਤੇ ਫਿਰ ਫ਼ੋਨ 'ਤੇ ਬੋਲਿਆ, 'ਮਰ ਫੇਰ ਏਥੇ ਸਾਨੂੰ ਕਿਉਂ ਫ਼ੋਨ ਕੀਤਾ...'

'ਜਨਾਬ ਮੈਂ ਬੈਂਕ ਦਾ ਗਾਰਡ ਆਂ, ਏਥੇ ਕਿਤੇ ਲੁੱਟ ਨਾ ਹੋ ਜਾਵੇ ਤਾਂ ਆ ਗਿਆ ਫਰਜ਼ ਸਮਝ, ਤੇ ਹੁਣ ਕੁਛ ਬਦਮਾਸ਼ ਬੈਂਕ ਨੂੰ ਲੁੱਟਣ ਲਈ ਹਮਲਾ ਕਰਦੇ ਪਏ ਐ... ਅੱਗ ਲਾ ਰਹੇ ਐ...'

'ਜੇ ਅੱਗ ਲਾ ਰਹੇ ਨੇ ਫੇਰ ਏਥੇ ਪਾਣੀ ਹੈਗਾ'

'ਹਾਂ ਜੀ ਹੈ...' ਉਹਨੇ ਬੈਂਕ ਵਿੱਚ ਪਏ ਵਾਟਰ ਕੂਲਰ ਵੱਲ ਵੇਖ ਕੇ ਹਾਮੀ ਭਰ ਦਿੱਤੀ।

'ਇਹਦੇ ਨਾਲ਼ ਅੱਗ ਬੁਝਾ...' ਇੰਨਾ ਆਖ ਕੇ ਥਾਣੇਦਾਰ ਨੇ ਫ਼ੋਨ ਬੰਦ ਕਰ ਦਿੱਤਾ, 'ਦੂਜੀ ਜੇਬ 'ਚ ਵੀ ਵੇਖ, ਪੈਂਟ ਦੀ ਚੋਰ ਜੇਬ 'ਚ...'

ਚੜ੍ਹਤ ਸਿੰਘ ਨੇ ਫ਼ੋਨ ਰੱਖਿਆ ਤੇ ਫ਼ਰਸ਼ 'ਤੇ ਬਲਦੀ ਅੱਗ 'ਤੇ ਕੋਲ਼ ਪਏ ਵਾਟਰ-ਕੂਲਰ ਵਿੱਚੋਂ ਪਾਣੀ ਦੇ ਗਲਾਸ ਭਰ-ਭਰ ਕੇ ਪਾਉਣ ਲੱਗ ਪਿਆ। ਦਮ ਘੁੱਟਣ ਕਰ ਕੇ ਸਾਹ ਵੀ ਪੂਰਾ ਖਿੱਚ ਕੇ ਆਉਂਦਾ। ਸਾਹ ਲੈਣ ਲਈ ਉਹ ਮੁੱਠੀਆਂ ਵਿੱਚ ਅਗੂੰਠੇ ਵੀ ਦੱਬ ਲੈਂਦਾ। ਆਪਣੇ ਉੱਤੇ ਲਈ ਖ਼ੇਸੀ ਨੂੰ ਪਾਣੀ ਨਾਲ਼ ਭਿਉਂ ਕੇ ਉਸ ਥਾਂ 'ਤੇ ਰੱਖ ਦਿੱਤਾ, ਜੀਹਦੇ ਵਿੱਚ ਬੈਂਕ ਦੀ ਕੈਸ਼ ਪਈ ਸੀ। ਅੱਗ ਦਾ ਪਤੰਗਾ ਇੱਧਰ ਨਾ ਡਿੱਗ ਪਏ ਤੇ ਸਾਰੇ ਪੈਸੇ ਕਿਤੇ ਸੜ ਕੇ ਸਵਾਹ ਹੋ ਜਾਣ।

ਰੋਸ਼ਨਦਾਨ ਵਿੱਚ ਬੈਠੇ ਕਬੂਤਰਾਂ ਦੀ ਗੁਟਕਣ ਸੁਣ ਕੇ ਤਸੱਲੀ ਹੋਈ ਕਿ ਅਜੇ ਵੀ ਹਲਾਤ ਬਹੁਤੇ ਬੁਰੇ ਨਹੀਂ। ਸੁਖਾਂਵੇ ਹਨ। ਉਹ ਚੁੰਝਾਂ ਨੂੰ ਖੰਭਾਂ ਵਿੱਚ ਲੁਕ ਕੇ ਬੈਠੇ ਰਹੇ।

ਅੰਦਰ ਗਰਮੀ ਦਾ ਭਖਾਅ ਵੱਧਣ ਕਰ ਕੇ, ਠੰਢ ਦੇ ਮਹੀਨੇ ਵਿੱਚ ਵੀ ਮੁੜਕਾ ਆ ਗਿਆ। ਆਪਣਾ ਕੁੜਤਾ ਲਾਹ ਕੇ ਕੁਰਸੀ 'ਤੇ ਸੁੱਕਣਾ ਪਾ ਕੇ ਜੰਗਲੇ ਦੇ ਸੁਰਾਖ਼ ਵਿੱਚ ਦੀ ਬੰਦੂਕ ਦੀ ਨਾਲ਼ੀ ਬਾਹਰ ਕੱਢ ਕੇ ਸਿਸਤ ਬੰਨ੍ਹ ਕੇ ਬੈਠ ਗਿਆ।

ਭੂੱਚਰੇ ਦੀ ਧਮਕੀ ਭਰੀ ਅਵਾਜ਼ ਗੂੰਜੀ, 'ਹੁਣ ਤੈਨੂੰ ਜਾਨ ਦੇਣੀ ਪੈਣੀ ਐਂ, ਅਸੀਂ ਬੱਸ ਦਸ ਈ ਗਿਣਾਂਗੇ, ਫੇਰ ਆਵਦੇ ਹਸ਼ਰ ਦਾ ਕਿਸੇ ਨੂੰ ਦੋਸ਼ ਨਾ ਦੇਵੀਂ... ਇੱਕ... ਦੋ... ਤਿੰ... ਚਾਰ...'

ਚੜ੍ਹਤ ਸਿੰਘ ਨੇ ਬੰਦੂਕ ਦੀ ਮੱਖੀ ਉੱਤੋਂ ਦੀ ਵਾਰ-ਵਾਰ ਹਰ ਬੰਦੇ ਦੇ ਚਿਹਰੇ ਵੱਲ ਵੇਖਿਆ।

ਇੱਕ ਮਿੰਟ ਲਈ ਦੋਵਾਂ ਧਿਰਾਂ ਵਿੱਚ ਚੁੱਪ ਤਣੀ ਰਹੀ।

ਜਦ ਭੂੱਚਰੇ ਨੇ 'ਦਸ'...' ਕਿਹਾ ਤਾਂ ਇੱਕ ਫ਼ਾਇਰ ਚੱਲਿਆ।

ਜੋ ਬੰਦੂਕ ਦੀ ਨਾਲ਼ੀ ਵਿੱਚ ਅੜ ਗਿਆ। ਜੀਹਦਾ ਧੂੰਆਂ ਫੇਰ ਨੱਕ ਨੂੰ ਚੜ੍ਹ

ਗਿਆ। ਨਾਲ਼ੀ ਨੂੰ ਨੀਵਾਂ ਕਰ ਕੇ ਜ਼ੋਰ ਨਾਲ ਠੋਕਰਿਆ ਤਾਂ ਉਹਦੇ ਵਿੱਚੋਂ ਕਿੰਨਾ ਅਧਜਲਿਆ ਬਰੂਦ ਬਾਹਰ ਨਿਕਲ਼ ਗਿਆ। ਦੋ ਚਾਰ-ਚੇਪੀਆਂ ਖਿੱਚ ਕੇ ਪਿਛਲੇ ਪਾਸੇ ਦੀ ਕੱਢ ਲਈਆਂ। ਪਟੇ ਨਾਲ਼ ਲੱਗੇ ਰੌਂਦ ਵੇਖੇ ਤਾਂ ਸਿਰਫ਼ ਦੋ ਰਾਊਂਦ ਬਾਕੀ ਰਹਿ ਗਏ ਸੀ। ਬੰਦੂਕ ਦੀ ਨਾਲ਼ੀ ਨੂੰ ਖੜਕਾ ਕੇ ਵਿੱਚੋਂ ਰੌਂਦ ਕੱਢ ਦੇ ਦਾ ਖੜਾਕ ਸੁਣ ਕੇ ਸਾਰੇ ਭੱਜ ਕੇ ਸ਼ਟਰ ਨੂੰ ਖੋਲ੍ਹਣ ਲੱਗੇ ਤਾਂ ਉਹਨੇ ਫੁਰਤੀ ਨਾਲ਼ ਸ਼ਟਰ ਬੰਦ ਕਰ ਦਿੱਤਾ।

'ਐਥੋਂ ਈ ਬਾਹਰ ਤੁਰ-ਜੋ ਨਹੀਂ ਤਾਂ ਗੋਲ਼ੀ ਚਲਾ ਕੇ ਮੱਥਾ ਖਲਾਰ ਦੂੰ ਮੈਂ... ਮੈਨੂੰ ਸਿਰਫ਼ ਇੱਕ ਤੀਕ ਈ ਗਿਣਤੀ ਆਉਂਦੀ ਐ...' ਉਹਨੇ ਘੋੜਾ ਪਿੱਛੇ ਖਿੱਚ ਲਿਆ ਤਾਂ ਭੂੱਚਰਾ ਛੇਤੀ ਬਾਹਰ ਚਲਾ ਗਿਆ। ਉਹਦੇ ਨਾਲ਼ ਸਾਰੇ ਬਾਹਰ ਨਿਕਲ਼ ਕੇ ਖਿੱਚੀ ਲਕ਼ੀਰ ਦੇ ਪਿੱਛੇ ਜਾ ਕੇ ਖੜ੍ਹ ਗਏ।

ਉਹਨੇ ਫੇਰ ਮੈਨੇਜਰ ਦੇ ਕੈਬਿਨ ਵਿੱਚ ਪਏ ਟੈਲੀਫ਼ੋਨ ਤੋਂ ਸੌ ਨੰਬਰ 'ਤੇ ਕਾਲ਼ ਕੀਤੀ, 'ਸਾਸਰੀ ਕਾਲ ਜੀ...'

'ਯਾਰ ਆਹ ਭੈਣ ਦਾ ਯਾਰ ਕਲੰਨ ਐ ਏਨੂੰ ਮੈਂ ਕੀ ਆਖਾਂ...!' ਥਾਣੇਦਾਰ ਨੇ ਕੋਲ਼ ਖੜ੍ਹੇ ਸਿਪਾਹੀ ਤੋਂ ਸਿਗਰਟ ਫੜ ਕੇ ਪੀਤੀ, ਜੋ ਉਹਨੇ ਲਾਸ਼ ਦੇ ਜੇਬ ਵਿੱਚੋਂ ਕੱਢੀ ਸੀ, 'ਹਾਂ ਬੋਲ..'

'ਸਾਸਰੀ ਕਾਲ ਜੀ...'

'ਕਿਉਂ ਲਹੂ ਪੀਤਾ, ਕੀ ਹੋ ਗਿਐ ਜਿਉਂਦਾ ਫਿਰਦੈਂ... ਕੀ ਐ, ਏਥੇ ਆਵਦੀ ਜਾਨ ਬਚਾ ਮੂਰਖਾ... ਪੈਸਾ ਤਾਂ ਮਰਿਆਂ ਕੋਲ਼ੋਂ ਵੀ ਲੱਭ ਜਾਂਦਾ... ਜੇ ਏਥੇ ਤੇਰੀ ਮਾਂ ਦੇ ਖ਼ਸਮ ਆਏ ਐ ਉਨ੍ਹਾਂ ਨਾਲ਼ ਮਿਲ ਕੇ ਵੰਡ ਕੇ ਖਾ... ਲੈ...'

'ਨਹੀਂ ਮੈਂ, ਬੈਂਕ ਤੋਂ ਤਨਖ਼ਾਹ ਲੈਨਾ ਜੀ, ਬੇਈਮਾਨੀ ਨਹੀਂ ਕਰ ਸਕਦਾ... ਡਿਊਟੀ ਐ...'

'ਕਿੰਨੀ ਤਨਖ਼ਾਹ ਏ ਤੇਰੀ...'

'ਉਹ ਅਜੇ ਨੀ ਪਤਾ ਜਿਦੋਂ ਮਿਲੇਗੀ ਉਦੋਂ ਹੀ ਮੈਂ ਕੁਝ ਦੱਸ ਸਕਦਾਂ, ਦੋ ਮਹੀਨੇ ਹੋਗੇ ਐ ਨੌਕਰੀ ਕਰਦੇ ਨੂੰ...' ਉਹਨੇ ਪੂਰੀ ਸਫ਼ਾਈ ਦੇ ਕੇ ਪੁੱਛਿਆ, 'ਸੱਚ ਜਨਾਬ ਅੱਗ ਬੁਝ ਨਹੀਂ ਰਹੀ, ਪਾਣੀ ਵੀ ਮੁੱਕ ਗਿਐ...'

'ਕੀਹਤੋਂ ਪੁੱਛ ਕੇ ਫ਼ੋਨ ਲਾਇਆ ਮੈਨੂੰ... ਹਰਾਮੀ...' ਥਾਣੇਦਾਰ ਉਹਦੀਆਂ ਗੱਲਾਂ ਸੁਣ ਕੇ ਅੱਕ ਗਿਆ ਸੀ।

'ਰੂਪ ਸਿੰਘ ਨੇ... ਸਾਡਾ ਕੈਸ਼ੀਅਰ ਹੈ, ਉਹਨੇ ਕਿਹਾ ਸੀ ਕਿ ਸੌ ਨੰਬਰ 'ਤੇ ਕਾਲ਼ ਕਰਦੀਂ ਜਿਦੋਂ ਵੀ ਆਫ਼ਤ ਆ ਜੇ, ਪੁਲੀਸ ਰੱਬ ਬਣ ਕੇ ਆਜੇਗੀ... ਤੁਸੀਂ ਰੱਬ ਬਣ ਕੇ ਕਦੋਂ ਆਓਗੇ...?' ਉਹਨੇ ਤਰਲੇ ਨਾਲ਼ ਮਿੰਨਤ ਕੀਤੀ।

'ਮੈਨੇਜਰ ਨੂੰ ਫ਼ੋਨ ਲਾ... ਹੁਣ ਸੌ ਨੰਬਰ 'ਤੇ ਕਾਲ ਕੀਤੀ ਤਾਂ...' ਥਾਣੇਦਾਰ ਨੇ ਫ਼ੋਨ ਕੱਟ ਕੇ ਰਸੀਵਰ ਨੂੰ ਪਾਸੇ ਕਰ ਕੇ ਰੱਖ ਦਿੱਤਾ।

ਬਾਹਰ ਭੂੰਚਰੇ ਨੇ ਕੋਲ਼ ਪੈਂਦੇ ਠੇਕੇ ਦੇ ਕਬਾੜ 'ਚੋਂ ਸ਼ਰਾਬਾਂ ਦੀਆਂ ਖ਼ਾਲੀ ਬੋਤਲਾਂ ਚੱਕ ਚੱਕ ਕੇ ਬੈਂਕ ਵਿੱਚ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਸਾਰੇ ਫ਼ਰਸ਼ 'ਤੇ ਕੱਚ ਦੇ ਟੁੱਕੜੇ ਕੰਢਿਆਂ ਵਾਂਙ ਖਿੱਲਰ ਗਏ।

'ਜੇ ਏਨੇ ਕਿਸੇ ਦੇ ਗੋਲ਼ੀ ਮਾਰਨੀ ਹੁੰਦੀ ਹੁਣ ਤੀਕ ਮਾਰ ਦਿੰਦਾ, ਐਵੇਂ ਫੋਕੇ ਫੈਂਟਰ ਈ ਮਾਰਦਾ...'

'ਹਾਂ... ਇਹਦੇ ਕੋਲ਼ ਕਿੰਨੀਆਂ ਗੋਲ਼ੀਆਂ ਹੋਣੀਆਂ, ਦੋ ਜਾਂ ਚਾਰ... ਆਪਾਂ ਤੇਈ ਬੰਦੇ ਆ... ਬਾਕੀ ਇਹਨੂੰ ਕੁੱਟ ਕੇ ਮਾਰ ਦੇਵਾਂਗੇ... ਚੱਲੋ...' ਸ਼ੇਰੇ ਨੇ ਹੌਂਸਲੇ ਨਾਲ਼ ਕਿਹਾ ਤਾਂ ਸਾਰੇ ਅੱਗੇ ਨਹੀਂ ਹੋਏ ਕਿ ਉਹ ਚਾਰ ਬੰਦੇ ਕਿਹੜੇ ਹੋਣਗੇ, ਜਿਹੜੇ ਉਹਦੀ ਗੋਲ਼ੀ ਦਾ ਸ਼ਿਕਾਰ ਹੋ ਕੇ ਮਰਨ ਦੀ ਹਿੰਮਤ ਰੱਖਦੇ ਨੇ, ਤਾਂ ਕਿਸੇ ਨੇ ਹਿੰਮਤ ਨਹੀਂ ਕੀਤੀ।

ਮੈਨੇਜਰ ਦੇ ਘਰ ਵਿੱਚ ਟੈਲੀਫ਼ੋਨ ਦੀ ਘੰਟੀ ਵੱਜੀ ਤਾਂ ਸਾਰਾ ਪਰਿਵਾਰ ਅਵਾਜ਼ ਸੁਣ ਕੇ ਡਰ ਨਾਲ਼ ਬੌਂਦਲ ਗਿਆ। ਆਪਣੇ ਮੋਬਾਈਲ ਦੀ ਬੈਟਰੀ ਜਗਾ ਕੇ ਉਸਨੇ ਪੌੜੀਆਂ ਉਤਰ ਕੇ ਹਾਲ ਵਿੱਚ ਪਿਆ ਫ਼ੋਨ ਚੱਕ ਕੇ ਬਿਨਾ ਕੁੱਝ ਬੋਲੇ ਕੰਨ ਨਾਲ਼ ਲਾ ਲਿਆ ਤਾਂ ਜੋ ਅੱਗੋਂ ਕਿਸੇ ਦੀ ਅਵਾਜ਼ ਪਛਾਣ ਸਕੇ।

'ਸਾਸਰੀ ਕਾਲ ਜੀ...'

'ਸਾਸਰੀ ਕਾਲ...' ਮੈਨੇਜਰ ਨੇ ਡਿਸਪਲੇ 'ਤੇ ਆਏ ਨੰਬਰ ਨੂੰ ਵੇਖ ਕੇ ਪਛਾਣ ਲਿਆ ਕਿ ਉਹ ਬੈਂਕ ਦਾ ਗਾਰਡ ਹੈ, 'ਤੂੰ ਬੈਂਕ 'ਚ ਐਸ ਵੇਲ਼ੇ ਕੀ ਕਰਦਾ...'

'ਡਿਊਟੀ ਸਰ...' ਨਾਲ਼ ਹੀ ਮੱਥੇ ਨੂੰ ਹੱਥ ਲਗਾ ਕੇ ਮਾਰੇ ਸਲੂਟ ਦਾ ਖੜਾਕ ਮੈਨੇਜਰ ਦੇ ਕੰਨਾਂ ਤੀਕ ਵੀ ਪਹੁੰਚ ਗਿਆ।

'ਬੇਵਕੂਫ਼... ਸ਼ਾਬਾਸ਼ੇ... ਡਟੇ ਰਹੋ...'

'ਤੁਸੀਂ ਵੀ ਆ ਜਾਂਦੇ ਜੀ, ਇੱਕ 'ਤੇ ਇੱਕ ਗਿਆਰਾਂ ਹੁੰਦੇ ਐ ਜੀ' ਉਹਨੇ ਸਲੂਟ ਆਲ਼ਾ ਹੱਥ ਮੱਥੇ ਨੂੰ ਲਾਈ ਰੱਖਿਆ ਤੇ ਬੰਦੂਕ ਮੇਜ਼ 'ਤੇ ਬੂਹੇ ਵੱਲ ਕਰ ਕੇ ਰੱਖੀ ਸੀ ਕਿ ਜਦੋਂ ਵੀ ਕਿਸੇ ਨੇ ਅੰਦਰ ਆਉਣ ਦੀ ਹਿੰਮਤ ਕੀਤੀ, ਚੱਕ ਕੇ ਫ਼ਾਇਰ ਕਰ ਦੇਵੇਗਾ।

'ਇੱਕ ਤੇ ਇੱਕ ਅੱਧਾ ਵੀ ਰਹਿ ਜਾਂਦੈ, ਤੇਰੇ ਜਿਹੇ ਦਲੇਰ ਹੀ ਐਸਾ ਕੰਮ ਕਰ ਸਕਦੇ ਐ, ਮੈਂ ਅਜੇ ਏਨਾ ਦਲੇਰ ਨਹੀਂ...'

'ਤੁਸੀਂ ਆਜੋ, ਆਪਾਂ ਏਨ੍ਹਾਂ ਨੂੰ ਘੇਰ ਕੇ ਫੜ ਲਵਾਂਗੇ... ਤੇ ਹਾਂ ਆਉਂਦੇ ਹੋਏ ਚਾਹ ਵੀ ਲੈ ਆਉਣਾ, ਠੰਡ ਬਾਹਲੀ ਹੋ ਗਈ ਐ ਜੀ'

'ਓਕੇ ਮੈਂ ਆਉਨਾ, ਤੂੰ ਏਨ੍ਹਾਂ ਨੂੰ ਰੋਕ ਕੇ ਰੱਖ...' ਮੈਨੇਜਰ ਨੂੰ ਸਲੂਟ ਵੱਜਣ ਦੀ ਅਵਾਜ਼ ਆਈ ਤੇ ਉਹਨੇ ਕਾਲ਼ ਕੱਟ ਦਿੱਤੀ।

ਉਹਦੇ ਅੰਦਰ ਗੱਲ ਉਭਰੀ ਕਿ ਸਿਆਣੇ ਬੰਦੇ ਹਮੇਸ਼ਾ ਹੀ ਬੇਵਕੂਫ਼ੀ ਕਰਨ ਤੋਂ ਬਚਦੇ ਨੇ, ਪਰ ਇਹਦੇ ਜਿਹੇ ਦਲੇਰ ਬੰਦੇ ਐਸੀ ਬੇਵਕੂਫ਼ੀ ਕਰਦੇ ਨੇ, ਜੇ ਬਚ

ਜਾਣ ਤਾਂ ਬਹਾਦਰ ਨਹੀਂ ਤਾਂ ਕੁੱਤੇ ਦੀ ਮੌਤ ਪੱਕੀ ਐ... ਬੰਦੂਕ ਵੀ ਪੁਰਾਣੀ ਹੈ... ਸ਼ਾਇਦ ਹੀ ਇਹਦਾ ਕੋਈ ਸਾਥ ਨਿਭਾ ਸਕੇ...!!

ਪਰ ਚੜ੍ਹਤ ਸਿੰਘ ਦੇ ਮੋਢੇ ਕਿਸੇ ਦੇ ਆਉਣ ਦੀ ਆਸ ਨਾਲ਼ ਆਕੜ ਕੇ ਕੰਨਾਂ ਦੀਆਂ ਕਰੂੰਬਲਾਂ ਤੱਕ ਤਣੇ ਗਏ।

ਰਾਤ ਦੇ ਕਰੀਬ ਚਾਰ ਵੱਜ ਚੁੱਕੇ ਸੀ...!!

'ਮੈਨੇਜਰ ਵੀ ਆ ਰਿਹਾ, ਤੁਸੀਂ ਇੱਥੋਂ ਚਲੇ ਜਾਓ... ਨਹੀਂ ਮੇਰੇ ਕੋਲ਼ ਇੱਕ-ਈ ਰੌਂਦ ਐ, ਏਨੇ ਬੰਦੇ ਤਾਂ ਮੈਂ ਅਸਾਨੀ ਨਾਲ਼ ਮਾਰ ਈ ਸਕਦਾਂ...'

'ਕਿੰਨੇ ਰੌਂਦ ਨੇ...?'

'ਇੱਕ ਈ ਰੌਂਦ...' ਚੜ੍ਹਤ ਸਿੰਘ ਨੇ ਪੂਰੇ ਜ਼ੋਰ ਨਾਲ਼ ਬੋਲਿਆ ਤਾਂ ਜੋ ਸਾਫ਼ ਸਾਫ਼ ਅਵਾਜ਼ ਸੁਣ ਜਾਵੇ।

'ਚੱਲੋ ਮੁੜ ਚੱਲੀਏ... ਐਵੇਂ ਜਾਨ ਗਵਾ ਲਵਾਂਗੇ... ਐਵਜੇ ਮੌਕੇ ਤਾਂ ਆਪਾਂ ਨੂੰ ਮਿਲਦੇ ਈ ਰਹਿਣੇ ਐਂ' ਸ਼ੇਰੇ ਨੇ ਸਭ ਦਾ ਮੋਹਰੀ ਹੋਣ ਕਰ ਕੇ ਸਮਝਾਉਤੀ ਦਿੱਤੀ, ਉਹ ਨਹੀਂ ਸੀ ਚਾਹੁੰਦਾ ਕਿਸੇ ਦਾ ਘਰ ਉੱਜੜ ਜਾਵੇ। ਜੇ ਉਹਨਾਂ 'ਚੋਂ ਕੋਈ ਇੱਕ ਵੀ ਮਾਰਿਆ ਗਿਆ ਤਾਂ ਲਾਸ਼ ਦੀ ਸਨਾਖ਼ਤ ਨਾਲ਼ ਸਾਰੇ ਟੋਲੇ ਦਾ ਪਤਾ ਲੱਗ ਜਾਵੇਗਾ।

'ਤੂੰ ਐਸੀ ਗੰਦੀ ਸਰਕਾਰ ਦਾ ਕੁੱਤਾ ਬਣ ਕੇ ਰਹਿ ਗਿਆਂ, ਏਨ੍ਹੇ ਅਜੇ ਤੀਕ ਸਾਡੀ ਫ਼ਸਲ ਦੇ ਸਹੀ ਮੁੱਲ ਨੀ ਤਾਰੇ, ਅਸੀਂ ਕੋਈ ਲੰਡਰ ਨੀ ਤੁਰੇ ਫਿਰਦੇ... ਐਂਤਕੀ ਮੋਟਰ ਲਵਾਈ ਸੀ ਇਹਦੇ ਲਈ ਤੇਰੇ ਬੈਂਕ ਤੋਂ ਸਵਾ ਲੱਖ ਦਾ ਕਰਜ਼ਾ ਲਿਆ, ਪੱਲੇ ਕੀ ਪਿਆ ਇੱਕ ਲੱਖ ਤਿੰਨ ਹਜ਼ਾਰ ਬਾਕੀ ਪਤਾ ਕਿੱਥੇ ਗਏ...'

'ਕਿੱਥੇ ਗਏ...?'

'ਆਹ ਤੇਰਾ ਮਨੇਜਰ ਮੈਥੋਂ ਰਿਸ਼ਵਤ ਖਾ ਗਿਆ... ਸਾਰੇ ਖ਼ਰਚ ਕਰਾਤੇ...' ਸ਼ੇਰਾ ਪੂਰਾ ਅੱਕਿਆ ਪਿਆ ਤੇ ਉਹਨੇ ਆਪਣੇ ਹੱਥਾਂ ਦੇ ਘਰੂੰਡਾਂ ਨਾਲ਼ ਚੜ੍ਹਤ ਸਿੰਘ ਨੂੰ ਨੋਚਣ ਦੀ ਕੋਸ਼ਿਸ਼ ਕੀਤੀ।

ਫਿਰ ਅੱਗੇ ਕਰਮਾ ਆਇਆ, ਜੀਹਦੇ ਪਜਾਮੇ ਦਾ ਪਹੁੰਚਾ ਗੋਡੇ ਤੀਕ ਉਧੜਿਆ ਸੀ, ਉਹਨੇ ਆਪਣੀ ਵਾਰਤਾ ਦੱਸੀ, 'ਮੈਂ ਆਵਦੀ ਮਾਂ ਲਈ ਕਰਜ਼ਾ ਲਿਆ, ਪਹਿਲਾਂ ਮੈਂ ਬੀਮਾ ਕਰਾਇਆ ਸੀ, ਚਾਰ ਵਰ੍ਹਿਆਂ ਤੀਕ ਬਿਨਾ ਨਾਗਾ ਪਾਏ ਕਿਸ਼ਤਾਂ ਤਾਰਦਾ ਰਿਹਾ... ਜਦੋਂ ਲੋੜ ਪਈ ਤਾਂ ਸਾਰੀ ਫਾਰਮੈਲਟੀ ਕਰਨ ਵਿੱਚ, ਬੀਮਾ ਲੈਣ ਲਈ ਮਹੀਨਾ ਲੱਗ ਗਿਆ, ਉਦੋਂ ਨੂੰ ਮੇਰੀ ਮਾਂ ਚੱਲ ਵਸੀ, ਓਨ੍ਹਾਂ ਪੈਸਿਆਂ ਨਾਲ਼ ਮੈਂ ਬੇਬੇ ਦਾ ਭੋਗ ਪਾਇਆ?'

'ਜੇ ਓਹੀ ਪੈਸੇ ਬੈਂਕ ਆਲ਼ੇ ਵੇਲੇ ਨਾਲ਼ ਦੇ ਦਿੰਦੇ ਸ਼ਾਇਦ ਚਾਚੀ ਦਾ ਬਚਾਅ ਹੋ ਜਾਂਦਾ' ਫਿਰ ਚੜ੍ਹਤ ਸਿੰਘ ਨੂੰ ਜਕ ਦਮ ਚੇਤੇ ਆਇਆ ਤੇ ਉਹਨੇ ਮਾਫ਼ੀ ਮੰਗੀ, 'ਓਦਣ ਚਾਚੀ ਦੇ ਭੋਗ 'ਤੇ ਆਉਣਾ ਤਾਂ ਮੈਂ ਵੀ ਸੀ, ਪਰ ਰਾਣੀ ਦਾ ਸਾਕ ਮੁੜ

ਗਿਆ, ਉਸੇ ਦੁੱਖ 'ਚ ਮੈਂ ਆਵਦੀ ਹੋਸ਼ ਭੁਲਾਈ ਬੈਠਾ ਸੀ... ਵਿਹਲਾ ਹੋ ਕੇ ਮੈਂ ਜ਼ਰੂਰ ਸੋਡੇ ਘਰੇ ਗੋਡਾ ਨਿਵਾਉਣ ਆਊਂ...'

ਉਹਦੀਆਂ ਅੱਖਾਂ ਵਿੱਚ ਨਮੀ ਸੀ। ਚਾਚੀ ਨਾਲ਼ ਉਹ ਕਿੰਨਾ-ਕਿੰਨਾ ਚਿਰ ਖੇਡਦਾ ਰਹਿੰਦਾ ਸੀ। ਆਪਣੀ ਮਾਂ ਮਰਨ ਤੋਂ ਬਾਦ ਬਾਪੂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਵਿੱਚੋਂ ਬੋਅ ਆਉਂਦੀ ਸੀ। ਸੰਘ ਵਿੱਚ ਬੁਰਕੀ ਪਾਉਂਦਾ ਤਾਂ ਕੋਈ ਵਾਲ਼ ਮੂੰਹ ਵਿੱਚ ਆ ਜਾਂਦਾ। ਉਹਨੂੰ ਉਛਾਲੀ ਆ ਜਾਂਦੀ।

ਉਹ ਕਿੰਨੇ-ਕਿੰਨੇ ਦਿਨਾਂ ਤੀਕ ਭੁੱਖਾ ਭਾਣਾ ਤੁਰਿਆ ਰਹਿੰਦਾ...!! ਪਰ ਫੇਰ ਚਾਚੀ ਕੋਲ਼ ਜਾ ਕੇ ਰੋਟੀ ਖਾਂਦਾ। ਦੋ ਵਰ੍ਹਿਆਂ ਤੀਕ ਉਹਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਹੀ ਖਾਂਦਾ ਰਿਹਾ।

ਹੁਣ ਉਹ ਨੇ ਆਪਣੇ ਮਨ ਵਿੱਚ ਹਿਸਾਬ ਲਾਇਆ ਕਿ ਘਰ 'ਤੇ ਕੋਈ ਪਰਲੋ ਹੀ ਰਹੀ ਹੈ। ਕਦੇ ਵੀ ਜੋੜੀ ਨਹੀਂ ਵੱਸਦੀ। ਬਾਪੂ ਜਿਉਂਦਾ ਸੀ ਤਾਂ ਘਰ ਦੀ ਔਰਤ ਮਰ ਗਈ, ਜਾਣੀ ਉਹ ਦੀ ਮਾਂ।

ਜੇ ਉਹ ਅੱਜ ਜਿਉਂਦਾ ਸੀ ਤਾਂ ਉਹਦੀ ਆਪਣੀ ਘਰਵਾਲੀ ਮਰ ਗਈ...!

ਪਰਿਵਾਰ ਕਿਸੇ ਨਾ ਕਿਸੇ ਤਰੀਕੇ ਨਾਲ਼ ਰੁਲਿਆ ਹੀ ਹੈ।

'ਓਏ...!!' ਛੀਟੀ ਦੀ ਮਾਰੀ ਲਲਕਾਰ ਨਾਲ਼ ਉਹਦੀ ਸੁਰਤ ਫੇਰ ਇੱਧਰ ਪਰਤੀ, 'ਜੇ ਕੋਈ ਮਾਤੜ ਸਰਕਾਰ ਅੱਗੇ ਝੋਲੀ ਅੱਡ ਕੇ ਹੱਕ ਮੰਗਦੀ ਤਾਂ ਪਾਣੀ ਦੀਆਂ ਫੁਹਾਰਾਂ ਮਾਰ-ਮਾਰ ਕੇ ਜੁੰਡਿਆਂ ਤੋਂ ਫੜ੍ਹ ਕੇ ਘੜੀਸਦੇ ਐ... ਤੇ ਹੁਣ ਉਸ ਬੈਂਕ ਨੂੰ ਲੁੱਟਣ ਤੋਂ ਰੋਕ ਰਿਹਾ ਏਂ... ਰਾਖਾ ਬਣਿਆ ਬੈਠਾਂ, ਜੀਹਦੇ 'ਚ ਸਾਡੀ ਹੀ ਨੇਕ ਕਮਾਈ ਪਈ ਐ...'

'ਹਾਂ ਯਾਰ ਸਭ ਨਾਲ਼ ਬਹੁਤ ਬੁਰਾ ਹੋ ਰਿਹਾ... ਜਿਉਂਣਾ ਹਰਾਮ ਕਰਿਆ ਪਿਆ ਸਾਡਾ... ਰੱਬ ਤਾਂ ਸਭ ਨੂੰ ਦਿੰਦਾ, ਪਰ ਆਹ ਬੰਦਾ ਈ ਪਤਾ ਨਹੀਂ ਵੱਡਾ ਹੋਣ ਦੇ ਚੱਕਰ ਵਿੱਚ ਲੁੱਟਾ ਖੋਹੀ 'ਤੇ ਉਤਰ ਜਾਂਦਾ... ਅਜੇ ਵੀ ਖਜ਼ਾਨਾ ਖ਼ਾਲੀ ਐ..' ਚੜ੍ਹਤ ਸਿੰਘ ਨੇ ਅੱਖਾਂ ਵਿੱਚਲੇ ਹੰਝੂਆਂ ਨੂੰ, ਬੰਦੂਕ ਨੂੰ ਉਵੇਂ ਹੀ ਤਾਣੀ ਰੱਖਿਆ, ਖੱਬੇ ਮੋਢੇ ਨੂੰ ਉੱਪਰ ਚਾੜ੍ਹ ਕੇ ਪੂੰਝਿਆ। ਜਦ ਉਹਨਾਂ ਨੂੰ ਅੱਗੇ ਆਉਂਦੇ ਵੇਖਿਆ ਤਾਂ ਫੇਰ ਦੱਬਕਾ ਮਾਰਿਆ, 'ਨਹੀਂ ਕੁਸ ਵੀ ਹੈ...! ਜਿਵੇਂ ਮਰਜ਼ੀ ਐ, ਸੋਡੇ ਨਾਲ਼ ਧੱਕਾ ਹੋਇਆ ਪਰ ਮੈਂ ਏਨ੍ਹਾਂ ਵਰਗਾ ਬੁਰਾ ਨਹੀਂ ਕਿ ਡਿਊਟੀ ਨਾਲ਼ ਦਗਾ ਕਰਾਂ...'

'ਏਹ ਡਿਊਟੀ ਨਹੀਂ, ਮੁਲਕ ਨਾਲ਼ ਗਦਾਰੀ ਕਰ ਰਿਹਾਂ ਏ... ਜੱਟਾਂ ਨਾਲ਼ ਗਦਾਰੀ ਕਰ ਰਿਹਾਂ ਏ...' ਸ਼ੇਰੇ ਨੇ ਕੋਲ਼ ਪਈ ਕੱਚ ਦੀ ਬੋਤਲ ਚੱਕ ਕੇ ਜੰਗਲੇ ਵੱਲ ਮਾਰੀ, ਜੀਹਦੇ ਵਿੱਚ ਉਹ ਘਾਤ ਲਾਈ ਬੈਠਾ ਸੀ।

'ਸ਼ਰਮ ਕਰ ਕੁਝ ਅਕਲ ਨੂੰ ਹੱਥ ਮਾਰ... ਤੂੰ ਤਾਂ ਸਾਡੇ ਅਰਗਾ ਏਂ, ਸਿਆਣੇ ਆਂਹਦੇ ਐਂ, ਆਪਣਾ ਮਾਰੂਗਾ ਤਾਂ ਘੱਟੋ-ਘੱਟ ਛਾਂਵੇ ਤਾਂ ਸੁੱਟੂਗਾ, ਪਰ ਤੂੰ ਇਹਦੇ ਤੋਂ ਵੀ ਗਿਆ ਗੁਜਰਿਆਂ...' ਭੂੱਚਰੇ ਨੇ ਮਿਹਣਾ ਮਾਰਿਆ।

'ਐਦੇ ਵਰਗੇ ਸਿਆਣਿਆਂ ਨੇ ਈ ਪੱਟੀ ਮੇਸ ਕੀਤੀ ਐ, ਜਿਦੋਂ ਅਗਲੇ ਨੇ ਮਾਰ ਈ ਦਿੱਤਾ, ਫੇਰ ਛਾਵੇਂ ਸੁੱਟੇ ਭਾਵੇਂ ਧੁੱਪੇ ਕੋਈ ਫ਼ਰਕ ਨੀ ਪੈਂਦਾ... ਮੋਈ ਮਿੱਟੀ ਨੂੰ ਇਹਦਾ ਕੋਈ ਭਾਅ ਨਹੀਂ... ਮੈਂ ਐਂ ਨਹੀਂ ਪਾਸੇ ਹੁੰਦਾ... ਮਰ ਕੇ ਈ ਪਾਸੇ ਹੋਵਾਂਗਾ...' ਉਹਨੇ ਬੰਦੂਕ ਦੇ ਬੱਟ ਨੂੰ ਖੱਬੀ ਛਾਤੀ ਨਾਲੋਂ ਉਤਾਰ ਕੇ ਸੱਜੀ ਕੱਛ ਵਿੱਚ ਦੱਬ ਲਿਆ। ਛਾਤੀ ਤੇ ਬੱਟ ਵਿੱਚ ਲੱਗਿਆ, ਪੇਚ ਝਰੀਟ ਮਾਰ ਗਿਆ ਸੀ।

'ਮਰਜਾ ਫੇਰ...'

'ਐਂ ਕਿਵੇਂ ਮਰਜਾਂ, ਖ਼ੁਦ ਨੂੰ ਗੋਲ਼ੀ ਮਾਰ ਕੇ ਨਹੀਂ ਮਰ ਸਕਦਾ... ਲੜ ਕੇ ਈ ਯੋਧੇ ਵਾਂਙੂ ਮਰੂੰਗਾ... ਊਂ ਮੈਂ ਸੋਡੇ ਨਾਲ਼ ਆਂ...'

'ਸਾਡੇ ਨਾਲ਼ ਛੱਕੂ ਐਂ, ਤੂੰ ਕਸੂਰ ਦੱਸ ਸਾਡਾ ਕੀ ਐ ਬੱਸ ਏਹੀ ਕਸੂਰ ਐ ਕੇ ਅਸੀਂ ਬੰਦਾ ਬਣ ਕੇ ਜੰਮ ਪੇ'

'ਨਹੀਂ... ਮੇਰੇ ਸਾਬ ਨਾਲ਼... ਘਾਟ ਤਾਂ ਦੁਨੀਆ ਦਾ ਚੱਕਾ ਗੇੜਨ ਆਲ਼ੇ 'ਚ ਈ ਐ ਖਰੇ ਰੱਬ ਚ ਕਿਹੜੀ ਕਮੀ ਐ ਖ਼ਲਕਤ ਓਤੋਂ ਰੱਜਦੀ ਨਹੀਂ... ਜੋ ਮੰਗਦੇ ਐ ਦੇ ਕੇ ਪਰ੍ਹਾ ਮਾਰੇ'

ਧੁੰਦ ਵਿੱਚ ਸੂਰਜ ਦੀ ਲਾਲੀ ਥੋੜ੍ਹੀ ਥੋੜ੍ਹੀ ਵਿਖਾਈ ਦੇਣ ਲੱਗੀ।

ਅਕਾਸ਼ ਚੜ੍ਹਦੇ ਵਾਲ਼ੇ ਪਾਸਿਉਂ ਸੂਹਾ ਹੋ ਗਿਆ।

ਇਉਂ ਲੱਗਦਾ ਸੀ ਜਿਵੇਂ ਸ਼ਹਿਰ ਦੀ ਧਰਤੀ 'ਤੇ ਡੁੱਲੇ ਖ਼ੂਨ ਦਾ ਭਾਵੇਂ ਨਾਮੋ-ਨਿਸ਼ਾਨ ਨਹੀਂ ਸੀ, ਉਹ ਲਹੂ ਬੱਦਲਾਂ ਦੀਆਂ ਨਾੜਾਂ ਵਿੱਚ ਰਲ਼ ਗਿਆ। ਰੋਸ਼ਨਦਾਨ ਵਿੱਚ ਬੈਠੇ ਕਬੂਤਰ ਆਲ੍ਹਣਿਆਂ ਵਿੱਚ ਧੌਣਾ ਉੱਚੀਆਂ ਕਰ ਕੇ ਕਦੇ ਅੰਦਰ ਵੱਲ ਵੇਖਦੇ ਤੇ ਕਦੇ ਬਾਹਰ ਖੜ੍ਹੇ ਸ਼ੇਰੇ ਤੇ ਭੂੱਚਰੇ ਹੋਰਾਂ ਵੱਲ। ਪਰ ਅਰਾਮ ਨਾਲ਼ ਗੁਟਕਦੇ ਰਹੇ। ਬੈਂਕ ਵੱਲ ਰੋੜੇ ਮਾਰਦਿਆਂ ਤੋਂ ਸਭ ਦੀਆਂ ਬਾਹਾਂ ਆਕੜ ਕੇ ਥੱਕ ਚੁੱਕੀਆਂ ਸੀ। ਡੌਲਿਆਂ ਵਿੱਚੋਂ ਚੀਸਾਂ ਨਿਕਲ਼ ਰਹੀਆਂ ਸੀ। ਉਹ ਗਾਲਾਂ ਕੱਢਦੇ ਹੋਏ, ਤੇ ਦਿਨ ਚੜ੍ਹਦਾ ਵੇਖ ਕੇ ਕਿਤੇ ਕੋਈ ਪੁਲੀਸ ਦਾ ਮੁਲਾਜ਼ਮ ਏਧਰ ਉਹਨਾਂ ਨੂੰ ਆ ਕੇ ਨਾ ਫੜ ਲਵੇ, ਘਰਾਂ ਵੱਲ ਤੁਰ ਪਏ।

ਰਾਹ ਵਿੱਚ ਜਾਂਦਿਆਂ ਪੁਲੀਸ ਦੀਆਂ ਦੋ ਜੀਪਾਂ ਸਿਪਾਹੀਆਂ ਨਾਲ਼ ਲੱਦੀਆਂ ਹੋਈਆਂ ਏਧਰ ਆਉਂਦੀਆਂ ਵੇਖ ਕੇ ਉਹ ਖਤਾਨਾਂ ਵਿੱਚ ਦੀ ਵਾਹਣ ਵੱਲ ਦੌੜ ਗਏ। ਆਪਣੇ ਮੂੰਹਾਂ ਨੂੰ ਹੱਥਾਂ ਨਾਲ਼ ਲਕੋਅ ਲਿਆ ਸੀ ਕਿ ਕਿਤੇ ਕੋਈ ਸਿਆਣ ਨਾ ਕੱਢ ਲਵੇ।

ਥਾਣੇਦਾਰ ਨੇ ਜੀਪ ਵਿੱਚ ਖੜ੍ਹ ਕੇ ਉਹਨਾਂ ਨੂੰ ਦਬਕਾ ਮਾਰਿਆ, 'ਰੁੱਕੋ ਓਏ...' ਪਰ ਉਹਨਾਂ ਦੀ ਦੌੜ ਹੋਰ ਤੇਜ਼ ਹੋ ਗਈ। ਥਾਣੇਦਾਰ ਨੇ ਆਪਣੀ ਰਾਤ ਦੀ ਲੁੱਟੀ ਘੜੀ ਤੋਂ ਸਮਾਂ ਵੇਖਿਆ ਤੇ ਕਿਹਾ, 'ਬੱਸ ਹੋਰ ਦੋ ਘੰਟਿਆਂ ਤੀਕ ਕਮਾਂਡੋ ਆ ਕੇ ਏਸ ਸ਼ਹਿਰ ਦੇ ਚੱਪੇ-ਚੱਪੇ 'ਤੇ ਕਬਜ਼ਾ ਕਰ ਲਵੇਗੀ...'

ਥਾਣੇਦਾਰ ਦੇ ਇਸ਼ਾਰੇ 'ਤੇ ਪੁਲੀਸ ਦੀਆਂ ਕਾਰਾਂ ਜਦ ਬੈਂਕ ਵੱਲ ਮੁੜੀਆਂ ਤਾਂ ਜ਼ਰੂਰਤ ਸਿੰਘ ਨੇ ਆਪਣੇ ਪੱਟਾਂ 'ਤੇ ਰੱਖੀ ਬੰਦੂਕ ਚੁੱਕ ਕੇ ਫੇਰ ਜੰਗਲੇ ਵਿੱਚ ਦੀ ਥਾਣੇਦਾਰ ਦੇ ਖੋਪੜ ਤੇ ਸਿੰਨ ਲਈ, 'ਏਥੇ ਈ ਰੁਕ ਜੋ, ਨਹੀਂ ਤਾਂ ਖੋਪੜੀ ਉਡਾ ਦੇਵਾਂਗਾ...'

ਥਾਣੇਦਾਰ ਜੀਪ 'ਚੋਂ ਉਤਰ ਕੇ ਰੁਕ ਗਿਆ। ਸੀਟ 'ਤੇ ਬੈਠਣ ਕਰ ਕੇ ਥੱਲੇ ਨੂੰ ਸਰਕੀ ਪੈਂਟ ਫੜ੍ਹ ਕੇ ਉੱਪਰ ਚਾੜ੍ਹਦਿਆਂ ਬੈਂਕ ਵੱਲ ਗ਼ੌਰ ਨਾਲ਼ ਨਜ਼ਰ ਮਾਰੀ ਤਾਂ ਕੰਧ ਨਾਲ਼ ਟੇਢਾ ਸਾਈਕਲ ਦਿੱਸਿਆ। ਸਾਈਕਲ ਦੇ ਟਾਇਰਾਂ ਦੀਆਂ ਤਾਰਾਂ ਤਿੜਕ ਚੁੱਕੀਆਂ ਸੀ। ਬੋਰੀਆਂ ਦੀ ਅੱਗ ਬੁਝਣ ਬਾਦ ਵੀ ਸਾਰਾ ਧੂੰਆਂ ਹੌਲ਼ੀ-ਹੌਲ਼ੀ ਸ਼ਟਰ ਦੀ ਵਿਰਲ ਵਿੱਚੋਂ ਦੀ ਬਾਹਰ ਨਿਕਲ਼ ਰਿਹਾ ਸੀ।

'ਕੌਣ ਐਂ ਤੂੰ ਬਾਹਰ ਆ...?'

'ਮੈਂ ਗਾਰਡ ਹਾਂ ਜੀ...' ਪਰ ਇਹ ਸੁਣ ਕੇ ਕੋਲ਼ ਖੜ੍ਹੇ ਹੌਲ਼ਦਾਰ ਨੇ ਕੰਧ 'ਤੇ ਲੱਗੇ ਨੋਟਿਸ ਵੱਲ ਇਸ਼ਾਰਾ ਕੀਤਾ, ਜੀਹਦੇ ਤੇ ਲਿਖਿਆ ਸੀ, ਇੱਥੇ ਗਾਰਡ ਦੀ ਸਖ਼ਤ ਜ਼ਰੂਰਤ ਹੈ।

ਸੋ ਉਹਦੀ ਆਖੀ ਗੱਲ ਤੇ ਥਾਣੇਦਾਰ ਨੂੰ ਭੋਰਾ ਵੀ ਯਕੀਨ ਨਹੀਂ ਸੀ ਆਇਆ।

ਥਾਣੇਦਾਰ ਨੇ ਪੇਟੀ ਵਿੱਚੋਂ ਰਿਵਾਲਵਰ ਕੱਢ ਕੇ ਘੋੜਾ ਪਿੱਛੇ ਖਿੱਚ ਕੇ ਲੋਡ ਕਰ ਲਿਆ, 'ਜੋ ਵੀ ਹੈਂ... ਬਾਹਰ ਨਿਕਲ਼ ਬੰਦੇ ਦਾ ਪੁੱਤ ਬਣ ਕੇ, ਨਹੀਂ ਤਾਂ ਸਾਨੂੰ ਵੀ ਬੰਦਾ ਬਣਾਉਣਾ ਆਉਂਦਾ... ਤੇਰਾ ਵਾ ਨਹੀਂ ਪਿਆ ਪੁਲਿਸ ਨਾਲ, ਪਾਣੀ ਨੇ ਲੰਘਣਾ ਤਾਂ ਪੁਲ ਦੇ ਥੱਲੇ ਦੀ ਹੁੰਦੈ...'

'ਨਾ ਜੀ ਆ ਗੱਲ ਤੇਰੀ ਝੂਠੀ ਐ...ਜੇ ਪਾਣੀ 'ਚ ਦਮ ਹੋਵੇ ਤਾਂ ਲੰਘ ਉ ਪੁਲ ਦੇ ਸਿਰ ਤੋਂ ਵੀ ਜਾਂਦੈ...'

'...ਬਾਹਰ ਆ...'

'ਮੈਂ ਨਹੀਂ ਕਿਸੇ ਨੂੰ ਅੰਦਰ ਵੜਨ ਦੇਣਾ, ਜਿੰਨਾ ਚਿਰ ਮੈਨੇਜਰ ਸਾਬ ਨੀ ਆਉਂਦੇ ਏਥੇ, ਜੇ ਕੋਸ਼ਿਸ਼ ਕੀਤੀ ਤਾਂ ਗੋਲ਼ੀ ਚਲਾਦੂੰ...' ਉਹਨੂੰ ਆਪਣੀ ਸ਼ਰਤ ਦੱਸ ਦਿੱਤੀ।

'ਕਦੋਂ ਆਊਗਾ ਤੇਰਾ ਮੈਨੇਜਰ...?'

'ਪਤਾ ਨੀ, ਮੈਂ ਤਾਂ ਰਾਤੀਂ ਦੇ ਆਈ ਫੋਨ ਕਰਦਾ ਸੀ, ਉਨ੍ਹਾਂ ਨੇ ਚਾਹ ਵੀ ਲੈ ਕੇ ਆਉਣੀ ਸੀ ਮੇਰੇ ਲਈ...'

'ਏਹ ਐਵੇਂ ਸਾਲਾ ਝੂਠ ਮਾਰਦਾ ਜੀ, ਮਾਣੋ ਜਿਹੇ ਕਰਦੇ ਹੋ ਕੇ ਅੱਗੇ ਹੁੰਨੇ ਆਂ...' ਹੌਲ਼ਦਾਰ ਨੇ ਫੁਰਤੀ ਨਾਲ਼ ਕਿਹਾ ਤੇ ਹਿੰਮਤ ਕਰ ਕੇ ਜਦ ਅੱਗੇ ਵਧਿਆ ਤੇ ਉਹਦੀ ਵਾਹੀ ਲਕੀਰ ਤੋਂ ਪੈਰ ਅੱਗੇ ਟੱਪਿਆ ਤਾਂ ਜ਼ਰੂਰਤ ਸਿੰਘ ਨੇ ਫ਼ਾਇਰ ਕਰ ਦਿੱਤਾ। ਫ਼ਾਇਰ ਕੀਤਾ ਤਾਂ ਲੱਤ ਵਿੱਚ ਮਾਰਨ ਲਈ ਸੀ ਵੱਜਿਆ ਉਹ ਪੈਰਾਂ ਵਿਚਾਲੇ।

ਬੰਦੂਕ ਦੀ ਨਾਲ਼ੀ ਵਿੱਚ ਫ਼ਰਕ ਸੀ ਜਾਂ ਕੋਈ ਹੋਰ ਗੱਲ।

ਗੋਲ਼ੀ ਦਾ ਖੜਾਕ ਸੁਣ ਕੇ ਹੌਲਦਾਰ ਮਿੱਟੀ ਵਿੱਚ ਲੇਟ ਗਿਆ।

ਬਾਕੀ ਸਾਰੇ ਸਿਪਾਹੀ ਜੀਪਾਂ ਉਹਲੇ ਜਾਨ ਬਚਾਉਣ ਲਈ ਲੁਕ ਗਏ।

ਥਾਣੇਦਾਰ ਵੀ ਜਦ ਲੁਕਣ ਲੱਗਿਆ ਤਾਂ ਉਹਦਾ ਸਿਰ ਜ਼ੋਰ ਨਾਲ਼ ਜੀਪ ਵਿੱਚ ਵੱਜਿਆ, 'ਏਹ ਸੱਚੀਂ ਅਸਲਾ ਚੱਕੀ ਫਿਰਦਾ...'

'ਲਕੀਰ ਤੋਂ ਪਿੱਛੇ ਹੋ ਕੇ ਖੜ੍ਹ... ਜੋ...'

ਸਾਰੇ ਉਹਦੀ ਵਾਹੀ ਲਕੀਰ ਤੋਂ ਪਿਛਾਂਹ ਹੋ ਗਏ ਤੇ ਹੌਲਦਾਰ ਨੇ ਅਵਾਜ਼ ਮਾਰ ਕੇ ਭਰੋਸਾ ਲਿਆ, 'ਹੁਣ ਨਾ ਗੋਲ਼ੀ ਚਲਾਈਂ ਫੇਰ...'

'ਠੀਕ ਐ...' ਉਹ ਦੀਆਂ ਗੋਲ਼ੀਆਂ ਮੁੱਕ ਚੁੱਕੀਆਂ ਸੀ। ਥਾਣੇਦਾਰ ਨੇ ਜੇਬ ਵਿੱਚੋਂ ਲਾਈਟਰ ਕੱਢਿਆ ਤੇ ਰਾਤ ਦੀ ਬੁਝਾਈ ਅੱਗ ਨੂੰ ਬਾਲ ਕੇ ਧੂਣੀ ਸੇਕਣ ਲੱਗ ਪਿਆ।

ਚਾਰ ਪੰਜ ਮਿੰਟਾਂ ਵਿੱਚ ਹੀ ਅੱਗ ਬੁਝਾਉਣ ਵਾਲਾ ਟੈਂਕਰ ਆ ਕੇ ਬੈਂਕ ਅੱਗੇ ਰੁਕਿਆ। ਉਹਦੇ ਵਿੱਚ ਨੀਲੀ ਵਰਦੀ ਵਾਲ਼ੇ ਨੇ ਉਤਰਦਿਆਂ, ਸਾਰੇ ਨਲ਼ ਖਲੋਂਦਿਆਂ ਪੁੱਛਿਆ, 'ਰਾਤੀਂ ਫ਼ੋਨ ਆਉਂਦਾ ਪਿਆ ਸੀ, ਏਥੇ ਅੱਗ ਲੱਗੀ ਐ, ਕੁਝ ਲੁਟੇਰੇ ਬੈਂਕ ਨੂੰ ਲੁੱਟ ਕੇ ਸਾੜਨ ਦੀ ਕੋਸ਼ਿਸ਼ ਵਿੱਚ ਨੇ, ਮੈਨੇਜਰ ਸਾਬ ਨੇ ਫ਼ੋਨ ਕਰ ਕੇ ਇਤਲਾਹ ਦਿੱਤੀ ਸੀ, ਕਿੱਥੇ ਐ ਅੱਗ...?'

'ਰਾਤ ਦਾ ਫ਼ੋਨ ਕੀਤਾ ਹੁਣ ਆਏਂ ਓਂ... ਹੁਣ ਤਾਂ ਅੱਗ ਨੇ ਸਾੜ ਕੇ ਸਾਰਾ ਕੁਝ ਸਵਾਹ ਕਰਤਾ ਹੋਣਾ...'

'ਜਨਾਬ ਰਾਤ ਮਹੌਲ ਖ਼ਰਾਬ ਸੀ, ਵਰ੍ਹਦੀ ਮੌਤ ਵਿੱਚ ਕਿਹੜਾ ਬੇਵਕੂਫ਼ ਜਾਨ ਦਾਅ 'ਤੇ ਲਾ ਕੇ ਬਾਹਰ ਆਉਂਦਾ...'

'ਬੇਵਕੂਫ਼...' ਥਾਣੇਦਾਰ ਨੇ ਬੈਂਕ ਵਿੱਚ ਜੰਗਲੇ 'ਚ ਬੰਦੂਕ ਫੜ੍ਹ ਕੇ ਬੈਠੇ ਚੜ੍ਹਤ ਸਿੰਘ ਵੱਲ ਇਸ਼ਾਰਾ ਕੀਤਾ, 'ਹੁਣ ਤਾਂ ਉਨ੍ਹਾਂ ਨੂੰ ਜਾ ਕੇ ਪਾਣੀ ਪਿਲਾ ਜੋ ਰਾਤ ਦੇ ਅੱਗ ਲਾਉਂਦੇ ਤਿਹਾਏ ਹੋਣੇ ਐਂ...'

'ਅਸੀਂ ਡਿਊਟੀ ਹੋਰ ਥਾਂ ਭੁਗਤਾਉਨੇ ਆਂ ਜੀ ਜਾ ਕੇ...!' ਡਰਾਇਵਰ ਬਰਗੇਡ ਵਾਲ਼ਿਆਂ ਪਾਇਪਾਂ ਨੂੰ ਫੇਰ ਇਕੱਠਾ ਕੀਤਾ ਤੇ ਕੈਂਟਰ ਨੂੰ ਮੋੜ ਕੇ ਸ਼ਹਿਰ ਵਿੱਚ ਬਲਦੀ ਟਾਂਵੀ-ਟਾਂਵੀ ਅੱਗ ਦੀ ਭਾਲ਼ ਕਰਨ ਲੱਗੇ।

ਕਾਰ ਆ ਕੇ ਰੁਕੀ, ਜੀਹਦੇ ਵਿੱਚੋਂ ਕੋਟ ਦੀ ਬੁਕਲ ਮਾਰ ਕੇ, ਨੱਕ ਨੂੰ ਰੰਗੀਨ ਮਫ਼ਲਰ ਨਾਲ਼ ਕੱਜ ਕੇ ਮੈਨੇਜਰ ਖਿੜਕੀ ਖੋਲ੍ਹ ਕੇ ਬਾਹਰ ਆਇਆ। ਉਹਨੇ ਜਾਮਨੀ ਜੈਕਟ ਦੇ ਕਾਲਰ ਠੀਕ ਕੀਤੇ, ਜੋ ਥੱਲੇ ਦੀ ਪਾਈ ਸੀ, ਤੇ ਬਿਨਾ ਮੂੰਹੋਂ ਕੋਈ ਅਵਾਜ਼ ਕੱਢੇ ਧੌਣ ਝੁਕਾ ਕੇ ਹੱਥ ਜੋੜ ਕੇ ਥਾਣੇਦਾਰ ਨੂੰ 'ਸਤਿ ਸ੍ਰੀ ਅਕਾਲ' ਬੁਲਾ ਦਿੱਤੀ।

'ਲੈ ਆ ਗਿਐ ਤੇਰੀ ਮਾਂ ਦਾ ਖਸਮ... ਧਰਦੇ ਜੇੜ੍ਹਾ ਛੁਹਾਰਾ ਏਹਨੂੰ ਧਰਨਾ'

ਮੈਨੇਜਰ ਨੇ ਆਪਣੇ ਹੱਥ ਵਿੱਚ ਫੜੀ ਥਰਮੋਸ ਵਿੱਚ ਚਾਹ ਦਾ ਕੱਪ ਭਰ ਕੇ ਉਹਦੇ ਲਈ ਲੈ ਕੇ ਅੱਗੇ ਗਿਆ ਤਾਂ ਚੜ੍ਹਤ ਸਿੰਘ ਕੁਰਸੀ 'ਤੇ ਉਤਾਰ ਕੇ ਰੱਖਿਆ ਕੁੰੜਤਾ, ਚੱਕ ਕੇ ਆਪਣੇ ਮੋਢੇ ਧਰਿਆ ਤੇ ਬੰਦੂਕ ਨੂੰ ਹੱਥ ਵਿੱਚ ਲਮਕਾ ਕੇ, ਵਾਟਰ ਕੂਲਰ ਕੋਲ ਪਈ ਆਪਣੀ ਬਾਟੀ ਚੱਕ ਕੇ ਬਾਹਰ ਮੈਨੇਜਰ ਕੋਲ਼ ਆ ਗਿਆ।

ਥਾਣੇਦਾਰ ਨਾਲ਼ ਸਿਪਾਹੀ ਭੱਜ ਕੇ ਅੰਦਰ ਗਏ।

ਮਾਹੌਲ ਦੀ ਪੂਰੀ ਜਾਂਚ ਕਰ ਕੇ ਹੈਡ ਕੁਆਟਰ ਵਿੱਚ ਫ਼ੋਨ ਕਰ ਦਿੱਤਾ, 'ਇੱਥੇ ਸਭ ਕੁਝ ਠੀਕ ਹੈ, ਜਲਦੀ ਨਾਲ਼ ਹੋਰ ਫੋਰਸ ਭੇਜ ਦਿਉ ਤਾਂ ਜੋ ਬੈਂਕ ਦੀ ਸਾਰੀ ਰਕਮ ਸੁਰੱਖਿਅਤ ਥਾਂ 'ਤੇ ਭੇਜ ਦਿੱਤੀ ਜਾਵੇ ਜੀ...'

ਚੜ੍ਹਤ ਸਿੰਘ ਨੇ ਮੈਨੇਜਰ ਦੇ ਹੱਥ ਵਿੱਚ ਫੜ੍ਹੇ ਚਾਹ ਦੇ ਕੱਪ ਵਿੱਚੋਂ ਆਪਣੀ ਬਾਟੀ ਵਿੱਚ ਚਾਹ ਪਾ ਲਈ ਤੇ ਬਾਹਰ ਕੁਰਸੀ 'ਤੇ ਬੈਠ ਕੇ ਪੀਣ ਲੱਗਿਆ।

ਚਾਹ ਪੀਣ ਤੋਂ ਬਾਦ ਉਹਨੇ ਆਪਣੇ ਲਿੱਬੜੇ ਹੱਥਾਂ ਨੂੰ ਆਪਸ ਵਿੱਚ ਮਾਰ ਕੇ ਝਾੜਿਆ ਤਾਂ ਉਹਦਾ ਖੜਾਕ ਸੁਣ ਕੇ, ਗੋਲ਼ੀਆਂ ਦੇ ਖੜਾਕ ਵਿੱਚ ਵੀ ਅਰਾਮ ਨਾਲ਼ ਗੁਟਕ ਰਹੇ ਕਬੂਤਰ ਡਰ ਕੇ ਅਕਾਸ਼ ਵਿੱਚ ਉਡਾਰੀ ਮਾਰ ਗਏ। ਉਹਨਾਂ ਦੇ ਹਵਾ ਵਿੱਚ ਉੱਡਦੇ ਭੰਬੂ ਨੂੰ ਧਰਤੀ 'ਤੇ ਡਿੱਗਣ ਤੋਂ ਪਹਿਲਾਂ ਹੀ ਬੋਚ ਲਿਆ।

———

ਅੰਤਕਾ

ਦੋ ਦਿਨਾਂ ਬਾਅਦ...!!

ਤਿੰਨ ਚਾਰ ਪੁਲੀਸ ਨਾਲ਼ ਭਰੀਆਂ ਜੀਪਾਂ ਅੱਜ ਚੜ੍ਹਤ ਸਿੰਘ ਦੇ ਪਿੰਡ ਵਿੱਚ ਧੂੜ ਉਡਾਉਂਦੀਆਂ ਹੋਈਆਂ, ਸਿੱਧੀਆਂ ਪਿੱਪਲ ਕੋਲ਼ ਲੰਘ ਕੇ, ਚੌਧਰੀ ਦੀ ਹਵੇਲੀ ਵਿੱਚ ਜਾ ਖੜ੍ਹੀਆਂ।

ਕਾਮਿਆਂ ਨੇ ਭੱਜ-ਭੱਜ ਕੇ ਬਰਾਂਡੇ ਵਿੱਚ ਪਏ ਸੋਫ਼ੇ ਚੱਕ ਥਾਣੇਦਾਰ ਅੱਗੇ ਬੈਠਣ ਲਈ ਲਿਆ ਰੱਖੇ।

ਚੌਧਰੀ ਸਾਰਿਆਂ ਨੂੰ ਫਤਹਿ ਬੁਲਾ ਕੇ ਆਪਣੇ ਬੈਠਣ ਵਾਲ਼ੀ ਵਿਸ਼ੇਸ਼ ਕੁਰਸੀ ਤੇ, ਜੀਹਨੂੰ ਖਰਾਦ ਕੇ ਮਿਸਤਰੀ ਨੇ ਅਜੀਬ ਮੀਨਾਕਾਰੀ ਕੀਤੀ ਸੀ, ਕਈ ਥਾਵਾਂ 'ਤੇ ਪੂਰੀ ਵਿਉਂਤ ਨਾਲ਼ ਪਿੱਤਲ ਦੇ ਬਾਜ ਜਪਾਨੀ ਮੇਖਾਂ ਨਾਲ਼ ਲਗਾਏ ਸੀ, ਲੱਤ 'ਤੇ ਲੱਤ ਰੱਖ ਕੇ ਬੈਠ ਗਿਆ। ਉਹਦੀ ਜੁੱਤੀ ਦੇ ਮਣਕੇ ਲਿਸ਼ਕ ਰਹੇ ਸੀ।

'ਚੌਧਰੀ ਸਾਬ ਪੁੱਛੋਂ ਨਾ ਜੀਹਦਾ ਦਾਅ ਲੱਗਦਾ ਉਹੀ ਲਾਉਣ ਨੂੰ ਫਿਰਦਾ, ਕੱਲ੍ਹ ਨਾਲ਼ ਦੇ ਪਿੰਡਾਂ ਵਿੱਚੋਂ ਕੱਠ ਕਰ ਕੇ ਬੈਂਕ ਲੁੱਟਣ ਲਈ ਬੰਦੇ ਜਾਵੜੇ ਸੀ, ਪਰ ਰੱਬ ਜਾਣੇ ਰੱਬ ਸਬੱਬੀਂ ਕਹਿ-ਲੋ, ਆਹ ਸੋਡੇ ਪਿੰਡ ਪੁੱਠੀ ਮੱਤ ਆਲਾ ਬੰਦਾ ਕੀ ਨਾਉਂ ਐ...' ਥਾਣੇਦਾਰ ਨੇ ਕੋਲ਼ ਖੜ੍ਹੇ ਚੌਕੀਦਾਰ ਨੂੰ ਪੁੱਛਿਆ, ' ਨਾਉਂ ਐ...'

'ਚੜ੍ਹਤ ਸਿੰਘ... ਬਾਬੇ ਸੰਮਣ ਕਾ...'

'ਹਾਂ ਚੜ੍ਹਤ ਸਿੰਘ ਦੇ ਪਤਾ ਨੀ ਚਿੱਤ 'ਚ ਕੀ ਫੁਰਨਾ ਫੁਰਿਆ ਕਿ ਰਫ਼ਲ ਲੇ ਕੇ ਬੈਂਕ ਦਾ ਜਿੰਦਾ ਤੋੜ ਕੇ ਅੰਦਰ ਬਹਿ ਗਿਆ, ਦੇਹ ਫ਼ਾਇਰ ਤੇ ਫ਼ਾਇਰ, ਉਹਨੇ ਆਹ ਭੂਸਰੇ ਜੱਟਾਂ ਨੂੰ ਮਿੱਟੀ ਦੀ ਰੋੜੀ ਨੀਂ ਚੱਕਣ ਦਿੱਤੀ ਖੋਟਾ ਧੇਲਾ ਚੱਕਣਾ ਤਾਂ ਦੂਰ ਦੀ ਗੱਲ ਐ...'

'ਹੁਣ ਫੇਰ...' ਚੌਧਰੀ ਦੇ ਦਿਲ ਵਿੱਚ ਖ਼ਾਰ ਪੈਦਾ ਹੋਈ ਤੇ ਮੈਨੇਜਰ ਨੂੰ ਪੁੱਠੀ ਗਾਲ੍ਹ ਦਿਲ ਵਿੱਚ ਕੱਢੀ ਤੇ ਪੁੱਛਿਆ, 'ਨਾ ਉਹਦੇ ਕੋਲ਼ ਰਫ਼ਲ ਕਿੱਥੋਂ ਆਈ...?'

'ਰਫ਼ਲ ਤਾਂ ਜੀ ਬੈਂਕ 'ਚ ਈ ਹੁੰਦੀ ਐ ਨਾ, ਹੋਰ ਲਿਆ ਕੇ ਕੇੜ੍ਹਾ ਕਿਸੇ ਨੇ ਸਿਰ 'ਚ ਮਾਰਨੀ ਐ... ਕਿਉਂ ਮੈਨੇਜਰ ਸਾਬ...'

'ਹਾਂ ਜੀ... ਹਾਂ ਜੀ... ਇਉਂ ਜੋੜ੍ਹੀ ਵੀ ਕਾਰਵਾਈ ਪਾਉਣੀ ਐ ਛੇਤੀ ਨਾਲ਼ ਕਰਿਉ... ਫੇਰ ਹਨ੍ਹੇਰਾ ਸਿਰ ਉੱਤੇ ਦੀ ਹੋ ਗਿਆ ਤਾਂ ਲੋਕ ਆਸੇ ਪਾਸੇ ਛਿਪ ਜਾਣਗੇ ਜਾ ਬਈ ਮੁੰਡਿਆ' ਮੈਨੇਜਰ ਨੇ ਚੌਧਰੀ ਦੀ ਤਾਬ ਨਾ ਝੱਲਦਿਆਂ ਕੋਲ਼ ਖੜ੍ਹੇ ਕਾਮੇ ਨੂੰ ਹੁਕਮ ਕੀਤਾ, 'ਉਹਨੂੰ ਸੱਦ ਕੇ ਲਿਆ ਕਿ ਹਵੇਲੀ 'ਚ ਬੰਦੇ ਪਛਾਣਨੇ ਐਂ ਰਾਤੀਂ ਕੇੜ੍ਹੇ-ਕੇੜ੍ਹੇ ਸੀ...'

'ਪਿੰਡ 'ਚ ਮੁਨਾਦੀ ਕਰਦੋ ਬਿੰਦ ਵਿੱਚ ਕਿ ਜੇੜ੍ਹਾ ਵੀ ਐਥੇ ਨਾ ਆਇਆ, ਉਹੀ ਦੋਸ਼ੀ ਮੰਨ ਕੇ ਨੂੜ ਕੇ ਲੈ ਜਾਵਾਂਗੇ, ਜਮਾਨਤ ਨੀ ਹੁੰਦੀ ਗਿੱਲ ਦੀ ਲਿਖੀ ਰਪਟ 'ਚ...' ਥਾਣੇਦਾਰ ਦੇ ਕਹਿਣ ਦੀ ਦੇਰੀ ਸੀ ਕਿ ਹਵੇਲੀ ਦੇ ਤਿੰਨ-ਚਾਰ ਬੰਦਿਆਂ ਨੇ ਪਿੰਡ ਦੀਆਂ ਚਾਰੇ ਦਿਸ਼ਾਵਾਂ ਮੱਲ ਲਈਆਂ ਤੇ ਹੋਕਾ ਦਿੰਦਿਆਂ ਗਦਾਵਾ ਫੇਰ ਦਿੱਤਾ।

ਤੇ ਏਧਰ ਚੜ੍ਹਤ ਸਿੰਘ ਨੇ ਇੱਕ ਚਿੜ੍ਹੀ ਦਾ ਬੱਚਾ ਮਰ ਕੇ ਥੱਲੇ ਡਿੱਗਿਆ ਪਿਆ ਵੇਖਿਆ। ਉਹਨੇ ਕੰਧੋਲੀ 'ਤੇ ਪਈ ਬਾਟੀ ਚੁੱਕੀ ਤੇ ਫਿਰ ਓਹਦੇ ਕਿਨਾਰੇ ਨਾਲ ਅੰਬ ਦੀ ਛਾਂ ਥੱਲੇ ਗਿੱਠ ਡੂੰਘਾ ਟੋਆ ਪੱਟ ਕੇ ਬੱਚੇ ਨੂੰ ਵਿੱਚ ਧਰ ਦਿੱਤਾ। ਉੱਤੇ ਬੁੱਕ ਭਰ ਕੇ ਮਿੱਟੀ ਪਾਉਣ ਲੱਗਿਆ ਤਾਂ ਰੁਕ ਗਿਆ। ਇੱਕ ਹੱਥ 'ਚ ਮਿੱਟੀ ਨੂੰ ਓਵੇਂ ਹੀ ਫੜੀ, ਛੱਤੜੇ ਹੇਠ ਪਈ ਬੋਰੀ ਵਿਚੋਂ ਦਾਣਿਆਂ ਦੀ ਲੱਪ ਭਰ ਕੇ ਲੈ ਆਇਆ। ਬੱਚੇ ਦੀ ਚੁੰਝ ਨੂੰ ਦਾਣਿਆਂ ਨਾਲ ਢੱਕ ਕੇ ਉਤੋਂ ਮਿੱਟੀ ਪੂਰ ਦਿੱਤੀ।

ਇੱਕ ਦੁਪਹਿਰ ਖਿੜੀ ਦਾ ਫੁੱਲ ਤੋੜ ਕੇ ਉੱਪਰ ਰੱਖ ਦਿੱਤਾ।

ਚੌਂਕੀਦਾਰ ਆਪਣੇ ਨਾਲ਼ ਇੱਕ ਸਿਪਾਹੀ ਲੈ ਕੇ ਗਲ਼ੀਆਂ ਦੇ ਰੇਤੇ ਨੂੰ ਆਪਣੇ ਚਾਦਰੇ ਨਾਲ਼ ਸੁੰਬਰਦਾ ਹੋਇਆ ਚੜ੍ਹਤ ਸਿੰਘ ਦੇ ਘਰ ਅੱਗੇ ਸ਼ਤੀਰ ਬਣ ਕੇ ਖੜ੍ਹ ਗਿਆ, 'ਹਾਂ ਬਈ ਤੈਨੂੰ ਹਵੇਲੀ 'ਚ ਸੱਦਿਆ ਜ਼ਰੂਰੀ ਕੰਮ ਐ ਕੋਈ... ਸਾਰਾ ਥਾਣਾ ਆਇਆ ਬੈਠਾ ਚੜ੍ਹ ਕੇ...'

ਉਹਨੇ ਸਿਰਫ਼ ਚੌਂਕੀਦਾਰ ਤੇ ਫਿਰ ਸਿਪਾਹੀ ਵੱਲ ਵੇਖਿਆ ਹੀ ਪਰ ਬੋਲਿਆ ਕੱਖ ਵੀ ਨਹੀਂ। ਕੱਬੀ ਅੱਖ ਝਾਕਦਿਆਂ ਅੰਬ ਵੱਲ ਧਿਆਨ ਗਿਆ ਤਾਂ ਫੇਰ ਬੋਲਿਆ 'ਸਾਸਰੀ ਕਾਲ ਜੀ'

'ਸਾਸਰੀ ਕਾਲ ਜੀ ਤਾਂ ਠੀਕ ਐ, ਤੈਨੂੰ ਸੁਣ ਗਿਆ ਨਾ ਜੋ ਅਸੀਂ ਕਿਹਾ... ਆਗੀ ਸਮਝ ਕਿ ਨਹੀਂ, ਜੋ ਕਿਹਾ, ਹਵੇਲੀ ਆਜਾ...' ਸਿਪਾਹੀ ਨੇ ਡੰਡੇ 'ਤੇ ਆਪਣੇ ਦੋਵਾਂ ਹੱਥਾਂ ਦੀਆਂ ਮੁੱਠੀਆਂ ਦਾ ਭਾਰ ਪਾਉਂਦਿਆਂ ਪੁੱਛਿਆ, 'ਬੋਲ...?'

'ਸਾਸਰੀ ਕਾਲ ਤੋਂ ਪਹਿਲਾਂ ਤਾਂ ਤੁਸੀਂ ਮੈਨੂੰ ਦਿਖੇ ਵੀ ਨਹੀਂ, ਫੇਰ ਸੁਣਨਾ ਕੀ ਸੀ, ਹੁਣ ਬਚਨ ਬਿਲਾਸ ਕਰੋ ਕੀ ਐ... ਇਉਂ ਘਾਬਰੇ ਜਿਹੇ ਕਾਤੋਂ ਖੜ੍ਹੇ ਐ, ਵੱਸਦੇ ਘਰ ਆਏ ਆਂ... ਕਿਉਂ ਬਈ ਪੁੱਤ...' ਚੜ੍ਹਤ ਸਿੰਘ ਨੇ ਅੰਬ ਵੱਲ ਵੇਖ ਕੇ

ਸੈਨਤ ਮਾਰ ਕੇ ਖਚਰੀ ਜਿਹੀ ਹਾਸੀ ਹੱਸ ਕੇ ਪੁੱਛਿਆ, ਜਿਵੇਂ ਕਿਸੇ ਨਿਆਣੇ ਨੂੰ ਠਿੱਠ ਕਰਨਾ ਹੋਵੇ।

'ਤੈਨੂੰ ਹਵੇਲੀ ਸੱਦਾਇਆ...' ਚੌਂਕੀਦਾਰ ਨੇ ਫੇਰ ਦੁਬਾਰੇ ਗੱਲ ਦੱਸਣੀ ਸ਼ੁਰੂ ਕੀਤੀ ਤਾਂ ਉਹਦੇ ਮੱਥੇ ਦੀ ਤਿਊੜੀ ਵੇਖ ਕੇ ਚੁੱਪ ਕਰ ਗਿਆ।

ਚੜ੍ਹਤ ਸਿੰਘ ਨੇ ਆਪਣੇ ਮਿੱਟੀ ਨਾਲ਼ ਲਿੱਬੜੇ ਹੱਥਾਂ ਦੀਆਂ ਉਂਗਲਾਂ ਫਸਾ ਕੇ ਖਿੱਚੀਆਂ, 'ਤੇਰਾ ਕੁਸ ਲੱਗਦਾ ਹੋਊਂਗਾ ਤੇਰੀ ਮਾਂ ਦਾ ਤਾਂ ਮੈਂ ਦਿਉਰ ਲੱਗਦਾ, ਮਰੀ ਖਪੀ ਖ਼ਲਕਤ ਨੂੰ ਵੀ ਪਤਾ...'

'ਚਾਚਾ ਤੈਨੂੰ ਹਵੇਲੀ... ਥਾਣੇਦਾਰ ਨੇ ਸੱਦਾਇਆ, ਕੰਮ ਐ ਕੋਈ... ਆ ਜੀਂ ਫੇਰ ਜਿੰਨੀ ਛੇਤੀ ਹੋ ਸਕਿਆ, ਮਿੰਟ ਤੋਂ ਪਹਿਲਾਂ ਈ ਆਜੀਂ...'

ਚੌਂਕੀਦਾਰ ਤੇ ਸਿਪਾਹੀ ਦੋਵੇਂ ਅੱਗੜ-ਪਿੱਛੜ ਹੋ ਕੇ ਇੱਕ ਦੂਜੇ ਵੱਲ ਝਾਕਦੇ ਤੇ ਕਦੇ ਚੜ੍ਹਤ ਸਿੰਘ ਦੇ ਮੂੰਹ ਵੱਲ ਵੇਖਦੇ ਹੋਏ ਘਰੋਂ ਬਾਹਰ ਚਲੇ ਗਏ।

ਉਹਨਾਂ ਦੀਆਂ ਅਵਾਜ਼ਾਂ ਫਿਰਨੀ ਤੀਕ ਉਹਨੂੰ ਸੁਣਾਈ ਦਿੱਤੀਆਂ, 'ਯਾਰ ਏਹ ਐਵਜੇ ਪੁੱਠੇ ਮਤੇ ਦਾ ਈ ਐ, ਕਦੇ ਤਾਂ ਏਹ ਅੱਖ 'ਚ ਪਾਇਆ ਸੁਰਮ ਸਲਾਈ ਵਾਂਙੂੰ ਨੀ ਰੜਕਦਾ, ਕਦੇ ਹਵਾ ਨੂੰ ਵੀ ਗੰਢ ਮਾਰ ਕੇ ਆਲ਼ੇ 'ਚ ਧਰ ਦਿੰਦਾ... ਆਪਾਂ ਕੀ ਲੈਣਾ ਸੁਨੇਹਾ ਲਾਤਾ ਜੋ ਵੱਸ ਸੀ, ਹੁਣ ਥਾਣਾ ਜਾਣੇ ਤੇ ਇਹ...' ਉਹਨੇ ਪਿੱਪਲ ਦੇ ਥੜ੍ਹੇ 'ਤੇ ਬੈਠੇ ਬੰਦਿਆਂ ਕੋਲ਼ ਜਾ ਕੇ ਹੋਕਰ ਦਿੱਤੀ, 'ਚੌਧਰੀ ਦੀ ਹਵੇਲੀ ਪੁੱਜੋ ਬਈ ਓਏ, ਥਾਣਾ ਆਇਆ ਬੈਠਾ ਬੰਦੇ ਪਛਾਣਨੇ ਐਂ...'

ਅਗਲੇ ਕੁਝ ਘੰਟੇ ਵਿੱਚ ਹੀ ਸਾਰਾ ਪਿੰਡ ਚੌਧਰੀ ਦੀ ਹਵੇਲੀ ਅੱਗੇ 'ਕੱਠ ਮਾਰ ਕੇ ਖੜ੍ਹ ਗਿਆ।

ਇਨ੍ਹਾਂ ਵਿੱਚ ਸ਼ੇਰੇ ਤੇ ਉਹਦੇ ਸਾਰੇ ਸਾਥੀ ਆ ਕੇ ਖੜ੍ਹ ਗਏ।

ਆਮ ਬੰਦਿਆਂ ਨਾਲ਼ੋਂ ਵੱਧ ਨੀਵੀਂ ਪਾ ਕੇ ਖੜ੍ਹੋਤੇ ਸੀ। ਬੁੱਢੇ-ਠੇਰੇ ਸੋਟੀ ਦੇ ਸਹਾਰੇ ਨਾਲ਼ ਤੁਰਦੇ ਹੋਏ ਗਲ਼ੀਆਂ ਵਿੱਚ ਆਪਣੇ ਖੂੰਢਿਆਂ ਦੀ ਧਮਕਾਰ ਪਾਉਂਦੇ ਏਧਰ ਵੱਲ ਆਉਂਦੇ ਪਏ ਸੀ।

ਥਾਣੇਦਾਰ ਕੁਰਸੀ ਤੋਂ ਉੱਠ ਕੇ ਬਾਹਰ ਆਇਆ ਤੇ ਹਵੇਲੀ ਦੇ ਦਰਵਾਜ਼ੇ ਨਾਲ਼ ਬਣੀ ਥੜ੍ਹੀ 'ਤੇ ਖੜ੍ਹ ਕੇ ਸਾਰਿਆਂ 'ਤੇ ਨਜ਼ਰ ਮਾਰੀ। ਚੌਧਰੀ ਹਵੇਲੀ ਦੀ ਛੱਤ 'ਤੇ ਖੜ੍ਹਾ ਸਾਰੇ ਇੱਕਠ ਨੂੰ ਕਿਸੇ ਨੀਝ ਨਾਲ ਤੱਕਦਾ ਪਿਆ ਸੀ। ਉਹਦਾ ਪਰਛਾਵਾਂ ਥੱਲ੍ਹੇ ਖੜ੍ਹੇ ਲੋਕਾਂ 'ਤੇ ਪੈਂਦਾ ਪਿਆ ਸੀ।

'ਹਾਂ ਬਈ ਏਨਾਂ ਈ ਪਿੰਡ ਐ...'

'ਹਾਹੋ ਜੀ...'

'ਚੜ੍ਹਤ ਸਿੰਘ ਕੇੜ੍ਹਾ ਐ ਸੋਡੇ 'ਚੋਂ, ਐਥੇ ਆ ਕੇ ਪਛਾਣ ਕੇ ਦੱਸ ਓਏ, ਏਨ੍ਹਾਂ ਵਿੱਚੋਂ ਤਾਂ ਨਹੀਂ ਕੋਈ... ਕਿੱਥੇ ਐ...?'

ਸਾਰੇ ਇੱਕ ਦੂਜੇ ਵੱਲ ਝਾਕਣ ਲੱਗ ਪਏ ਜਿਵੇਂ ਉਹਦੀ ਸੂਹ ਲੈਂਦੇ ਹੋਣ। ਸਾਰੀ ਪੁਲੀਸ ਨੇ ਪਿੰਡ ਦੀ ਏਸ ਭੀੜ ਨੂੰ ਆਪਣੇ ਘੇਰੇ ਵਿੱਚ ਲੇ ਲਿਆ ਤਾਂ ਜੋ, ਜਿਹੜਾ ਵੀ ਦੋਸ਼ੀ ਪਛਾਣਿਆ ਜਾਊ ਉਹ ਭੱਜਣ ਦੀ ਕੋਸ਼ਿਸ਼ ਨਾ ਕਰ ਸਕੇ।

'ਜਨਾਬ ਉਹ ਨਹੀਂ ਅਜੇ ਆਇਆ...'

'ਉਹ ਤਾਂ ਜੀ ਗੱਲਾਂ ਈ ਹੋਰੂੰ ਕਰਦਾ ਸੀ ਜਿਵੇਂ ਉਹ ਸੋਡੇ 'ਤੇ ਅਫ਼ਸਰ ਲੱਗਿਆ ਹੋਏ... ਆਖੋਂ ਤਾਂ ਦੂਹਰੀ ਵਾਰ ਸਨੇਹਾ ਲਾ ਆਉਂਦੇ ਆਂ ਪਰ ਉਹਨੇ ਐਂ ਨੀ ਆਉਣਾ, ਹੋਰ ਈ ਮਤੇ ਦਾ ਬੰਦਾ ਜੀ...' ਚੌਂਕੀਦਾਰ ਨੇ ਸਿਪਾਹੀ ਦੀ ਅਧੂਰੀ ਗੱਲ ਪੂਰੀ ਕਰਕੇ ਪੱਕਾ ਨਿਰਣਾ ਕਰ ਦਿੱਤਾ।

'ਐਸਾ ਕੇੜ੍ਹਾ ਮਤਾ ਉਹਦਾ... ਲੱਗ ਮੂਹਰੇ...!' ਥਾਣੇਦਾਰ ਉੱਥੋਂ ਸਿੱਧਾ ਹੀ ਆਪਣੇ ਹੱਥ ਵਿੱਚ ਡੰਡਾ ਫੜ ਕੇ ਉਹਦੇ ਘਰ ਵੱਲ ਚੱਲ ਪਿਆ। ਅੱਗੇ ਅੱਗੇ ਚੌਂਕੀਦਾਰ ਸੀ, ਜੋ ਹੱਥ ਦੇ ਇਸ਼ਾਰੇ ਕਰਦਾ ਤੇ ਨਾਲ਼ੇ ਬੋਲਦਾ, 'ਐਧਰ ਆਜੋ ਜਨਾਬ... ਐਧਰ...'

ਥਾਣੇਦਾਰ ਦਾ ਜਦੋਂ ਠੇਡਾ ਵੱਜਦਾ ਜਾਂ ਉੱਚੇ ਨੀਵੇ ਥਾਂ ਪੈਰ ਵੱਜਦਾ ਤਾਂ ਸਿਰ 'ਤੇ ਲਈ ਟੋਪੀ ਖਿਸਕ ਕੇ ਮੱਥੇ ਤੀਕ ਆ ਜਾਂਦੀ। ਅੱਖਾਂ ਉੱਤੇ ਆ ਜਾਂਦੀ। ਸਾਰਾ ਪਿੰਡ ਕਿਸੇ ਅਣਹੋਣੀ ਵਿੱਚ ਤਮਾਸ਼ਬੀਨ ਬਣ ਕੇ ਪਿੱਛੇ ਪਿੱਛੇ ਤੁਰਦਾ ਰਿਹਾ।

ਆਪਣੇ ਡੰਡੇ ਨੂੰ ਤਖ਼ਤਿਆਂ ਨਾਲ਼ ਠੋਕਰ ਕੇ ਖੜਕਾਉਂਦਿਆਂ, 'ਹਾਂ ਬੜੀ ਚਰਬੀ ਏ...'

ਚੜ੍ਹਤ ਸਿੰਘ ਅੰਬ ਥੱਲੇ ਬਣੀ ਮਟੀ ਪੋਚ ਕੇ ਖੜ੍ਹਾ ਹੋ ਗਿਆ ਸੀ ਤੇ ਬਾਲਟੀ ਦੇ ਪਾਣੀ ਵਿੱਚ ਹੱਥ ਘਚੋਲ ਕੇ ਉਹਨਾਂ ਨੂੰ ਕੁੜਤੇ ਦੇ ਪੱਲੇ ਨਾਲ਼ ਪੂੰਝਣ ਲੱਗ ਪਿਆ। ਰਾਣੀ ਨੇ ਸਾਰੇ ਪਿੰਡ ਨਾਲ਼ ਪੁਲੀਸ ਨੂੰ ਘਰ ਦੇ ਵਿਹੜੇ ਵਿੱਚ ਆਇਆ ਖੜ੍ਹਿਆ ਵੇਖ ਕੇ ਰੱਬ ਅੱਗੇ ਮਨ ਹੀ ਮਨ ਖ਼ੈਰ ਮੰਗਣ ਲਈ, ਸਵਾਤ ਵਿੱਚ ਲੱਗੀ ਬਾਬੇ ਦੀ ਤਸਵੀਰ ਵੱਲ ਵੇਖਿਆ ਤਾਂ ਉਹਨੇ ਰੋਕਿਆ, 'ਧੀਏ... ਐਵੇਂ ਨਾ ਰੱਬ ਨੂੰ ਕੋਈ ਖੇਚਲ ਦੇਵੀਂ, ਮੈਂ ਆਪੇ ਈ ਨਜਿੱਠ-ਲੂੰਗਾ... ਕਿਸੇ ਹੋਰ ਮਾਤੜ ਬੰਦੇ ਦਾ ਕੰਮ ਸਵਾਰਦਾ ਹੋਇਆ ਰੱਬ ਵਿੱਚੇ ਈ ਛੱਡ ਕੇ ਨਾ ਐਨੂੰ ਤੁਰ ਪੇ...'

ਉਹਦੀ ਨਜ਼ਰ ਕੰਧ ਉੱਤੋਂ ਦੀ ਏਧਰ ਝਾਕਦੇ ਜੋਗੀ 'ਤੇ ਗਈ।

ਜੋਗੀ ਨੇ ਸਕੂਟਰ ਨੂੰ ਲਵਾਏ ਰਾਣੀ ਦੀ ਪਸੰਦ ਦੇ ਹਾਰਨ ਵਜਾ ਦਿੱਤੇ ਸੀ।

ਥਾਣੇਦਾਰ ਨੇ ਆਪਣੀ ਵਰਦੀ ਦਾ ਰੋਅਬ ਝਾੜਦਿਆਂ, 'ਕਿਉਂ ਓਏ ਬੋਲਦਾ ਨੀਂ ਹੁਣ...'

'ਜਨਾਬ ਇੱਜ਼ਤ ਨਾਉਂ ਦੀ ਵੀ ਕੋਈ ਸ਼ੈਅ ਬਣਾਈ ਏ... ਹੁੰਦੀ ਏ, ਨਾਲ਼ੇ ਜੇ ਸਾਡੇ ਅਰਗੇ ਬੰਦਿਆਂ ਨੂੰ ਦੇਂਦਿਆ ਕਰੋਂਗੇ ਕੀ ਘਸਦਾ ਸੋਡਾ, ਸੋਡੇ ਅਰਗਾ ਅਫ਼ਸਰ ਮਾਤੜ ਬੰਦੇ ਨੂੰ ਸਾਸਰੀ ਕਾਲ ਬੁਲਾਦੇ ਤਾਂ ਦੋ ਦਿਨ ਉਈਂ ਨੀ ਭੁੱਖ

ਲੱਗਦੀ, ਪੈਰਾਂ 'ਚ ਖੜ੍ਹ ਕੇ ਤਾਂ ਭਾਵੇਂ ਹੱਥੀਂ ਮਾਰੇ ਰਾਵਨ ਤੋਂ ਵੀ ਕੁੱਲ ਜਹਾਨ ਦੇ ਭੇਤ ਲੈ-ਲੋ, ਪਰ ਸਿਰ ਚੜ੍ਹ ਕੇ ਜੱਟ ਦੇ ਕੱਖ ਨੀ ਲੱਭਣਾ...!' ਚੜ੍ਹਤ ਸਿੰਘ ਦਾ ਤੌਰ ਬਦਲਿਆ ਪਿਆ ਸੀ।

'ਮੈਂ ਸੁਨੇਹਾ ਦਿੱਤਾ ਤੂੰ ਪਹਿਲਾਂ ਆਇਆ ਨਹੀਂ... ਬਈ ਕੋਈ ਜ਼ਰੂਰੀ ਕੰਮ ਐ'

'ਸੋਡੀ ਗੱਲ ਵਿੱਚੇ ਐ... ਮੈਂ ਸੋਚਿਆ ਬਈ ਜੇ ਜ਼ਰੂਰੀ ਕੰਮ ਹੁੰਦਾ ਤਾਂ ਜਨਾਬ ਆਪ ਐਥੇ ਪਧਾਰਦੇ, ਕੇੜ੍ਹਾ ਘੁੰਢ ਕੱਢਣਾ ਸੀਗਾ, ਉੱਧਰ ਹਵੇਲੀ ਵੰਨੀ ਜਾ ਕੇ ਥੋੜ੍ਹਾ ਬਹਿੰਦੇ...'

'ਚਾਚਾ ਜੀ ਕੀ ਹੋ ਗਿਆ ਕਸਰ ਤਾਂ ਨਹੀਂ ਹੋਗੀ ਤੈਨੂੰ'

'ਕਸਰ ਹੋਈ ਨੀ ਕਸਰ ਤਾਂ ਕੱਢਣੀ ਐ, ਪਤਾ ਨੀ ਰਾਤੀਂ ਮੇਰੇ ਅੰਦਰ ਕੀ ਜਾਗ ਪਿਆ... ਜੀਅ ਕਰਦਾ ਕਿਸੇ ਪਾਪੀ ਦੀ ਹਿੱਕ 'ਤੇ ਚੜ੍ਹ ਕੇ ਨੱਚਾਂ ਗੁਰੂ ਗੋਬਿੰਦ ਜੀ ਦੇ ਤੀਰਾਂ ਨਾਲ਼ ਮੈਂ ਸਾਰੇ ਢੂੰਡਦਿਆਂ... ਬਾਜ ਨੂੰ ਮਾਸ ਖਵਾ ਦੇਆਂ ਪਰ ਗੁਰੂ ਸਾਬ ਦਾ ਬਾਜ ਐ, ਉਹਨੇ ਵੀ ਸੋਡੀ ਦੇਹੀ ਨੂੰ ਮੂੰਹ ਨੀ ਲਾਉਣਾ, ਸੋਡੇ ਹੱਡ ਐਂ ਈ ਰੋਲ੍ਹਣੇ ਐਂ...' ਚੜ੍ਹਤ ਸਿੰਘ ਦਾ ਬੋਲਦੇ-ਬੋਲਦੇ ਦਾ ਸੰਘ ਸੁੱਕ ਗਿਆ ਤਾਂ ਉਹਨੇ ਕੰਧੋਲੀ 'ਤੇ ਪਏ ਕੁੱਜੇ ਵਿੱਚੋਂ ਪਾਣੀ ਦੀ ਗੜਵੀ ਭਰ ਕੇ, ਮੂੰਹ ਉੱਪਰ ਕਰ ਕੇ, ਧਾਰ ਬੰਨ੍ਹ ਕੇ ਅੰਦਰ ਢਕਾਰ ਲਿਆ।

'ਹੋਸ਼ ਕਰ ਡਰ ਨੀ ਲੱਗਦਾ ਤੈਨੂੰ...'

'ਆਹ ਜੇੜ੍ਹਾ ਪਿੰਡ ਤੁਸੀਂ ਕੰਧਾੜੇ ਚੱਕੀ ਫਿਰਦੇ ਉਂ, ਡਰਦੇ ਤਾਂ ਏਹ ਵੀ ਨਹੀਂ, ਮੈਂ ਤਾਂ ਨਾ ਜੀ ਡਰਦਾ, ਮੇਰੇ ਵੰਡੇ ਦਾ ਕੋਈ ਹੋਰ ਡਰਾ ਲਿਆ ਜੇ, ਭੁੱਖ ਨੰਗ ਬਲਾਅ ਈ ਐਸੀ ਐ, ਸਾਰੇ ਡਰ ਚੱਕ ਦਿੰਦੀ ਐ ਜੀ, ਗਵਾਉਣ ਨੂੰ ਭੁੱਗੇ 'ਚ ਕੁਸ ਹੈਨੀ, ਮੰਗ ਕੇ ਆਪਾਂ ਰੱਬ ਤੋਂ ਵੀ ਰਾਜ਼ੀ ਨੀ... ਕੀ ਕਰੀਏ... ਹੁਣ ਦੱਸੋ ਅੱਗੇ ਕੀ ਸਮਾਚਾਰ ਚੱਕੀ ਫਿਰਦੇ ਉਂ...'

ਉਹਦੀਆਂ ਇਹ ਗੱਲਾਂ ਸੁਣ ਕੇ ਸਾਰਿਆਂ ਦੇ ਅਸਾਉਣ ਮਾਰੇ ਗਏ।

ਥਾਣੇਦਾਰ ਨੇ ਵੀ ਆਪਣੇ ਦਿਮਾਗ਼ ਤੋਂ ਕੰਮ ਲਿਆ ਕਿ ਇਹਦੇ ਨਾਲ਼ ਬਹਿਸ ਵਿੱਚ ਪੈਣ ਦੀ ਬਹੁਤੀ ਜ਼ਰੂਰਤ ਨਹੀਂ। ਇਹਦੇ ਤੋਂ ਪਿੰਡ ਦੇ ਬੰਦੇ ਵਿਖਾਉਣੇ ਐਂ, ਜੇਕਰ ਕੋਈ ਇਹਨਾਂ ਵਿੱਚੋਂ ਹੋਇਆ ਤਾਂ... ਵਡਿਆ ਕੇ ਪੁੱਛ ਲੈਣੇ ਆਂ...!

'ਬਾਬਾ ਜੀ, ਇਹ ਪਿੰਡ ਦੇ ਬੰਦਿਆਂ ਨੂੰ ਕੱਲਾ-ਕੱਲਾ ਕਰਕੇ ਸੋਡੀ ਅੱਖ ਅੱਗੋਂ ਦੀ ਕੱਢਣਾ, ਜੇ ਕੋਈ ਬੰਦਾ ਰਾਤ ਆਲ਼ਾ ਹੋਇਆ ਤਾਂ ਬੁੱਝ ਕੇ ਦੱਸੋ... ਫੇਰ ਉਹਨਾਂ ਤੇ ਕਾਨੂੰਨਣ ਬਣਦੀ ਕਾਰਵਾਈ ਕਰਾਂਗੇ... ਬਣਾਓ ਬੀ ਲੈਨ... ਐਥੇ ਈ ਕੰਮ ਨਬੇੜੋ ਸਾਰਾ... ਸਰਕਾਰ ਨੇ ਤੈਨੂੰ ਇਨਾਮ ਵੀ ਦੇਣਾ...!'

ਚੜ੍ਹਤ ਸਿੰਘ ਆਪਣੇ ਘਰ ਦੇ ਬੂਹੇ ਵਿੱਚ ਦੋਵਾਂ ਚੁਗਾਠਾਂ ਨੂੰ ਹੱਥ ਪਾ ਕੇ ਕਾਂਟਾ ਬਣ ਕੇ ਖੜ੍ਹ ਗਿਆ। ਸਾਰੇ ਪਿੰਡ ਦੇ ਬੰਦੇ ਵਾਰੋ ਵਾਰੀ ਉਹਦੇ ਮੂੰਹ ਵੱਲ ਵੇਖ ਕੇ ਅੱਗੇ ਲੰਘਦੇ। ਭੂੰਚਰੇ ਤੇ ਸ਼ੇਰੇ ਨੂੰ ਲਾਇਨ ਵਿੱਚ ਲੱਗੇ ਨੂੰ ਕਾਬਾਂ ਛਿੜ ਗਿਆ।

ਸਾਰੇ ਬੰਦੇ ਇੱਕ-ਇੱਕ ਕਰਕੇ ਲੰਘ ਗਏ।

'ਹੈ ਕੋਈ ਏਨ੍ਹਾਂ ਚੋਂ...'

'ਹੂੰਅ, ਨਹੀਂ ਮੇਰੀ ਅੱਖ ਧੋਖਾ ਨਹੀਂ ਖਾ ਸਕਦੀ, ਏਨ੍ਹਾਂ ਚੋਂ ਕੋਈ ਨਹੀਂ...' ਚੜ੍ਹਤ ਸਿੰਘ ਨੇ ਆਪਣੇ ਸਿਰ ਨੂੰ ਨਾਂਹ ਵਿੱਚ ਤਿੰਨ ਚਾਰ ਵਾਰ ਫੇਰਿਆ।

'ਪੱਕਾ ਨਾ, ਕਿਤੇ ਐਵੇਂ ਡਰਦਾ ਤਾਂ ਨੀ...।'

'ਆਹ ਡਰ ਦੀ ਸੁਣ-ਲੋ... ਆਹ ਲੁੱਟਾ-ਖੋਹੀ 'ਚ ਲੋਕਾਂ ਦਾ ਸਮਾਨ ਚੁੱਕਿਆ ਗਿਆ ਜੀ, ਕਿਸੇ ਦਾ ਕੁਝ ਚੱਕਿਆ ਗਿਆ... ਕਿਸੇ ਦਾ ਕੁਸ਼ ਚੱਕਿਆ ਗਿਆ..., ਮੇਰਾ ਤਾਂ ਜੀ ਕੱਲਾ ਡਰ ਈ ਚੱਕਿਆ ਗਿਆ, ਨਾਲ਼ੇ ਸਾਡੀ ਜੜੀ ਦਾ ਸੋਨੂੰ ਨਹੀਂ ਪਤਾ, ਅਸੀਂ ਤਾਂ ਡਾਂਗ ਨਾਲ਼ ਰਫਲਾਂ ਆਲ਼ੇ ਵੀ ਘੇਰ ਲੈਨੇ ਆਂ' ਉਹਨੇ ਫਿਰ ਚੜਦੀ ਕਲਾ ਵਿੱਚ ਜੈਕਾਰਾ ਛੱਡ ਦਿੱਤਾ, 'ਬੋਲੇ ਈ ਸੋਹਣੇ... ਕਾਹਨੂੰ ਛੱਡੋ ਜੀ, ਸੋਡੇ 'ਚ ਏਨਾ ਤੰਤ ਕਿੱਥੇ ਐ ਕਿ ਬੋਲੇ ਸੋਹਣੇ ਹਾਲ ਦੇ ਜੈਕਾਰੇ ਦਾ ਮੁੱਲ ਤਾਰਲੋਂ, ਸੋਡੀ ਤਾਂ ਸਾਸਰੀ ਕਾਲ ਈ ਹੋਈ ਪਈ ਐ...'

ਥਾਣੇਦਾਰ ਆਪਣੇ ਸਿਪਾਹੀਆਂ ਨਾਲ਼ ਹਵੇਲੀ ਅੱਗੇ ਖੜ੍ਹੀ ਜੀਪ ਵੱਲ ਤੁਰ ਗਿਆ। ਸਾਰਾ ਪਿੰਡ ਵੀ ਖਿੰਡ ਗਿਆ। ਪਰ ਸ਼ੇਰਾ ਤੇ ਭੂੰਚਰਾ ਦੋਵੇਂ ਜਣੇ ਗਲ਼ੀ ਵਿੱਚੋਂ ਤੁਰਦੇ ਹੋਏ ਚੜ੍ਹਤ ਸਿੰਘ ਕੋਲ਼ ਜਾ ਕੇ ਖੜ੍ਹ ਗਏ। ਆਪਣੇ ਮੂੰਹਾਂ ਤੋਂ ਲੋਈਆਂ ਦੇ ਮੜਾਸੇ ਲਾਹ ਦਿੱਤੇ।

ਭੂੰਚਰੇ ਨੇ ਨਿਮਕੀ ਨਾਲ਼ ਆਪਣੇ ਪਿੰਡੇ ਦੇ ਲੂੰਆਂ ਨੂੰ ਚੜ੍ਹੀ ਤੇਸ਼ ਨੂੰ ਬੋਚਦਿਆਂ, 'ਚਾਚਾ ਜਿਵੇਂ ਮਰਜ਼ੀ ਐ, ਪਰ ਤੂੰ ਰਾਤੀਂ ਝੂਠ ਬੋਲ਼ਿਆ ਕਿ ਤੇਰੇ ਕੋਲ਼ ਇੱਕੀ ਰੌਂਦ ਐ... ਪਰ ਸੀ ਤਾਂ ਇੱਕ ਈ...'

'ਸੋਨੂੰ ਭੁਲੇਖਾ, ਮੈਂ ਤਾਂ ਇੱਕ-ਈ ਰੌਂਦ ਕਿਹਾ ਸੀਗਾ, ਲੱਗਦਾ ਸੋਨੂੰ ਡਰਿਆਂ ਨੂੰ ਇੱਕੀ ਸੁਣ ਗਿਆ, ਲਾਲਚੀ ਬੰਦੇ ਦਾ ਕੋਈ ਵਸਾਹ ਨੀ, ਉਹਨੂੰ ਇੱਕ ਵੀ ਇੱਕੀ ਸੁਣਦਾ...'

ਭੂੰਚਰੇ ਨੇ, ਜਿਵੇਂ ਬੱਚੇ ਸਕੂਲ ਵਿੱਚ ਪਹਾੜੇ ਮੂੰਹ ਵਿੱਚ ਬੋਲ ਕੇ ਚੇਤੇ ਕਰਦੇ ਹੁੰਦੇ ਹਨ, ਉਵੇਂ ਹੀ ਉਹਨਾਂ ਨੇ ਬੋਲ ਕੇ ਵੇਖਿਆ, 'ਇੱਕ-ਈ... ਇੱਕੀ...' ਆਪਣੀ ਬੇਵਕੂਫ਼ੀ 'ਤੇ ਦੋਵੇਂ ਸ਼ਰਮਿੰਦਾ ਹੋ ਗਏ, ਜੇ ਸਾਰੀ ਗੱਲ ਸਹੀ ਸੁਣ ਲੈਂਦੇ ਤਾਂ ਸ਼ਾਇਦ ਉਹ ਬੈਂਕ ਲੁੱਟ ਕੇ ਹੀ ਘਰ ਮੁੜਦੇ।

'ਪਰ ਤੂੰ ਪਛਾਣਿਆਂ ਕਿਉਂ ਨਹੀਂ ਸਾਨੂੰ...' ਸ਼ੇਰਾ ਦੋ ਪੁਲਾਘਾਂ ਅੱਗੇ ਚੱਲ ਕੇ ਕਿਸੇ ਵੱਡੇ ਭੇਦ ਨੂੰ ਜਾਣਨ ਦੀ ਰੀਝ ਰੱਖੀ ਬੈਠਾ ਸੀ।

'ਥਾਣੇਦਾਰ ਨੇ ਕਿਹਾ ਸੀ ਗੁਨਾਹਗਾਰ ਪਛਾਣੋ... ਪਰ ਜੇੜ੍ਹਾ ਗੁਨਾਹ ਸੋਡੇ ਤੋਂ ਹੋਇਆ ਹੀ ਨਹੀਂ, ਫੇਰ ਤੁਸੀਂ ਮੁਰਜਮ ਕਿਵੇਂ ਹੋਏ... ਬੇਗੁਨਾਹ ਨੂੰ ਸਜ਼ਾ ਦਵਾਉਣਾ ਈਮਾਨ ਦੀ ਮੌਤ ਹੁੰਦੀ ਐ...'

ਉਹਨੇ ਤਾੜੀ ਮਾਰੀ ਤੇ ਅੰਬ 'ਤੇ ਬੈਠੇ ਪੰਛੀ ਹਵਾ ਵਿੱਚ ਉਡਾਰੀ ਮਾਰ ਗਏ।

ਸਮਾਪਤ ਸਮਾਂ :
06:14 ਸ਼ਾਮ ਦੇ

31 ਅਗਸਤ 2023
ਗੁਰਪ੍ਰੀਤ ਸਹਿਜੀ
